RNI No. - PUNPUN/2022/82997
ISSN : 2584-1211

# ਆਪਣੀ ਆਵਾਜ਼

# अपनी आवाज़

# APNI AAWAAZ


| Vol. 5 | Issue 1 | January 2026 | Punjabi Monthly | Published at Jalandhar | Price : Your Love & Affection | Page : 68 |
|---|---|---|---|---|---|---|
| ਸਾਲ 5 | ਅੰਕ 1 | ਜਨਵਰੀ 2026 | ਪੰਜਾਬੀ ਮਾਸਿਕ | ਜਲੰਧਰ ਤੋਂ ਪ੍ਰਕਾਸ਼ਿਤ | ਕੀਮਤ : ਤੁਹਾਡਾ ਪਿਆਰ | ਸਫ਼ੇ 68 |





ਫੋਟੋ : ਮਾਲਾ ਅਗਰਵਾਲ ਮਾਧਵੀ

| ਸਾਲ 5 | Vol. 5 | ਅੰਕ 1 | Issue 1 | ਮਾਸਿਕ | Monthly | ਜਨਵਰੀ 2026 | January 2026 |
|---|---|---|---|---|---|---|---|

# Apni Aawaaz

Punjabi Monthly

**Editorial Board**

**Chief Editor**

Surinder Singh Sunner
693-GTB Nagar, Jalandhar Punjab
e-mail : ssunner@gmail.com

**Editor :**

Dr. Ram Murti
Village Mallian Khurd,
Tehsil Nakodar (144623)
e-mail : rammurti2014@gmail.com

**Members :**

Sant Sandhu
Surinder Khiwa
Baljit Singh Sangha

**Advisory Board :**

Prof. Harjit Singh Ashak (U.K.)
Principal Kulwinder Singh Sarai
Prof. Kulwant Aujla
Amarjit Kaur Sidhu

**Contact :**

+9194174-49665
+9198725-21575
Email : apniaawaazjal@gmail.com
Website : aapniawaaz.com

## ਇਸ ਅੰਕ ਵਿੱਚ

1. ਸੰਪਾਦਕੀ – ਡਾ. ਰਾਮ ਮੂਰਤੀ 3
2. ਪੰਜਾਬੀ ਸੁਰਿੰਦਰ ਸਿੰਘ ਸੁੰਨੜ 4
3. ਪੁਤਿਨ ਦਾ ਭਾਰਤ ਦੌਰਾ 2025 – ਗਲੋਬਲ ਪਾਵਰ ਸਮੀਕਰਨਾਂ ਦੇ ਕੇਂਦਰ ਵਿੱਚ ਇੱਕ ਨਵੀਂ ਭਾਰਤ-ਰੂਸ ਭਾਈਵਾਲੀ ਕਿਸ਼ਨ ਸਨਮੁੱਖਦਾਸ ਭਾਵਨਾਨੀ 5
4. ਜੰਗ ਚਮਕੌਰ ਦੇ ਲਾਸਾਨੀ ਸ਼ਹੀਦ ਬਾਬਾ ਸੰਗਤ ਸਿੰਘ ਜੀ ਚੇਤਨ ਸਿੰਘ 9
5. ਆਖਿਰ ਧੀਆਂ ਨਾਲ ਧਰੋਹ ਕਦੋਂ ਤੱਕ ? ਸੰਜੀਵ ਸਿੰਘ ਸੈਣੀ 11
6. ਸੰਨੀ ਧਾਲੀਵਾਲ ਦੀ ਕਾਵਿ-ਸੰਵੇਦਨਾ ਪ੍ਰੋ. ਸੁਹਿੰਦਰਬੀਰ ਸਿੰਘ 13
7. ਸੰਮਾਂ ਵਾਲੀ ਡਾਂਗ (ਕਹਾਣੀ) ਡਾ. ਰਾਮ ਮੂਰਤੀ 17
8. ਆਪਾਂ ਕਿਹੜੇ ਕਿਰਸਾਨ ਹਾਂ (ਕਹਾਣੀ) ਦੀਨਾ ਨਾਥ ਚਮਦਲ 21
9. ਮਨੁੱਖੀ ਜ਼ਿੰਦਗੀ ਦੇ ਅਣਗਿਣਤ ਚਿਹਰਿਆਂ ਦੀ ਅਸਲ ਤਸਵੀਰ : 'ਰਿਸ਼ਤਿਆਂ ਦੀ ਜ਼ਮੀਨ' ਡਾ. ਨਾਇਬ ਸਿੰਘ ਮੰਡੇਰ 24
10. ਸਵਰਾਜਬੀਰ ਰਚਿਤ ਨਾਟਕ "ਮੇਦਨੀ" 'ਚ ਪੇਸ਼ ਨਾਰੀ-ਚੇਤਨਾ ਦੇ ਸੰਦਰਭ ਵਿਚ ਡਾ. ਕੁਲਵਿੰਦਰ ਕੌਰ 27
11. ਭਾ ਜੀ ਥੋੜ੍ਹੀ ਦੇਰ ਹੋਰ ਠਹਿਰ ਜਾ ਮੁਨੀਸ਼ ਤਾਲਿਬ 37
12. ਉੱਘੇ ਲੇਖਕ ਡਾ. ਗੁਰਬਖ਼ਸ਼ ਸਿੰਘ ਭੰਡਾਲ ਦੀ ਪੁਸਤਕ 'ਦਾ ਇਮੋਸ਼ਨਜ਼' ਲੋਕ ਅਰਪਣ (ਰਿਪੋਰਟ) 49
13. ਕਵਿਤਾ / ਦੋ ਕਵਿਤਾਵਾਂ ਜਗਜੀਤ ਕੌਰ/ਜਸਵਿੰਦਰ 50
14. ਹਰਪ੍ਰੀਤ ਪੱਤੋਂ ਦੀਆਂ ਦੋ ਕਵਿਤਾਵਾਂ ਹਰਪ੍ਰੀਤ ਪੱਤੋ 51
15. ਇਕ ਲੱਪ ਯਾਦਾਂ ਦੀ ਭੁਪਿੰਦਰ ਉਸਤਾਦ 52
16. ਭਾਰਤੀ ਭਾਸ਼ਾਵਾਂ ਦੀਆਂ ਮਿੰਨੀ ਕਹਾਣੀਆਂ ਜਗਦੀਸ਼ ਰਾਏ ਕੁਲਰੀਆ 55
17. ਬਾਬਾ ਬੁੱਲ੍ਹਿਆ / ਗ਼ਜ਼ਲ ਲਖਵਿੰਦਰ ਸਿੰਘ /ਜਗਦੀਸ਼ 59
18. ਇਕ ਹੋਰ ਜ਼ਖ਼ਮ ਗੁਰਨਾਮ ਬਾਵਾ 60
19. ਜੋਰਜ਼ ਸਟੀਫਨਸਨ – ਰੇਲਵੇ ਦਾ ਮੋਢੀ ਡਾ. ਹਰੀਸ਼ ਮਲਹੋਤਰਾ 61
20. ਪੈੜ ਜਗੀਰੋ ਦੀ ਸੰਤ ਸਿੰਘ ਸੰਧੂ 66

ਸੰਪਾਦਕ ਦਾ ਲੇਖਕ ਦੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਕਾਨੂੰਨੀ ਕਾਰਵਾਈ ਜਲੰਧਰ ਅਦਾਲਤ 'ਚ ਹੋਵੇਗੀ।

## ਆਪਣੀ ਆਵਾਜ਼

693-ਗੁਰੂ ਤੇਗ ਬਹਾਦਰ ਨਗਰ,
ਜਲੰਧਰ, ਪੰਜਾਬ-144001

## APNI AAWAAZ

693 - Guru Teg Bahadur Nagar,
Jalandhar, Punjab-144001

ਇਸ ਮੈਗਜ਼ੀਨ ਦੇ ਸਾਰੇ ਕਾਮੇ ਆਨਰੇਰੀ ਹਨ



# ਪੰਜਾਬੀਆਂ ਦੇ ਨੈਤਿਕ ਨਿਘਾਰ ਦਾ ਮਸਲਾ

ਅੱਜ ਕੱਲ ਪੰਜਾਬ ਵਿੱਚ ਜਿਸ ਕਿਸਮ ਦੀਆਂ ਵਹਿਸ਼ਿਆਨਾ ਘਟਨਾਵਾਂ ਵਾਪਰ ਰਹੀਆਂ ਹਨ ਉਹਨਾਂ ਨੂੰ ਵੇਖ ਸੁਣ ਕੇ ਹਰ ਇੱਕ ਸੰਵੇਦਨਸ਼ੀਲ ਮਨੁੱਖ ਦਾ ਦੁਖੀ ਹੋਣਾ ਕੁਦਰਤੀ ਹੈ। ਅੱਜ ਕੱਲ ਲੁੱਟ-ਖੋਹ, ਕਤਲੋਗਾਰਤ, ਲੜਾਈਆਂ-ਝਗੜੇ, ਪਰਿਵਾਰਿਕ ਕਾਟੋ-ਕਲੇਸ਼ ਦੀਆਂ ਘਟਨਾਵਾਂ ਦਿਨ ਪ੍ਰਤੀ ਦਿਨ ਜ਼ੋਰ ਫੜ ਰਹੀਆਂ ਹਨ। ਕਿਧਰੇ ਕੋਈ ਨਵ-ਵਿਆਹੁਤਾ ਪਤਨੀ ਆਪਣੇ ਪਤੀ ਨੂੰ ਹਨੀਮੂਨ ਬਹਾਨੇ ਪਹਾੜਾਂ ਵਿੱਚ ਲਿਜਾ ਕੇ ਆਪਣੇ ਯਾਰਾਂ ਹੱਥੋਂ ਕਤਲ ਕਰਵਾ ਦਿੰਦੀ ਹੈ, ਕਿਧਰੇ ਇਸ਼ਕ ਵਿੱਚ ਅੰਨੀ ਹੋਈ ਕੋਈ ਵਿਆਹੁਤਾ ਆਪਣੇ ਪਤੀ ਨੂੰ ਘਰ ਵਿੱਚ ਹੀ ਆਪਣੇ ਗੈਰ-ਸਮਾਜੀ ਸੰਬੰਧਾਂ ਕਾਰਨ ਮਰਵਾ ਦਿੰਦੀ ਹੈ। ਕੋਈ ਆਪਣੇ ਪਤੀ ਨੂੰ ਟੋਟੇ ਟੋਟੇ ਕਰਵਾ ਕੇ ਡਰੰਮ ਵਿੱਚ ਪਵਾ ਦਿੰਦੀ ਹੈ, ਕੋਈ ਪਤੀ ਆਪਣੀ ਪਤਨੀ ਨੂੰ ਗੋਲੀਆਂ ਮਾਰ ਦਿੰਦਾ ਹੈ। ਇਸ ਤਰ੍ਹਾਂ ਦੀਆਂ ਖਤਰਨਾਕ ਘਟਨਾਵਾਂ ਪੰਜਾਬ ਦੇ ਚਿੱਤਰ ਪੱਟ ਤੇ ਦਿਨ ਪ੍ਰਤੀ ਦਿਨ ਉਭਰ ਕੇ ਸਾਹਮਣੇ ਆ ਰਹੀਆਂ ਹਨ। ਕੋਈ ਲੜਕੀ ਕਨੇਡਾ ਵਿੱਚ ਜਾ ਕੇ ਆਪਣੇ ਵਿਆਹ ਸਬੰਧਾਂ ਤੋਂ ਮੁਕਰ ਜਾਂਦੀ ਹੈ ਅਤੇ ਕੋਈ ਏਅਰਪੋਰਟ ਤੋਂ ਹੀ ਲਾਪਤਾ ਹੋ ਜਾਂਦੀ ਹੈ। ਇਸ ਤਰ੍ਹਾਂ ਦੇ ਨੈਤਿਕ ਨਿਘਾਰ ਦੀਆਂ ਖਬਰਾਂ ਅਕਸਰ ਪੜ੍ਹਨ ਸੁਣਨ ਨੂੰ ਮਿਲਦੀਆਂ ਹਨ। ਬੰਦਾ ਮਾਰਨਾ ਜਿਵੇਂ ਅੱਜ ਦੇ ਦੌਰ ਵਿੱਚ ਇੱਕ ਮਜ਼ਾਕ ਹੀ ਬਣ ਗਿਆ ਹੈ। ਪੰਜਾਬ ਦੀਆਂ ਬੌਧਿਕ ਤੇ ਸੰਵੇਦਨਸ਼ੀਲ ਧਿਰਾਂ ਨੂੰ ਇਹਨਾਂ ਘਟਨਾਵਾਂ ਸਬੰਧੀ ਬੜੀ ਸੰਜੀਦਗੀ ਨਾਲ ਸੋਚਣ ਵਿਚਾਰਨ ਦੀ ਜ਼ਰੂਰਤ ਹੈ ਅਤੇ ਅਜਿਹੀਆਂ ਘਟਨਾਵਾਂ ਦੇ ਕਾਰਨਾਂ ਉੱਪਰ ਵੀ ਨਜ਼ਰਸਾਨੀ ਕਰਨ ਦੀ ਜਰੂਰਤ ਹੈ। ਜਿੱਥੇ ਅਮਨ ਕਾਨੂੰਨ ਦੇ ਵਿਵਸਥਾ ਨੂੰ ਬਣਾਈ ਰੱਖਣਾ ਸਰਕਾਰ ਦੀ ਪਹਿਲੀ ਜਿੰਮੇਵਾਰੀ ਬਣਦੀ ਹੈ ਉਥੇ ਨਾਲ ਦੀ ਨਾਲ ਪੰਜਾਬ ਦੇ ਬੌਧਿਕ ਵਰਗ ਨੂੰ ਵੀ ਚਾਹੀਦਾ ਹੈ ਕਿ ਉਹ ਆਪਣੀਆਂ ਲਿਖਤਾਂ ਰਾਹੀਂ ਨੈਤਿਕ ਕਦਰਾਂ ਕੀਮਤਾਂ ਦੀ ਬਹਾਲੀ ਲਈ ਯਤਨ ਕਰਨ। ਪੰਜਾਬ ਦੇ ਇਸ ਨੈਤਿਕ ਪਤਨ ਦਾ ਕਾਰਨ ਜੋ ਮੈਂ ਸਮਝਦਾ ਹਾਂ ਉਹ ਹੈ ਲੋਕਾਂ ਦਾ ਆਪਣੀਆਂ ਵਿਰਾਸਤੀ ਕਦਰਾਂ ਕੀਮਤਾਂ ਤੋਂ ਟੁੱਟ ਜਾਣਾ, ਆਪਣੀ ਸੱਭਿਆਚਾਰਕ ਰਹਿਤਲ ਨੂੰ ਤਿਆਗ ਦੇਣਾ ਤੇ ਲੋਭ ਲਾਲਚ ਨੂੰ ਮੁੱਖ ਰੱਖ ਕੇ ਰਿਸ਼ਤਿਆਂ ਦੀ ਸਥਾਪਤੀ ਕਰਨਾ। ਪੰਜਾਬ ਦੇ ਧਾਰਮਿਕ ਲੋਕਾਂ ਲਈ ਵੀ ਇਹ ਸੋਚਣ ਵਿਚਾਰਨ ਦੀ ਘੜੀ ਹੈ ਕਿ ਉਹਨਾਂ ਦੁਆਰਾ ਦਿਨ ਰਾਤ ਕੀਤੇ ਜਾਂਦੇ ਧਾਰਮਿਕ ਉਪਦੇਸ਼ਾਂ, ਸਤਸੰਗਾਂ, ਕੀਰਤਨ ਦਾ ਸਮਾਜ ਦੇ ਉੱਪਰ ਆਖਰ ਕਿੰਨਾ ਕੁ ਅਸਰ ਹੋ ਰਿਹਾ ਹੈ ? ਧਾਰਮਿਕ ਕਦਰਾਂ ਕੀਮਤਾਂ ਦੇ ਪ੍ਰਚਾਰ ਤੇ ਪਸਾਰ ਵਿੱਚ ਲੱਗੀਆਂ ਧਿਰਾਂ ਨੂੰ ਵੀ ਸੋਚਣਾ ਚਾਹੀਦਾ ਹੈ ਕਿ ਉਹ ਧਰਮ, ਗੁਰਬਾਣੀ ਅਤੇ ਸੂਫੀ ਸੰਤਾਂ ਦੇ ਉਪਦੇਸ਼ ਨੂੰ ਲੋਕਾਂ ਵਿੱਚ ਲਿਜਾਣ ਤੋਂ ਲਗਭਗ ਅਸਮਰੱਥ ਹੀ ਰਹੇ ਹਨ। ਵੱਡੇ ਵੱਡੇ ਲਾਊਡ ਸਪੀਕਰ ਲਗਾ ਕੇ ਜਗਰਾਤੇ ਕਰਨਾ, ਰੈਣ ਸਬਾਈ ਕੀਰਤਨ ਕਰਨਾ, ਧਾਰਮਿਕ ਦੀਵਾਨ ਸਜਾਉਣਾ ਇਹ ਧਾਰਮਿਕ ਗਤੀਵਿਧੀਆਂ ਵੀ ਕਿਤੇ ਨਾ ਕਿਤੇ ਲੋਕ ਦਿਖਾਵੇ ਦਾ ਸਾਧਨ ਹੀ ਬਣ ਕੇ ਰਹਿ ਗਈਆਂ ਹਨ। ਨਵੀਂ ਪੀਹੜੀ ਕੰਮ ਸੱਭਿਆਚਾਰ ਤੋਂ ਟੁੱਟਦੀ ਜਾ ਰਹੀ ਹੈ ਅਤੇ ਵਿਦੇਸ਼ਾਂ ਦੀ ਚਕਾਚੌਂਧ ਵਿੱਚ ਫਸ ਕੇ ਲਾਲਚ ਵੱਸ ਆਪਣਾ ਜੀਵਨ ਬਰਬਾਦ ਕਰ ਰਹੀ ਹੈ। ਬੱਚਿਆਂ ਦੇ ਪਾਲਨ ਪੋਸ਼ਣ ਅਤੇ ਪਰਿਵਾਰਿਕ ਮਾਹੌਲ ਵਿੱਚ ਵੀ ਬਹੁਤ ਵੱਡਾ ਵਿਗਾੜ ਕਿਤੇ ਨਾ ਕਿਤੇ ਜਰੂਰ ਆ ਗਿਆ ਹੈ ਜੋ ਅੱਜ ਦੇ ਨੌਜਵਾਨ ਮੁੰਡੇ ਕੁੜੀਆਂ ਨੈਤਿਕ ਕਦਰਾਂ ਕੀਮਤਾਂ ਦੇ ਪਾਲਣ ਕਰਨ ਤੋਂ ਮੁਨਕਰ ਹੋ ਰਹੇ ਹਨ। ਇਸ਼ਕ ਮੁਸ਼ਕ ਵਿੱਚ ਪੈ ਕੇ ਤੇ ਦਿਖਾਵੇ ਦੀ ਚਕਾ ਚੌਂਦ ਦਾ ਸ਼ਿਕਾਰ ਹੋ ਕੇ ਅੱਜ ਕਿਵੇਂ ਰਿਸ਼ਤਿਆਂ ਦੀ ਪਾਕ ਪਵਿੱਤਰਤਾ ਭੰਗ ਹੋ ਰਹੀ ਹੈ ਸਾਡੇ ਸਭ ਦੇ ਸਾਹਮਣੇ ਹੈ।

- ਡਾ. ਰਾਮ ਮੂਰਤੀ

# ਪੰਜਾਬੀ

ਦੁਨੀਆਂ ਦਾ ਸਭ ਤੋਂ ਪਹਿਲਾ ਲਿਖਤੀ ਗ੍ਰੰਥ ਰਿੱਗਵੇਦ ਪੰਜਾਬ ਵਿੱਚ ਪੰਜਾਬੀਆਂ ਨੇ ਲਿਖਿਆ। ਰਾਮ ਤੀਰਥ ਪੰਜਾਬ ਵਿੱਚ ਰਿਸ਼ੀ ਵਾਲਮੀਕ ਗੁਰਦੇਵ ਨੇ ਰਮਾਇਣ ਦੀ ਗਾਥਾ ਲਿਖੀ। ਗੀਤਾ ਕੁਰੂਕਸ਼ੇਤਰ ਵਿੱਚ ਰਚੀ ਗਈ ਜੋ ਕੁਰੂਕਸ਼ੇਤਰ 1966 ਤੱਕ ਪੰਜਾਬ ਸੀ। ਗੁਰੂ ਨਾਨਕ ਪਾਤਸ਼ਾਹ ਤੋਂ ਤਿੰਨ ਸਦੀਆਂ ਪਹਿਲਾਂ ਬਾਬਾ ਫ਼ਰੀਦ ਜੀ ਨੇ ਪੰਜਾਬੀ ਵਿੱਚ ਸਲੋਕ ਬਾਬਾ ਫ਼ਰੀਦ ਲਿਖੇ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਅੰਕਤ ਹਨ। ਬ੍ਹਾਰਵੀਂ ਤੇਰਵੀਂ ਸਦੀ ਵਿੱਚ ਠੇਠ ਪੰਜਾਬੀ ਵਿੱਚ ਲਿਖੇ ਬਾਬਾ ਫ਼ਰੀਦ ਜੀ ਦੇ ਸਲੋਕ ਇਸ ਗੱਲ ਦੀ ਗਵਾਹੀ ਦਿੰਦੇ ਹਨ ਕਿ ਬ੍ਹਾਰਵੀਂ ਤ੍ਹੇਰਵੀਂ ਸਦੀ ਦੇ ਵਿੱਚ ਪੰਜਾਬੀ ਕਵਿਤਾ ਕਿਸ ਸਿਖ਼ਰ ’ਤੇ ਸੀ। ਦੁਨੀਆ ਦੀ ਕਿਸੇ ਵੀ ਹੋਰ ਭਾਸ਼ਾ ਦੀ ਕੋਈ ਵੀ ਰਚਨਾ ਕੋਈ ਵੀ ਕਵਿਤਾ ਬਾਬਾ ਫ਼ਰੀਦ ਜੀ ਦੇ ਪੰਜਾਬੀ ਵਿੱਚ ਲਿਖੇ ਸਲੋਕਾਂ ਦੇ ਮਿਆਰ ਦੀ ਉਸ ਸਮੇਂ ਨਹੀਂ ਹੈ ਸੀ। ਮੱਧ ਕਾਲੀਨ ਵਿੱਚ ਲਿਖੀ ਗਈ ਭਗਤੀ ਲਹਿਰ ਦੀ ਕਵਿਤਾ ਦਾ ਅੱਜ ਤੱਕ ਵੀ ਕੋਈ ਮੁਕਾਬਲਾ ਨਹੀਂ ਮਿਲਦਾ। ਸੂਫ਼ੀ ਕਵਿਤਾ ਖ਼ਾਸ ਕਰ ਬਾਬਾ ਬੁੱਲ੍ਹੇ ਸ਼ਾਹ ਅਤੇ ਸ਼ਾਹ ਹੁਸੈਨ ਦਾ ਕਾਵਿਕ ਰੰਗ ਦੁਨੀਆਂ ਦੀ ਕਿਸੇ ਵੀ ਭਾਸ਼ਾ ਵਿੱਚ ਲਿਖੀ ਗਈ ਕਵਿਤਾ ਤੋਂ ਕਿਸੇ ਤਰ੍ਹਾਂ ਵੀ ਘੱਟ ਨਹੀਂ ਹੈ। ਸਿਰਫ ਤੇ ਸਿਰਫ਼ ਪੰਜਾਬੀ ਵਿੱਚ ਬੈਂਤ ਜੋ ਵਾਰਸ ਸ਼ਾਹ ਨੇ ਸ਼ੁਰੂ ਕੀਤੇ ਬੈਂਤ ਵਰਗੀ ਵੰਨਗੀ ਦੁਨੀਆ ਦੇ ਵਿੱਚ ਹੋਰ ਕਿਸੇ ਕਵਿਤਾ ਵਿੱਚ ਨਹੀਂ ਹੈ। ਵਾਰਿਸ ਦੀ ਹੀਰ ਗਾਉਣ ਲੱਗਿਆਂ ਜਿੰਨੀ ਉੱਚੀ ਪਿਚ ਤੱਕ ਹੇਕ ਲਾਈ ਜਾ ਸਕਦੀ ਹੈ ਉਨੀ ਉੱਚੀ ਹੇਕ ਦੁਨੀਆ ਦੀ ਕਿਸੇ ਵੀ ਹੋਰ ਕਵਿਤਾ ਦਾ ਗਾਇਨ ਕਰਨ ਲੱਗਿਆਂ ਨਹੀਂ ਲਾਈ ਜਾ ਸਕਦੀ। ਸੰਸਕ੍ਰਿਤ ਦੁਨੀਆ ਦੀ ਪਹਿਲੀ ਵਿਆਕਰਨ ਹੈ ਜੋ ਪੰਜਾਬੀ ਪਾਨਣੀ ਨੇ ਪੰਜਾਬ ਦੇ ਵਿੱਚ ਤਿਆਰ ਕੀਤੀ। ਦੇਵਨਾਗਰੀ ਅਤੇ ਸ਼ਾਹਮੁਖੀ ਵਿੱਚ ਪੰਜਾਬੀ ਲਿਖੀ ਜਾਂਦੀ ਸੀ। ਗੁਰੂ ਨਾਨਕ ਪਾਤਸ਼ਾਹ ਨੇ ਅਤੇ ਦੂਸਰੀ ਪਾਤਸ਼ਾਹੀ ਨੇ 1532 ਤੋਂ ਲੈ ਕੇ 1539 ਤੱਕ ਸੱਤ ਸਾਲ ਪੂਰੀ ਤਵੱਜੋ ਦੇ ਕੇ ਗੁਰਮੁਖੀ ਲਿੱਪੀ ਬਣਾਈ। ਇਸ ਦਾ ਇੱਕ ਬਹੁਤ ਵੱਡਾ ਕਾਰਨ ਸੀ ਕਿਉਂਕਿ ਜੇ ਪੋਥੀ ਦੇਵਨਾਗਰੀ ਵਿੱਚ ਹੁੰਦੀ ਤਾਂ ਵੇਦਾਂ ਵਾਂਗ ਉਸ ’ਤੇ ਵੀ ਕਬਜ਼ਾ ਹੋ ਜਾਣਾ ਸੀ ਤੇ ਜੇ ਸ਼ਾਹ ਮੁਖੀ ਵਿੱਚ ਉਹ ਜੋ ਪੋਥੀ ਭਗਤਾਂ ਦੀ ਬਾਣੀ ਤੇ ਗੁਰੂ ਨਾਨਕ ਪਾਤਸ਼ਾਹ ਦੀ ਬਾਣੀ ਜੋ ਇਕ ਪੋਥੀ ਤਿਆਰ ਕੀਤੀ ਸੀ ਗੁਰੂ ਨਾਨਕ ਪਾਤਸ਼ਾਹ ਨੇ ਉਹ ਸ਼ਾਹਮੁਖੀ ਵਿੱਚ ਹੁੰਦੀ ਤਾਂ ਇਸਲਾਮਿਕ ਕਦਰਾਂ ਕੀਮਤਾਂ ਦਾ ਕਬਜ਼ਾ ਹੋ ਜਾਣਾ ਸੀ। ਇਸ ਵਾਸਤੇ ਗੁਰੂ ਨਾਨਕ ਪਾਤਸ਼ਾਹ ਨੇ ਗੁਰਮੁਖੀ ਲਿੱਪੀ ਤਿਆਰ ਕੀਤੀ। ਪੰਜਾਬੀ ਭਾਸ਼ਾ ਵਾਸਤੇ ਇਹ ਪੰਜਾਬੀ ਭਾਸ਼ਾ ਦੀ ਤੀਸਰੀ ਲਿੱਪੀ ਹੈ। ਪੰਜਾਬੀ ਦੇ ਬਹੁਤ ਵੱਡੇ ਵੱਡੇ ਵਿਦਵਾਨ ਹੋਏ ਹਨ। ਬਹੁਤ ਸਾਰੀਆਂ ਪੀਐਚ.ਡੀ. ਪੰਜਾਬੀ ਲੋਕਾਂ ਨੇ ਕੀਤੀਆਂ ਹਨ ਪਰ ਪਤਾ ਨਹੀਂ ਕਿਉਂ ਇਸ ਪਾਸੇ ਕਿਸੇ ਦਾ ਧਿਆਨ ਕਿਉਂ ਨਹੀਂ ਗਿਆ ਕਿ ਪੰਜਾਬੀ ਭਾਸ਼ਾ ਕਿਸ ਸਮੇਂ ਦੀ, ਕਿੰਨੀ ਪੁਰਾਤਨ ਤੇ



ਸੁਰਿੰਦਰ ਸਿੰਘ ਸੁੰਨੜ

23 ਵਾਂ ਭਾਰਤ-ਰੂਸ ਸੰਮੇਲਨ, 4-5 ਦਸੰਬਰ, 2025 : ਇੱਕ ਮਹੱਤਵਪੂਰਨ ਸਮੇਂ 'ਤੇ ਇੱਕ ਇਤਿਹਾਸਕ ਮੀਟਿੰਗ-ਸੰਭਾਵੀ ਨਤੀਜਿਆਂ ਦਾ ਵਿਸਤ੍ਰਿਤ ਵਿਸ਼ਲੇਸ਼ਣ

# ਪੁਤਿਨ ਦਾ ਭਾਰਤ ਦੌਰਾ 2025 -

## ਗਲੋਬਲ ਪਾਵਰ ਸਮੀਕਰਨਾਂ ਦੇ ਕੇਂਦਰ ਵਿੱਚ ਇੱਕ ਨਵੀਂ ਭਾਰਤ - ਰੂਸ ਭਾਈਵਾਲੀ



*23ਵੇਂ ਭਾਰਤ-ਰੂਸ ਸੰਮੇਲਨ ਦੇ ਸੰਭਾਵੀ ਨਤੀਜੇ ਅੰਤਰਰਾਸ਼ਟਰੀ ਪਾਵਰ ਸੰਤੁਲਨ, ਊਰਜਾ ਸੁਰੱਖਿਆ, ਰੱਖਿਆ ਤਕਨਾਲੋਜੀਆਂ ਅਤੇ ਗਲੋਬਲ ਵਿੱਤੀ ਢਾਂਚੇ ਨੂੰ ਪ੍ਰਭਾਵਤ ਕਰ ਸਕਦੇ ਹਨ -*

**ਐਡਵੋਕੇਟ ਕਿਸ਼ਨ ਸੰਮੁਖਦਾਸ ਭਾਵਨਾਨੀ , ਗੋਂਡੀਆ, ਮਹਾਰਾਸ਼ਟਰ**

ਗੋਂਡੀਆ - ਵਿਸ਼ਵ ਪੱਧਰ 'ਤੇ, ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਦੀ 4-5 ਦਸੰਬਰ, 2025 ਨੂੰ 23ਵੇਂ ਭਾਰਤ-ਰੂਸ ਸਾਲਾਨਾ ਸੰਮੇਲਨ ਲਈ ਭਾਰਤ ਫੇਰੀ ਨੂੰ ਨਾ ਸਿਰਫ਼ ਦੋਵਾਂ ਦੇਸ਼ਾਂ ਦੇ ਦੁਵੱਲੇ ਸਬੰਧਾਂ ਲਈ, ਸਗੋਂ ਬਦਲਦੇ ਵਿਸ਼ਵ ਸ਼ਕਤੀ ਸੰਤੁਲਨ ਦੇ ਸੰਦਰਭ ਵਿੱਚ ਵੀ ਮਹੱਤਵਪੂਰਨ ਮੰਨਿਆ ਜਾਂਦਾ ਹੈ। 2022 ਵਿੱਚ ਯੂਕਰੇਨ ਸੰਘਰਸ਼ ਸ਼ੁਰੂ ਹੋਣ ਤੋਂ ਬਾਅਦ ਇਹ ਪੁਤਿਨ ਦੀ ਭਾਰਤ ਦੀ ਪਹਿਲੀ ਫੇਰੀ ਹੈ, ਇਸ ਲਈ ਪੂਰੀ ਦੁਨੀਆ ਇਸ ਮੀਟਿੰਗ ਨੂੰ ਨੇੜਿਓਂ ਦੇਖ ਰਹੀ ਹੈ। ਭਾਰਤ ਅਤੇ ਰੂਸ ਦੇ ਇਤਿਹਾਸਕ, ਰਣਨੀਤਕ ਅਤੇ ਸੱਭਿਆਚਾਰਕ ਸਬੰਧ ਦਹਾਕਿਆਂ ਤੋਂ ਅਟੁੱਟ ਰਹੇ ਹਨ, ਪਰ ਇਸ ਦੌਰੇ ਤੋਂ ਨਵੇਂ ਪਹਿਲੂ ਖੋਲ੍ਹਣ ਦੀ ਉਮੀਦ ਹੈ ਜੋ 21ਵੀਂ ਸਦੀ ਦੇ ਭੂ-ਰਾਜਨੀਤਿਕ ਦ੍ਰਿਸ਼ ਨੂੰ ਡੂੰਘਾ ਪ੍ਰਭਾਵਤ ਕਰ ਸਕਦੇ ਹਨ। ਮੈਂ, ਐਡਵੋਕੇਟ ਕਿਸ਼ਨ ਸੰਮੁਖਦਾਸ ਭਵਨਾਨੀ, ਗੋਂਡੀਆ, ਮਹਾਰਾਸ਼ਟਰ, ਦਾ ਮੰਨਣਾ ਹੈ ਕਿ ਭਾਰਤ-ਰੂਸ ਸਬੰਧ ਹਮੇਸ਼ਾ ਸਮਾਨਤਾ, ਸਤਿਕਾਰ ਅਤੇ ਆਪਸੀ ਵਿਸ਼ਵਾਸ 'ਤੇ ਅਧਾਰਤ ਰਹੇ ਹਨ। ਰਣਨੀਤਕ ਹਥਿਆਰਾਂ, ਊਰਜਾ ਸਪਲਾਈ, ਪੁਲਾੜ ਤਕਨਾਲੋਜੀ, ਸਿਵਲ ਪ੍ਰਮਾਣੂ ਸਹਿਯੋਗ ਅਤੇ ਰੱਖਿਆ ਉਤਪਾਦਨ ਵਿੱਚ ਦੋਵਾਂ ਦੇਸ਼ਾਂ ਦੀ ਭਾਈਵਾਲੀ ਦੁਨੀਆ ਦੇ ਕੁਝ ਪ੍ਰਮੁੱਖ ਰਣਨੀਤਕ ਗੱਠਜੋੜਾਂ ਨਾਲੋਂ ਵਧੇਰੇ ਸਥਿਰ ਅਤੇ ਲੰਬੇ ਸਮੇਂ ਤੱਕ ਚੱਲਣ ਵਾਲੀ ਸਾਬਤ ਹੋਈ ਹੈ। ਪੁਤਿਨ ਦੀ ਫੇਰੀ ਦਾ ਇੱਕ ਮੁੱਖ ਉਦੇਸ਼ ਆਧੁਨਿਕਵਿਸ਼ਵਵਿਆਪੀ ਹਾਲਾਤਾਂ ਨੂੰ ਦਰਸਾਉਣ ਲਈ ਇਹਨਾਂ ਭਾਈਵਾਲੀ ਨੂੰ ਮੁੜ ਸੁਰਜੀਤ ਕਰਨਾ ਅਤੇ ਆਉਣ ਵਾਲੇ ਦਹਾਕਿਆਂ ਲਈ ਵਿਆਪਕ ਸਹਿਯੋਗ ਲਈ ਇੱਕ ਨਵਾਂ ਰਸਤਾ ਤਿਆਰ ਕਰਨਾ ਹੈ। ਦੋਵਾਂ ਦੇਸ਼ਾਂ ਵਿਚਕਾਰ ਮਹੱਤਵਪੂਰਨ ਚਰਚਾਵਾਂ ਦੀ ਉਮੀਦ ਹੈ, ਖਾਸ ਕਰਕੇ ਊਰਜਾ ਸੁਰੱਖਿਆ, ਆਰਕਟਿਕ ਸਹਿਯੋਗ, ਸਮੁੰਦਰੀ ਸੰਪਰਕ, ਡਿਜੀਟਲ ਮੁਦਰਾ ਪ੍ਰਣਾਲੀਆਂ ਅਤੇ ਰੱਖਿਆ ਨਵੀਨਤਾਵਾਂ 'ਤੇ। ਜਿਵੇਂ ਕਿ ਅੰਤਰਰਾਸ਼ਟਰੀ ਰਾਜਨੀਤੀ ਤੇਜ਼ੀ ਨਾਲ ਇੱਕ ਬਹੁ-ਧਰੁਵੀ ਢਾਂਚੇ ਵੱਲ ਬਦਲ ਰਹੀ ਹੈ, ਭਾਰਤ ਅਤੇ ਰੂਸ ਦੋਵੇਂ ਇਸ ਨਵੀਂ







ਵਿਸ਼ਵਵਿਆਪੀ ਵਿਵਸਥਾ ਵਿੱਚ ਆਪਣੀ ਸੁਤੰਤਰ ਵਿਦੇਸ਼ ਨੀਤੀ ਅਤੇ ਰਣਨੀਤਕ ਖੁਦਮੁਖਤਿਆਰੀ ਨੂੰ ਬਹੁਤ ਮਹੱਤਵ ਦਿੰਦੇ ਹਨ। ਜਦੋਂ ਕਿ ਭਾਰਤ ਸੰਯੁਕਤ ਰਾਜ ਅਮਰੀਕਾ, ਯੂਰਪੀਅਨ ਯੂਨੀਅਨ ਅਤੇ ਕਵਾਡ ਦੇਸ਼ਾਂ ਨਾਲ ਸਹਿਯੋਗ ਵਧਾ ਰਿਹਾ ਹੈ, ਰੂਸ ਇਸਦੇ ਸਭ ਤੋਂ ਭਰੋਸੇਮੰਦ ਰਣਨੀਤਕ ਭਾਈਵਾਲਾਂ ਵਿੱਚੋਂ ਇੱਕ ਬਣਿਆ ਹੋਇਆ ਹੈ। ਇਸ ਲਈ, ਪੁਤਿਨ ਦੀ ਯਾਤਰਾ ਭਾਰਤ ਦੇ ਬਹੁ-ਅਲਾਈਨਮੈਂਟ ਪਹੁੰਚ ਨੂੰ ਹੋਰ ਮਜ਼ਬੂਤ ਕਰਨ ਵਿੱਚ ਇੱਕ ਮਹੱਤਵਪੂਰਨ ਭੂਮਿਕਾ ਨਿਭਾਉਂਦੀ ਹੈ। ਇਹ ਵਿਸ਼ਵਵਿਆਪੀ ਕੂਟਨੀਤੀ ਦੇ ਅੰਦਰ ਇੱਕ ਪੁਲ ਰਾਸ਼ਟਰ ਵਜੋਂ ਭਾਰਤ ਦੇ ਉਭਾਰ ਨੂੰ ਵੀ ਦਰਸਾਉਂਦੀ ਹੈ, ਜੋ ਪੂਰਬ ਅਤੇ ਪੱਛਮ ਦੋਵਾਂ ਨਾਲ ਸੰਤੁਲਿਤ ਸਬੰਧ ਬਣਾਈ ਰੱਖਣ ਦੇ ਸਮਰੱਥ ਹੈ। ਯੂਕਰੇਨ ਸੰਘਰਸ਼ ਤੋਂ ਬਾਅਦ ਪੱਛਮੀ ਦੇਸ਼ਾਂ ਦੁਆਰਾ ਰੂਸ 'ਤੇ ਲਗਾਈਆਂ ਗਈਆਂ ਵਿਆਪਕ ਆਰਥਿਕ ਪਾਬੰਦੀਆਂ ਨੇ ਅੰਤਰਰਾਸ਼ਟਰੀ ਵਪਾਰ ਪ੍ਰਣਾਲੀ ਨੂੰ ਬਦਲ ਦਿੱਤਾ ਹੈ। ਇਸ ਸਮੇਂ, ਰੂਸ ਲਈ ਭਾਰਤ ਦੀ ਭੂਮਿਕਾ ਵਧਦੀ ਮਹੱਤਵਪੂਰਨ ਹੋ ਗਈ ਹੈ। ਭਾਰਤ ਊਰਜਾ ਸਪਲਾਈ, ਵਿਕਲਪਿਕ ਭੁਗਤਾਨ ਪ੍ਰਣਾਲੀਆਂ, ਸਮੁੰਦਰੀ ਮਾਰਗਾਂ ਦੇ ਵਿਕਾਸ ਅਤੇ ਗਲੋਬਲ ਸਾਊਥ ਦੇ ਦੇਸ਼ਾਂ ਨਾਲ ਗੱਲਬਾਤ ਵਿੱਚ ਰੂਸ ਲਈ ਇੱਕ ਮੁੱਖ ਭਾਈਵਾਲ ਵਜੋਂ ਉਭਰਿਆ ਹੈ। ਪੁਤਿਨ ਦੀ ਯਾਤਰਾ ਇਸ ਸਹਿਯੋਗ ਨੂੰ ਇੱਕ ਨਵਾਂ ਸੰਸਥਾਗਤ ਹੁਲਾਰਾ ਦੇਣ ਦਾ ਮੌਕਾ ਪ੍ਰਦਾਨ ਕਰਦੀ ਹੈ। ਰੁਪਿਆ-ਰੂਬਲ ਵਪਾਰ, ਅੰਤਰਰਾਸ਼ਟਰੀ ਉੱਤਰ-ਦੱਖਣੀ ਟਰਾਂਸਪੋਰਟ ਕੋਰੀਡੋਰ, ਅਤੇ ਦੂਰ ਪੂਰਬੀ ਰੂਸ ਵਿੱਚ ਭਾਰਤੀ ਨਿਵੇਸ਼ ਵਰਗੇ ਮੁੱਦੇ ਇਸ ਯਾਤਰਾ ਦੇ ਕੇਂਦਰ ਵਿੱਚ ਹੋਣ ਦੀ ਸੰਭਾਵਨਾ ਹੈ।

ਦੋਸਤੋ, ਜੇਕਰ ਅਸੀਂ ਰੂਸੀ ਰਾਸ਼ਟਰਪਤੀ ਪੁਤਿਨ ਦੀ ਭਾਰਤ ਯਾਤਰਾ 'ਤੇ ਵਿਚਾਰ ਕਰੀਏ, ਤਾਂ ਇਹ ਰਾਜ ਯਾਤਰਾ ਕਈ ਤਰੀਕਿਆਂ ਨਾਲ ਮਹੱਤਵਪੂਰਨ ਹੋਵੇਗੀ। ਇਹ ਭਾਰਤ ਅਤੇ ਰੂਸ ਦੋਵਾਂ ਦੀ ਲੀਡਰਸ਼ਿਪ ਨੂੰ ਆਪਣੇ ਦੁਵੱਲੇ ਸਬੰਧਾਂ ਵਿੱਚ ਪ੍ਰਗਤੀ ਦੀ ਸਮੀਖਿਆ ਕਰਨ, ਵਿਸ਼ੇਸ਼ ਅਤੇ ਵਿਸ਼ੇਸ਼ ਅਧਿਕਾਰ ਪ੍ਰਾਪਤ ਰਣਨੀਤਕ ਭਾਈਵਾਲੀ ਨੂੰ ਮਜ਼ਬੂਤ ਕਰਨ ਲਈ ਦ੍ਰਿਸ਼ਟੀਕੋਣਾਂ ਦੀ ਰੂਪਰੇਖਾ ਤਿਆਰ ਕਰਨ ਅਤੇ ਆਪਸੀ ਹਿੱਤਾਂ ਦੇ ਖੇਤਰੀ ਅਤੇ ਵਿਸ਼ਵਵਿਆਪੀ ਮੁੱਦਿਆਂ 'ਤੇ ਵਿਚਾਰਾਂ ਦਾ ਆਦਾਨ-ਪ੍ਰਦਾਨ ਕਰਨ ਦਾ ਮੌਕਾ ਪ੍ਰਦਾਨ ਕਰੇਗਾ। ਮਾਸਕੋ ਤੋਂ

ਮੀਡੀਆ ਰਿਪੋਰਟਾਂ ਦੇ ਅਨੁਸਾਰ, ਰੂਸ ਅਤੇ ਭਾਰਤ ਆਪਣੇ ਰਾਸ਼ਟਰੀ ਭੁਗਤਾਨ ਪ੍ਰਣਾਲੀਆਂ ਨੂੰ ਜੋੜਨ ਲਈ ਉਤਸੁਕ ਹਨ, ਅਤੇ ਇਹ ਵਿਸ਼ਾ ਦਸੰਬਰ ਵਿੱਚ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਦੇ ਨਵੀਂ ਦਿੱਲੀ ਦੌਰੇ 'ਤੇ ਏਜੰਡੇ 'ਤੇ ਉੱਚਾ ਹੋਵੇਗਾ। ਭਾਰਤ ਅਤੇ ਰੂਸ ਵਿਚਕਾਰ ਲੰਬੇ ਸਮੇਂ ਤੋਂ ਚੱਲ ਰਹੇ ਅਤੇ ਮਜ਼ਬੂਤ ਸਬੰਧਾਂ ਬਾਰੇ ਸਭ ਜਾਣਦੇ ਹਨ, ਪਰ ਇਸ ਵਾਰ ਸਥਿਤੀ ਵੱਖਰੀ ਹੈ। ਯੂਕਰੇਨ ਯੁੱਧ, ਬਦਲਦੀ ਵਿਸ਼ਵ ਰਾਜਨੀਤੀ, ਰੱਖਿਆ ਸੌਦੇ ਅਤੇ ਭਾਰਤ ਦੀ ਵਧਦੀ ਅੰਤਰਰਾਸ਼ਟਰੀ ਭੂਮਿਕਾ - ਇਸ ਸਭ ਦੇ ਵਿਚਕਾਰ, ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਦੀ ਭਾਰਤ ਫੇਰੀ ਬਹੁਤ ਮਹੱਤਵ ਰੱਖਦੀ ਹੈ।

ਦੋਸਤੋ, ਜੇਕਰ ਅਸੀਂ ਰੂਸੀ ਰਾਸ਼ਟਰਪਤੀ ਪੁਤਿਨ ਦੇ ਦੌਰੇ ਦੀ ਮਹੱਤਤਾ ਦਾ ਵਿਸ਼ਲੇਸ਼ਣ ਕਰੀਏ, ਤਾਂ ਇਹ ਕਈ ਪੱਖਾਂ ਤੋਂ ਇਤਿਹਾਸਕ ਹੈ। ਇਹ 23ਵਾਂ ਭਾਰਤ-ਰੂਸ ਸਾਲਾਨਾ ਸੰਮੇਲਨ ਹੈ, ਜੋ ਇਸ ਲੰਬੇ ਸਮੇਂ ਤੋਂ ਚੱਲੀ ਆ ਰਹੀ ਸਾਂਝੇਦਾਰੀ ਨੂੰ ਜਾਰੀ ਰੱਖਣ ਦਾ ਪ੍ਰਤੀਕ ਹੈ। ਯੂਕਰੇਨ ਸੰਘਰਸ਼ ਤੋਂ ਬਾਅਦ ਪੁਤਿਨ ਦਾ ਭਾਰਤ ਦੌਰਾ ਇਹ ਵੀ ਦਰਸਾਉਂਦਾ ਹੈ ਕਿ ਰੂਸ ਭਾਰਤ ਨੂੰ ਇੱਕ ਭਰੋਸੇਮੰਦ, ਨਿਰਪੱਖ ਅਤੇ ਪ੍ਰਭਾਵਸ਼ਾਲੀ ਭਾਈਵਾਲ ਵਜੋਂ ਦੇਖਦਾ ਹੈ। ਇਸ ਦੌਰੇ ਦਾ ਮੁੱਖ ਉਦੇਸ਼ ਆਧੁਨਿਕ ਵਿਸ਼ਵ ਜ਼ਰੂਰਤਾਂ ਦੇ ਅਨੁਸਾਰ ਵਿਸ਼ੇਸ਼ ਅਤੇ ਵਿਸ਼ੇਸ਼ ਅਧਿਕਾਰ ਪ੍ਰਾਪਤ ਰਣਨੀਤਕ ਭਾਈਵਾਲੀ ਨੂੰ ਮੁੜ ਸੁਰਜੀਤ ਕਰਨਾ ਹੈ। ਬਦਲਦੇ ਆਰਥਿਕ ਸਿਸਟਮ, ਤਕਨੀਕੀ ਤਰੱਕੀ, ਊਰਜਾ ਸੁਰੱਖਿਆ, ਰੱਖਿਆ ਆਧੁਨਿਕੀਕਰਨ ਅਤੇ ਇੱਕ ਬਹੁ-ਧਰੁਵੀ ਵਿਸ਼ਵ ਵਿਵਸਥਾ ਦੀਆਂ ਹਕੀਕਤਾਂ ਨੂੰ ਦੇਖਦੇ ਹੋਏ, ਇਹ ਮੀਟਿੰਗ ਦੋਵਾਂ ਦੇਸ਼ਾਂ ਲਈ ਨਵੀਆਂ ਸੰਭਾਵਨਾਵਾਂ ਅਤੇ ਨਵੇਂ ਸਮਝੌਤੇ ਖੋਲ੍ਹ ਸਕਦੀ ਹੈ।(1) ਰੱਖਿਆ ਸਹਿਯੋਗ - ਰਣਨੀਤਕ ਸੁਰੱਖਿਆ ਦਾ ਧੁਰਾ ਰੱਖਿਆ ਸਹਿਯੋਗ ਪੁਤਿਨ-ਮੋਦੀ ਗੱਲਬਾਤ ਦਾ ਮੁੱਖ ਕੇਂਦਰ ਹੋਣ ਦੀ ਸੰਭਾਵਨਾ ਹੈ। ਭਾਰਤ ਆਪਣੇ ਹਵਾਈ ਰੱਖਿਆ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਲਈ ਰੂਸ ਤੋਂ ਵਾਧੂ S-400 ਹਵਾਈ ਰੱਖਿਆ ਰੈਜੀਮੈਂਟਾਂ ਪ੍ਰਾਪਤ ਕਰਨ 'ਤੇ ਵੀ ਵਿਚਾਰ ਕਰ ਸਕਦਾ ਹੈ। ਲੜਾਕੂ ਜਹਾਜ਼ਾਂ, ਮਿਜ਼ਾਈਲ ਪ੍ਰਣਾਲੀਆਂ, ਹੈਲੀਕਾਪਟਰਾਂ ਅਤੇ ਉੱਨਤ ਫੌਜੀ ਤਕਨਾਲੋਜੀਆਂ ਦੇ ਸਾਂਝੇ ਉਤਪਾਦਨ 'ਤੇ ਵੀ ਗੰਭੀਰ ਚਰਚਾ ਹੋਣ ਦੀ ਸੰਭਾਵਨਾ ਹੈ। ਭਾਰਤ ਲੰਬੇ ਸਮੇਂ ਤੋਂ ਰੱਖਿਆ ਖੇਤਰ ਵਿੱਚ ਤਕਨਾਲੋਜੀ ਟ?ਰਾਂਸਫਰ ਅਤੇ ਸਥਾਨਕ ਨਿਰਮਾਣ ਸਮਰੱਥਾਵਾਂ ਨੂੰ ਉਤਸ਼ਾਹਿਤ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ, ਅਤੇ ਰੂਸ ਇਸ ਸਬੰਧ ਵਿੱਚ ਇੱਕ ਮੁੱਖ ਭਾਈਵਾਲ ਬਣ ਸਕਦਾ ਹੈ।-30 ਐਸ ਯੂ

ਐਮਕਿਊਆਈ ਵਰਗੇ ਪੁਰਾਣੇ ਰੱਖਿਆ ਪਲੇਟਫਾਰਮਾਂ, ਅਤੇ S-500 ਅਤੇ ਹੋਰ ਉੱਨਤ ਐਂਟੀ-ਮਿਜ਼ਾਈਲ ਪ੍ਰਣਾਲੀਆਂ ਵਰਗੇ ਭਵਿੱਖੀ ਪ੍ਰਣਾਲੀਆਂ ਨੂੰ ਅਪਗ੍ਰੇਡ ਕਰਨ 'ਤੇ ਵੀ ਚਰਚਾ ਸੰਭਵ ਹੈ। ਇਹ ਸਹਿਯੋਗ ਭਾਰਤ ਦੀ ਰਣਨੀਤਕ ਖੁਦਮੁਖਤਿਆਰੀ ਲਈ ਜ਼ਰੂਰੀ ਹੈ।(2) ਆਰਥਿਕ, ਊਰਜਾ ਅਤੇ ਉਦਯੋਗਿਕ ਭਾਈਵਾਲੀ - ਇਸ ਦੌਰੇ ਦੇ ਆਰਥਿਕ ਪਹਿਲੂ ਬਹੁਤ ਵਿਆਪਕ ਹਨ। ਦੋਵੇਂ ਦੇਸ਼ ਇੱਕ ਵਿਆਪਕ 2030 ਰਣਨੀਤਕ ਆਰਥਿਕ ਰੋਡਮੈਪ ਨੂੰ ਅੰਤਿਮ ਰੂਪ ਦੇ ਸਕਦੇ ਹਨ, ਜਿਸ ਵਿੱਚ ਊਰਜਾ, ਤਕਨਾਲੋਜੀ, ਪੁਲਾੜ, ਖੇਤੀਬਾੜੀ, ਖਣਨ ਅਤੇ ਉਦਯੋਗਿਕ ਖੇਤਰਾਂ ਵਿੱਚ ਸਹਿਯੋਗ ਸ਼ਾਮਲ ਹੋ ਸਕਦਾ ਹੈ। ਰੂਸ ਕੱਚੇ ਤੇਲ, ਐਲਐਨਜੀ, ਕੋਲਾ ਅਤੇ ਪ੍ਰਮਾਣੂ ਊਰਜਾ ਦੇ ਖੇਤਰਾਂ ਵਿੱਚ ਭਾਰਤ ਨੂੰ ਲੰਬੇ ਸਮੇਂ ਦੇ ਪ੍ਰਸਤਾਵ ਪੇਸ਼ ਕਰ ਸਕਦਾ ਹੈ। ਛੋਟੇ ਮਾਡਿਊਲਰ ਰਿਐਕਟਰਾਂ ਵਿੱਚ ਸਹਿਯੋਗ ਭਵਿੱਖ ਦੇ ਊਰਜਾ ਵਿਕਾਸ ਲਈ ਵੀ ਮਹੱਤਵਪੂਰਨ ਸਾਬਤ ਹੋ ਸਕਦਾ ਹੈ। ਦੂਜੇ ਪਾਸੇ, ਭਾਰਤ ਰੂਸ ਨੂੰ ਆਪਣੀ ਵਧਦੀ ਆਰਥਿਕਤਾ ਲਈ ਇੱਕ ਮਹੱਤਵਪੂਰਨ ਊਰਜਾ ਸਰੋਤ ਅਤੇ ਨਿਵੇਸ਼ ਭਾਈਵਾਲ ਵਜੋਂ ਦੇਖਦਾ ਹੈ। ਉਦਯੋਗਿਕ, ਵਿਗਿਆਨਕ ਅਤੇ ਤਕਨੀਕੀ ਭਾਈਵਾਲੀ ਦੋਵਾਂ ਦੇਸ਼ਾਂ ਦੇ ਹਿੱਤਾਂ ਨੂੰ ਬਰਾਬਰ ਲਾਭ ਪਹੁੰਚਾ ਸਕਦੀ ਹੈ। (3) ਭੁਗਤਾਨ ਪ੍ਰਣਾਲੀਆਂ ਅਤੇ ਵਿੱਤੀ ਖੁਦਮੁਖਤਿਆਰੀ - ਇਸ ਦੌਰੇ ਦਾ ਇੱਕ ਬਹੁਤ ਮਹੱਤਵਪੂਰਨ ਪਹਿਲੂ ਦੋਵਾਂ ਦੇਸ਼ਾਂ ਦੇ ਰਾਸ਼ਟਰੀ ਭੁਗਤਾਨ ਪ੍ਰਣਾਲੀਆਂ - ਭਾਰਤ ਦੇ "ਰੁਪਏ" ਅਤੇ ਰੂਸ ਦੇ "ਐਮ ਆਈ ਆਰ" ਨੂੰ ਜੋੜਨ ਦਾ

ਪ੍ਰਸਤਾਵ ਹੈ। ਇਹ ਕਦਮ ਦੋਵਾਂ ਦੇਸ਼ਾਂ ਨੂੰ ਪੱਛਮੀ ਵਿੱਤੀ ਪ੍ਰਣਾਲੀਆਂ, ਖਾਸ ਕਰਕੇ ਸਵਿਫਟ ਤੋਂ ਅੰਸ਼ਕ ਆਜ਼ਾਦੀ ਪ੍ਰਦਾਨ ਕਰ ਸਕਦਾ ਹੈ। ਇਹ ਸੈਲਾਨੀਆਂ, ਕਾਰੋਬਾਰੀਆਂ ਅਤੇ ਵਿਦਿਆਰਥੀਆਂ ਲਈ ਸਿੱਧੇ ਲੈਣ-ਦੇਣ ਦੀ ਸਹੂਲਤ ਦੇਵੇਗਾ। ਇਸ ਨਾਲ ਰੁਪਏ-ਰੂਬਲ ਵਪਾਰ ਨੂੰ ਹੁਲਾਰਾ ਮਿਲਣ ਦੀ ਵੀ ਸੰਭਾਵਨਾ ਹੈ, ਜੋ ਕਿ ਵਿਸ਼ਵ ਵਪਾਰ ਵਿੱਚ ਡਾਲਰ 'ਤੇ ਨਿਰਭਰਤਾ ਘਟਾਉਣ ਵੱਲ ਇੱਕ ਮਹੱਤਵਪੂਰਨ ਕਦਮ ਹੋਵੇਗਾ। ਹਾਲਾਂਕਿ ਇਹ ਪ੍ਰਕਿਰਿਆ ਮਹੱਤਵਪੂਰਨ ਤਕਨੀਕੀ ਅਤੇ ਰੈਗੂਲੇਟਰੀ ਚੁਣੌਤੀਆਂ ਪੇਸ਼ ਕਰਦੀ ਹੈ, ਇਹ ਪਹਿਲ ਦੋਵਾਂ ਦੇਸ਼ਾਂ ਲਈ ਵਿੱਤੀ ਸੁਤੰਤਰਤਾ ਦਾ ਰਾਹ ਪੱਧਰਾ ਕਰ ਸਕਦੀ ਹੈ। (4) ਹੁਨਰਮੰਦ ਮਨੁੱਖੀ ਸਰੋਤ ਅਤੇ ਕਿਰਤ ਸਹਿਯੋਗ - ਰੂਸ ਨੇ ਭਾਰਤ ਤੋਂ ਹੁਨਰਮੰਦ ਅਤੇ ਅਰਧ- ਹੁਨਰਮੰਦ ਕਾਮਿਆਂ ਦੀ ਭਰਤੀ ਵਿੱਚ ਦਿਲਚਸਪੀ ਦਿਖਾਈ ਹੈ। ਇਹ ਪ੍ਰਸਤਾਵ ਰੂਸ ਦੀਆਂ ਕਿਰਤ ਲੋੜਾਂ ਅਤੇ ਭਾਰਤ ਦੀ ਵੱਡੀ ਨੌਜਵਾਨ ਆਬਾਦੀ ਅਤੇ ਹੁਨਰ ਸੰਭਾਵਨਾ ਦਾ ਇੱਕ ਸੰਯੁਕਤ ਹੱਲ ਪੇਸ਼ ਕਰਦਾ ਹੈ। ਪੁਤਿਨ-ਮੋਦੀ ਗੱਲਬਾਤ ਦੇ ਨਤੀਜੇ ਵਜੋਂ ਪ੍ਰਵਾਸ, ਵੀਜ਼ਾ ਪ੍ਰਬੰਧ, ਹੁਨਰ ਮਾਨਤਾ ਅਤੇ ਪਰਸਪਰ ਰੁਜ਼ਗਾਰ ਪ੍ਰਣਾਲੀਆਂ 'ਤੇ ਸਮਝੌਤੇ ਹੋਣ ਦੀ ਸੰਭਾਵਨਾ ਹੈ। ਇਹ ਕਦਮ ਭਾਰਤੀ ਨੌਜਵਾਨਾਂ ਲਈ ਵਿਦੇਸ਼ਾਂ ਵਿੱਚ ਰੁਜ਼ਗਾਰ ਦੇ ਨਵੇਂ ਮੌਕੇ ਖੋਲ੍ਹ ਸਕਦਾ ਹੈ। (5) ਅੰਤਰਰਾਸ਼ਟਰੀ ਦ੍ਰਿਸ਼ਟੀਕੋਣ ਅਤੇ ਭੂ-ਰਾਜਨੀਤਿਕ ਸੰਦੇਸ਼ - ਇਹ ਦੌਰਾ ਵਿਸ਼ਵ ਪੱਧਰ 'ਤੇ ਦੋਵਾਂ ਦੇਸ਼ਾਂ ਨੂੰ ਇੱਕ ਸੁਨੇਹਾ ਵੀ ਦਿੰਦਾ ਹੈ। ਪੱਛਮੀ ਪਾਬੰਦੀਆਂ ਅਤੇ ਭੂ-ਰਾਜਨੀਤਿਕ ਦਬਾਅ ਦੇ ਵਿਚਕਾਰ, ਰੂਸ ਭਾਰਤ ਨਾਲ ਆਪਣੇ ਸਬੰਧਾਂ ਨੂੰ ਮਜ਼ਬੂਤ ਕਰਕੇ ਆਪਣੀ ਰਣਨੀਤਕ ਸਥਿਤੀ ਨੂੰ ਸਥਿਰ ਕਰਨ ਦੀ ਕੋਸ਼ਿਸ਼ ਕਰਦਾ ਹੈ। ਇਸ ਦੌਰਾਨ, ਭਾਰਤ ਆਪਣੇ ਰਵਾਇਤੀ ਸਾਥੀ, ਰੂਸ ਨਾਲ ਸੰਤੁਲਨ ਬਣਾਈ ਰੱਖਣ ਦੀ ਕੋਸ਼ਿਸ਼ ਕਰਦਾ ਹੈ, ਜਦੋਂ ਕਿ ਸੰਯੁਕਤ ਰਾਜ ਅਮਰੀਕਾ ਅਤੇ ਯੂਰਪ ਨਾਲ ਨਜ਼ਦੀਕੀ ਸਬੰਧ ਬਣਾਈ ਰੱਖਦਾ ਹੈ। ਭਾਰਤ ਦਾ ਟੀਚਾ ਸਪੱਸ਼ਟ ਹੈ: ਬਹੁ-ਧਰੁਵੀ ਵਿਸ਼ਵ ਵਿਵਸਥਾ ਵਿੱਚ ਆਪਣੀ ਰਣਨੀਤਕ ਖੁਦਮੁਖਤਿਆਰੀ ਦੀ ਰੱਖਿਆ ਕਰਨਾ। ਇਹ ਦੌਰਾ ਇਸ ਉਦੇਸ਼ ਨੂੰ ਹੋਰ ਮਜ਼ਬੂਤ ਕਰ ਸਕਦਾ ਹੈ। (6) ਚੁਣੌਤੀਆਂ ਅਤੇ ਸੰਵੇਦਨਸ਼ੀਲ ਮੁੱਦੇ - ਜਦੋਂ ਕਿ ਇਹ ਦੌਰਾ ਮੌਕਿਆਂ ਨਾਲ ਭਰਿਆ ਹੋਇਆ ਹੈ, ਚੁਣੌਤੀਆਂ ਵੀ ਮੌਜੂਦ ਹਨ। ਸੰਯੁਕਤ ਰਾਜ ਅਮਰੀਕਾ ਅਤੇ ਯੂਰਪੀ ਦੇਸ਼ਾਂ ਨਾਲ ਭਾਰਤ ਦੇ ਸਬੰਧਾਂ ਦੀ ਸੰਵੇਦਨਸ਼ੀਲਤਾ ਨੂੰ ਦੇਖਦੇ ਹੋਏ, ਰੂਸ ਨਾਲ ਬਹੁਤ ਜ਼ਿਆਦਾ ਨੇੜਤਾ ਪੱਛਮ ਤੋਂ ਪ੍ਰਤੀਕਿਰਿਆ ਪੈਦਾ ਕਰ ਸਕਦੀ ਹੈ। ਭੁਗਤਾਨ ਪ੍ਰਣਾਲੀਆਂ, ਮੁਦਰਾ ਤਾਲਮੇਲ, ਤਕਨਾਲੋਜੀ ਟਰਾਂਸਫਰ, ਅਤੇ ਰੱਖਿਆ ਉਤਪਾਦਨ ਵਰਗੇ ਖੇਤਰਾਂ ਵਿੱਚ ਵਿਹਾਰਕ ਰੁਕਾਵਟਾਂ ਵੀ ਘੱਟ ਨਹੀਂ ਹਨ। ਇਸ ਤੋਂ ਇਲਾਵਾ, ਯੂਕਰੇਨ ਸੰਘਰਸ਼ ਦਾ ਵਿਸ਼ਵਵਿਆਪੀ ਰਾਜਨੀਤਿਕ ਪ੍ਰਭਾਵ, ਰੂਸ 'ਤੇ ਚੱਲ ਰਹੀਆਂ ਪਾਬੰਦੀਆਂ, ਅਤੇ ਅੰਤਰਰਾਸ਼ਟਰੀ ਵਿੱਤੀ ਪ੍ਰਣਾਲੀ ਵਿੱਚ ਵਿਘਨ ਵੀ ਭਾਰਤ-ਰੂਸ ਸਹਿਯੋਗ ਦੀ ਗਤੀ ਨੂੰ ਪ੍ਰਭਾਵਤ ਕਰ ਸਕਦੇ ਹਨ।

ਇਸ ਲਈ, ਜੇਕਰ ਅਸੀਂ ਉਪਰੋਕਤ ਵੇਰਵਿਆਂ ਦਾ ਵਿਸ਼ਲੇਸ਼ਣ ਕਰੀਏ, ਤਾਂ ਅਸੀਂ ਪਾਵਾਂਗੇ ਕਿ ਦਸੰਬਰ 2025 ਵਿੱਚ ਪੁਤਿਨ ਦੀ ਭਾਰਤ ਫੇਰੀ ਭਾਰਤ-ਰੂਸ ਸਾਂਝੇਦਾਰੀ ਲਈ ਇੱਕ ਪਰਿਭਾਸ਼ਿਤ ਪਲ ਹੈ। ਇਹ ਫੇਰੀ ਸਿਰਫ਼ ਲੰਬੇ ਸਮੇਂ ਤੋਂ ਚੱਲੀ ਆ ਰਹੀ ਦੋਸਤੀ ਦੀ ਪੁਸ਼ਟੀ ਨਹੀਂ ਹੈ, ਸਗੋਂ ਬਦਲਦੀਆਂ ਵਿਸ਼ਵ ਹਕੀਕਤਾਂ ਦੇ ਅਨੁਸਾਰ ਸਬੰਧਾਂ ਨੂੰ ਆਧੁਨਿਕ ਬਣਾਉਣ ਲਈ ਇੱਕ ਗੰਭੀਰ ਯਤਨ ਵੀ ਹੈ। ਰੱਖਿਆ, ਊਰਜਾ, ਅਰਥਵਿਵਸਥਾ, ਤਕਨਾਲੋਜੀ, ਭੁਗਤਾਨ ਪ੍ਰਣਾਲੀਆਂ, ਮੁਦਰਾ ਤਾਲਮੇਲ, ਮਨੁੱਖੀ ਸਰੋਤ ਅਤੇ ਪੁਲਾੜ ਸਹਿਯੋਗ ਵਰਗੇ ਖੇਤਰਾਂ ਵਿੱਚ ਸੰਭਾਵੀ ਸਮਝੌਤੇ ਆਉਣ ਵਾਲੇ ਸਾਲਾਂ ਲਈ ਭਾਈਵਾਲੀ ਲਈ ਇੱਕ ਨਵਾਂ ਢਾਂਚਾ ਤਿਆਰ ਕਰ ਸਕਦੇ ਹਨ। ਚੁਣੌਤੀਆਂ ਜ਼ਰੂਰ ਮੌਜੂਦ ਹਨ, ਪਰ ਮੌਕੇ ਵੀ ਹਨ। ਜੇਕਰ ਦੋਵੇਂ ਦੇਸ਼ ਵਿਵਹਾਰਕ ਅਤੇ ਸੰਤੁਲਿਤ ਨੀਤੀਆਂ ਨਾਲ ਇਨ੍ਹਾਂ ਮੌਕਿਆਂ ਨੂੰ ਸੰਭਾਲਦੇ ਹਨ, ਤਾਂ ਭਾਰਤ-ਰੂਸ ਸਬੰਧ ਆਉਣ ਵਾਲੇ ਦਹਾਕੇ ਵਿੱਚ ਵਿਸ਼ਵ ਰਾਜਨੀਤੀ ਵਿੱਚ ਇੱਕ ਨਵੀਂ ਦਿਸ਼ਾ ਤੈਅ ਕਰ ਸਕਦੇ ਹਨ।

# ਜੰਗ ਚਮਕੌਰ ਦੇ ਲਾਸਾਨੀ ਸ਼ਹੀਦ ਬਾਬਾ ਸੰਗਤ ਸਿੰਘ ਜੀ

**ਚੇਤਨ ਸਿੰਘ,**
ਸਾਬਕਾ ਡਾਇਰੈਕਟਰ
ਭਾਸ਼ਾ ਵਿਭਾਗ, ਪੰਜਾਬ



ਭਾਈ ਸੰਗਤ ਸਿੰਘ ਜੀ, ਜਿਨ੍ਹਾਂ ਨੂੰ ਸਤਿਕਾਰ ਨਾਲ ਬਾਬਾ ਸੰਗਤ ਸਿੰਘ ਵੀ ਕਿਹਾ ਜਾਂਦਾ ਹੈ, ਚਮਕੌਰ ਦੀ ਜੰਗ ਦੇ ਸ਼੍ਰੋਮਣੀ ਸ਼ਹੀਦ ਸਨ ਕਿਉਂਕਿ ਉਨ੍ਹਾਂ ਨੇ ਗੁਰੂ ਗੋਬਿੰਦ ਸਿੰਘ ਜੀ ਦੀ ਥਾਂ ਆਪਣਾ ਸਿਰ ਕੁਰਬਾਨ ਕੀਤਾ। 22 ਦਸੰਬਰ 1704 ਈ. (ਕੁਝ ਇਤਿਹਾਸਕਾਰਾਂ ਅਨੁਸਾਰ 7 ਦਸੰਬਰ 1705 ਈ.) ਨੂੰ ਸਾਰਾ ਦਿਨ ਚਮਕੌਰ ਦਾ ਲਾਸਾਨੀ ਯੁੱਧ ਹੁੰਦਾ ਰਿਹਾ। ਚਮਕੌਰ ਦੀ ਗੜ੍ਹੀ ਵਿਚ ਗੁਰੂ ਜੀ ਦੇ ਨਾਲ ਕੇਵਲ 40 ਜਾਂ 50 ਸਿੰਘ ਸਨ ਅਤੇ ਗੜ੍ਹੀ ਦੇ ਆਲੇ-ਦੁਆਲੇ ਬੇਸ਼ੁਮਾਰ ਮੁਗ਼ਲ ਤੇ ਪਹਾੜੀ ਫੌਜਾਂ ਦਾ ਘੇਰਾ ਸੀ। ਅਣਗਿਣਤ ਸੈਨਾ ਦੇ ਘੇਰੇ ਵਿਚ ਛੋਟੀ ਜਿਹੀ ਗੜ੍ਹੀ ਇੰਜ ਲੱਗਦੀ ਸੀ ਜਿਵੇਂ ਵਿਸ਼ਾਲ ਸਮੁੰਦਰ ਦੀਆਂ ਲਹਿਰਾਂ ਵਿਚ ਇਕ ਨਿੱਕੀ ਜਿਹੀ ਬੇੜੀ ਘਿਰੀ ਹੋਈ ਹੋਵੇ। ਸਾਗਰ ਦੀਆਂ ਛੱਲਾਂ ਵਾਂਗ ਸਾਰਾ ਦਿਨ ਗੜ੍ਹੀ ਉੱਤੇ ਹੱਲੇ ਹੁੰਦੇ ਰਹੇ। ਪਰ ਤਲੀ ਉੱਤੇ ਜਾਨਾਂ ਰੱਖੀ ਬੈਠੇ ਸਿੰਘਾਂ ਨੇ ਸਾਰੇ ਹੱਲੇ ਪਿਛਾਂਹ ਮੋੜ ਦਿੱਤੇ।

ਗੁਰੂ ਜੀ ਤੇ ਉਨ੍ਹਾਂ ਦੇ ਮੁੱਠੀ-ਭਰ ਸਿੰਘਾਂ ਨੇ ਬਹਾਦਰੀ ਦੇ ਉਹ ਕਾਰਨਾਮੇ ਦਿਖਾਏ ਕਿ ਦੁਨੀਆ ਅੱਜ ਤੱਕ ਅਸ਼-ਅਸ਼ ਕਰਦੀ ਹੈ। ਸ਼ਾਮ ਹੋਣ ਤੱਕ ਬਹੁਤ ਸਾਰੇ ਸਿੰਘ ਸ਼ਹੀਦ ਹੋ ਗਏ ਜਿਨ੍ਹਾਂ ਵਿਚ ਗੁਰੂ ਜੀ ਦੇ ਆਪਣੇ ਦੋ ਸਾਹਿਬਜ਼ਾਦੇ ਅਤੇ ਤਿੰਨ ਪਿਆਰੇ ਵੀ ਸ਼ਾਮਿਲ ਸਨ। ਦਿਨ ਸਮਾਪਤ ਹੋਇਆ ਤਾਂ ਜੰਗ ਦਾ ਹੱਲਾ-ਗੁੱਲਾ ਵੀ ਬੰਦ ਹੋ ਗਿਆ।

22 ਦਸੰਬਰ 1704 ਦੀ ਠਰੀ ਹੋਈ ਰਾਤ ਸੀ। ਰਣ-ਭੂਮੀ ਵਿਚ ਖਾਮੋਸ਼ੀ ਛਾਈ ਹੋਈ ਸੀ। ਚੰਦਰਮਾ ਦੇ ਪ੍ਰਕਾਸ਼ ਵਿਚ ਸ਼ਹੀਦਾਂ ਦਾ ਲਹੂ ਚਮਕ ਰਿਹਾ ਸੀ। ਆਪਣੇ- ਆਪਣੇ ਖੇਮਿਆਂ ਵਿਚ ਬੈਠੇ ਮੁਗ਼ਲ ਜਰਨੈਲ ਅਗਲੀ ਸਵੇਰ ਨੂੰ ਗੜ੍ਹੀ ਉੱਤੇ ਆਖਰੀ ਹੱਲਾ ਬੋਲਣ ਦੀਆਂ ਵਿਉਂਤਾਂ ਬਣਾ ਰਹੇ ਸਨ। ਗੜ੍ਹੀ ਵਿਚ ਬੈਠੇ ਗੁਰੂ ਜੀ ਵੀ ਆਪਣੇ ਸਿੰਘਾਂ ਨਾਲ ਸਲਾਹਾਂ ਕਰ ਰਹੇ ਸਨ ਕਿ ਸਵੇਰ ਨੂੰ ਹੋਣ ਵਾਲੇ ਹੱਲੇ ਦਾ ਕਿਸ ਤਰ੍ਹਾਂ ਟਾਕਰਾ ਕੀਤਾ ਜਾਵੇਗਾ। ਇਸ ਵੇਲੇ ਗੜ੍ਹੀ ਵਿਚ ਸਿੰਘਾਂ ਦੀ ਗਿਣਤੀ ਦਸ ਤੋਂ ਵੱਧ ਨਹੀਂ ਸੀ। ਗੁਰੂ ਜੀ ਵਾਰ-ਵਾਰ ਕਹਿ ਰਹੇ ਸਨ ਕਿ ਆਖਰੀ ਹੱਲੇ ਦਾ ਅਸੀਂ ਸਾਰੇ ਜਣੇ ਡੱਟ ਕੇ ਮੁਕਾਬਲਾ ਕਰਾਂਗੇ ਤੇ ਸ਼ਹੀਦੀਆਂ ਪਾਵਾਂਗੇ। ਇਸ ਵੇਲੇ ਇਹੀ ਸਾਡਾ ਪਰਮ-ਧਰਮ ਹੈ। ਪਰ ਆਪਣੇ ਇਲਾਹੀ ਜਰਨੈਲ ਦੇ ਵਫ਼ਾਦਾਰ ਸਿੰਘ, ਗੁਰੂ ਜੀ ਦੀ ਸੁਰੱਖਿਆ ਸਬੰਧੀ ਚਿੰਤਤ ਸਨ। ਜੇ ਦਿਨ ਚੜ੍ਹਨ ਤੱਕ ਉਹ ਗੜ੍ਹੀ ਵਿਚ ਰਹਿੰਦੇ ਹਨ ਤਾਂ ਸਵੇਰ ਨੂੰ ਹੋਣ ਵਾਲੇ ਹੱਲੇ ਵਿਚ ਉਨ੍ਹਾਂ ਦੀ ਸ਼ਹੀਦੀ ਯਕੀਨੀ ਹੈ। ਸਿੰਘਾਂ ਨੇ ਵਾਰ-ਵਾਰ ਬੇਨਤੀ ਕੀਤੀ 'ਅੱਜ ਦੀ ਰਾਤ ਸਿੱਖ ਪੰਥ ਲਈ ਜ਼ਿੰਦਗੀ ਤੇ ਮੌਤ ਦਾ ਮਹੱਤਵ ਰੱਖਦੀ ਹੈ। ਜੇ ਤੁਸੀਂ ਕੱਲ੍ਹ ਸ਼ਹੀਦ ਹੋ ਗਏ ਤਾਂ ਹੋ ਸਕਦਾ ਹੈ ਕਿ ਆਪ ਵੱਲੋਂ ਪ੍ਰਗਟ ਕੀਤਾ ਖ਼ਾਲਸਾ, ਆਪਣੀ ਬਾਲ ਅਵਸਥਾ ਵਿਚ ਹੀ ਦਮ ਤੋੜ ਜਾਵੇ। ਇਸ ਦੀ ਪਾਲਣਾ ਤੇ ਰੱਖਿਆ ਲਈ ਆਪ ਦਾ ਜੀਵਤ ਰਹਿਣਾ ਅਤਿ ਜ਼ਰੂਰੀ ਹੈ। ਕਿਰਪਾ ਕਰਕੇ ਤੁਸੀਂ ਅੱਜ ਰਾਤ ਦੇ ਪਰਦੇ ਵਿਚ ਇਸ ਗੜ੍ਹੀ ਵਿਚੋਂ ਨਿਕਲ ਕੇ, ਕਿਸੇ ਸੁਰੱਖਿਅਤ ਸਥਾਨ 'ਤੇ ਪਹੁੰਚ ਜਾਓ।' ਪਰ ਗੁਰੂ ਜੀ ਆਪਣੇ ਫ਼ੈਸਲੇ ਉੱਤੇ ਬਜ਼ਿੱਦ ਸਨ ਕਿ 'ਚਮਕੌਰ ਦੇ ਜਿਸ ਮੈਦਾਨ ਵਿਚ ਮੇਰੇ ਸਿੰਘਾਂ ਦਾ ਲਹੂ ਡੁੱਲ੍ਹਿਆ ਹੈ, ਕੱਲ੍ਹ ਨੂੰ ਮੈਂ ਵੀ ਉਸੇ ਮੈਦਾਨ ਵਿਚ ਆਪਣੇ ਲਹੂ ਦੀ ਆਹੂਤੀ ਪਾਵਾਂਗਾ।'

ਸਿੰਘ ਫੇਰ ਡੂੰਘੀਆਂ ਸੋਚਾਂ ਵਿਚ ਡੁੱਬ ਗਏ ਕਿ ਗੁਰੂ ਜੀ ਨੂੰ ਆਪਣੇ ਫ਼ੈਸਲੇ ਤੋਂ ਕਿਵੇਂ ਰੋਕਿਆ ਜਾਵੇ। ਆਖ਼ਰ ਉਨ੍ਹਾਂ ਨੂੰ ਗੁਰੂ ਜੀ ਦਾ ਹੀ ਦੱਸਿਆ ਇਕ ਗੁਰ ਯਾਦ ਆ ਗਿਆ। ਪੰਜ ਸਿੰਘ ਉਨ੍ਹਾਂ ਦੇ ਸਾਹਮਣੇ ਜਾ ਖਲੋਤੇ ਤੇ ਬੜੀ ਫ਼ੈਸਲਾਕੁੰਨ ਆਵਾਜ਼ ਵਿਚ ਆਖਿਆ, 'ਗੋਬਿੰਦ ਸਿੰਘ। ਖ਼ਾਲਸਾ ਪੰਥ ਦੀ ਭਲਾਈ ਨੂੰ

ਮੁੱਖ ਰੱਖ ਕੇ ਅਸੀਂ ਪੰਜ ਪਿਆਰੇ ਤੁਹਾਨੂੰ ਹੁਕਮ ਦਿੰਦੇ ਹਾਂ ਕਿ ਤੁਸੀਂ ਛੇਤੀ ਤੋਂ ਛੇਤੀ ਇਸ ਗੜ੍ਹੀ ਵਿਚੋਂ ਨਿਕਲ ਜਾਓ।' ਗੁਰੂ ਜੀ ਸਿੰਘਾਂ ਵੱਲੋਂ ਅਚਾਨਕ ਲਏ ਗਏ ਇਸ ਫ਼ੈਸਲੇ ਉੱਤੇ ਬੜੇ ਹੈਰਾਨ ਹੋਏ, ਪਰ ਉਨ੍ਹਾਂ ਨੇ ਇਸ ਹੁਕਮ ਅੱਗੇ ਸਿਰ ਝੁਕਾ ਦਿੱਤਾ।

ਹੁਣ ਗੁਰੂ ਜੀ ਗੜ੍ਹੀ ਵਿਚੋਂ ਨਿਕਲਣ ਦੀ ਤਿਆਰੀ ਕਰਨ ਲੱਗੇ। ਉਨ੍ਹਾਂ ਨੇ ਭਾਈ ਦਇਆ ਸਿੰਘ, ਭਾਈ ਧਰਮ ਸਿੰਘ ਤੇ ਭਾਈ ਮਾਨ ਸਿੰਘ ਨੂੰ ਆਪਣੇ ਨਾਲ ਚੱਲਣ ਲਈ ਆਖਿਆ। ਆਲੇ-ਦੁਆਲੇ ਨਜ਼ਰ ਮਾਰੀ ਤੇ ਭਾਈ ਸੰਗਤ ਸਿੰਘ ਨੂੰ ਆਪਣੇ ਕੋਲ ਬੁਲਾ ਕੇ ਪਿੱਠ ਉੱਤੇ ਥਾਪੜਾ ਦਿੱਤਾ। ਭਾਈ ਸੰਗਤ ਸਿੰਘ ਗੁਰੂ ਜੀ ਦਾ ਪੁਰਾਣਾ ਸੇਵਕ ਅਤੇ ਹਮ-ਉਮਰ ਸੀ। ਉਸਦਾ ਚਿਹਰਾ-ਮੁਹਰਾ ਵੀ ਗੁਰੂ ਜੀ ਦੇ ਚਿਹਰੇ ਨਾਲ ਮਿਲਦਾ ਸੀ। ਉਸ ਦੀ ਵਫ਼ਾਦਾਰੀ ਅਤੇ ਸੂਰਬੀਰਤਾ ਉੱਤੇ ਵੀ ਗੁਰੂ ਜੀ ਨੂੰ ਪੂਰਨ ਭਰੋਸਾ ਸੀ। ਗੁਰੂ ਜੀ ਨੇ ਆਪਣੀ ਦਸਤਾਰ ਤੇ ਜਿਗਾ-ਕਲਗੀ, ਆਪਣੇ ਸਿਰ ਤੋਂ ਉਤਾਰ ਕੇ ਭਾਈ ਸੰਗਤ ਸਿੰਘ ਦੇ ਸਿਰ 'ਤੇ ਸਜਾ ਦਿੱਤੀ। ਆਪਣੀ ਪੁਸ਼ਾਕ ਅਤੇ ਸ਼ਸਤਰ ਵੀ ਉਸ ਨੂੰ ਪਹਿਨਾ ਦਿੱਤੇ।

ਗੁਰੂ ਜੀ ਨੇ ਉਸ ਨੂੰ ਘੁੱਟ ਕੇ ਛਾਤੀ ਨਾਲ ਲਾਇਆ। ਇਕ ਵਾਰੀ ਫੇਰ ਪਿੱਠ ਥਾਪੜ ਕੇ ਆਖਿਆ, 'ਤੁਸੀਂ ਅਟਾਰੀ ਵਿਚ ਜਾ ਕੇ ਮੇਰੇ ਅਸਥਾਨ 'ਤੇ ਬੈਠ ਜਾਓ ਤਾਂ ਜੋ ਵੈਰੀ ਇਹ ਸਮਝਦੇ ਰਹਿਣ ਕਿ ਗੁਰੂ ਗੋਬਿੰਦ ਸਿੰਘ ਅਜੇ ਗੜ੍ਹੀ ਵਿਚ ਹੀ ਮੌਜੂਦ ਹੈ।' ਫੇਰ ਸਾਰੇ ਸਿੰਘਾਂ ਨੂੰ ਕਿਹਾ, 'ਕੱਲ੍ਹ ਨੂੰ ਜਦੋਂ ਗੜ੍ਹੀ ਉੱਤੇ ਹਮਲਾ ਹੋਵੇ ਤਾਂ ਵੈਰੀਆਂ ਦਾ ਡੱਟ ਕੇ ਮੁਕਾਬਲਾ ਕਰਿਓ। ਲਹੂ ਦੀ ਹੋਲੀ ਖੇਡ ਕੇ ਸ਼ਹੀਦੀਆਂ ਪਾ ਜਾਇਓ। ਪਰ ਦੇਖਿਆ, ਕਿਤੇ ਸਿੱਖੀ ਦੀ ਉੱਚੀ-ਸੁੱਚੀ ਸ਼ਾਨ ਨੂੰ ਦਾਗ਼ ਨਾ ਲੱਗ ਜਾਵੇ।' ਗੁਰੂ ਜੀ ਨੇ ਵਾਰੀ-ਵਾਰੀ ਸਾਰੇ ਸਿੰਘਾਂ ਨੂੰ ਘੁੱਟ ਕੇ ਛਾਤੀ ਨਾਲ ਲਾਇਆ। ਗੱਜ ਕੇ ਫ਼ਤਿਹ ਬੁਲਾਈ ਤੇ ਤਾੜੀ ਮਾਰ ਕੇ ਗੜ੍ਹੀ ਵਿਚੋਂ ਨਿਕਲ ਕੇ ਰਾਤ ਦੀ ਬੁੱਕਲ ਵਿਚ ਅਲੋਪ ਹੋ ਗਏ।

23 ਦਸੰਬਰ 1704 (ਕੁਝ ਇਤਿਹਾਸਕਾਰਾਂ ਅਨੁਸਾਰ 8 ਦਸੰਬਰ 1705 ਈ.) ਦਾ ਦਿਨ ਚੜ੍ਹਿਆ ਤਾਂ 'ਅਲੀ-ਅਲੀ' ਕਰਦੀ ਮੁਗ਼ਲ ਫ਼ੌਜ ਗੜ੍ਹੀ ਉੱਤੇ ਟੁੱਟ ਪਈ। ਅਟਾਰੀ ਵਿਚ ਉਨ੍ਹਾਂ ਨੂੰ ਗੁਰੂ ਗੋਬਿੰਦ ਸਿੰਘ ਬੈਠਾ ਨਜ਼ਰ ਆ ਰਿਹਾ ਸੀ। ਉਨ੍ਹਾਂ ਨੂੰ ਗੁਰੂ ਨੂੰ ਜਿਊਂਦਾ ਫੜਨ ਦਾ ਚਾਅ ਚੜ੍ਹਿਆ ਹੋਇਆ ਸੀ। ਗੜ੍ਹੀ ਵਿਚ ਬਚਦੇ ਸੱਤ-ਅੱਠ ਸਿੰਘਾਂ ਨੇ ਦੁਸ਼ਮਣਾਂ ਦਾ ਡੱਟ ਕੇ ਮੁਕਾਬਲਾ ਕੀਤਾ। ਪਰ ਵੈਰੀਆਂ ਦੀ ਬੇਸ਼ੁਮਾਰ ਗਿਣਤੀ ਕਾਰਨ ਉਹ ਛੇਤੀ ਹੀ ਸ਼ਹੀਦੀਆਂ ਪਾ ਗਏ।

ਸਾਰੀਆਂ ਮੁਗ਼ਲ ਤੇ ਪਹਾੜੀ ਫ਼ੌਜਾਂ ਵਿਚ ਖ਼ਬਰ ਫੈਲ ਗਈ ਕਿ ਗੁਰੂ ਗੋਬਿੰਦ ਸਿੰਘ ਮਾਰਿਆ ਗਿਆ ਹੈ। ਸਿਰ 'ਤੇ ਕਲਗੀ ਲੱਗੀ ਦੇਖ ਕੇ ਉਨ੍ਹਾਂ ਨੇ ਭਾਈ ਸੰਗਤ ਸਿੰਘ ਦਾ ਸਿਰ ਕੱਟ ਲਿਆ ਅਤੇ ਸਰਹੰਦ ਦੇ ਸੂਬੇਦਾਰ ਵਜ਼ੀਰ ਖਾਨ ਦੇ ਸਾਹਮਣੇ ਪੇਸ਼ ਕੀਤਾ। ਪਰ ਇਸ ਸਿਰ ਨੂੰ ਵੇਖ ਕੇ ਵਜ਼ੀਰ ਖਾਨ ਨੇ ਸਿਰ ਫੇਰ ਦਿੱਤਾ। ਆਪਣੇ ਸਿਪਾਹੀਆਂ ਨੂੰ ਟੁੱਟ ਕੇ ਪੈ ਗਿਆ, 'ਬੇਵਕੂਫੋ, ਇਹ ਸਿਰ ਗੁਰੂ ਦਾ ਨਹੀਂ ਹੈ। ਇਸ ਦਾ ਮਤਲਬ ਹੈ ਕਿ ਗੁਰੂ ਏਨੇ ਜ਼ਬਰਦਸਤ ਘੇਰੇ ਵਿਚੋਂ ਬਚ ਕੇ ਨਿਕਲ ਗਿਆ ਹੈ, ਜਾਓ ਜਾ ਕੇ ਉਸ ਨੂੰ ਲੱਭੋ।' ਇਸ ਤਰ੍ਹਾਂ ਬਾਬਾ ਸੰਗਤ ਸਿੰਘ ਜੀ ਨੇ ਗੁਰੂ ਜੀ ਦੇ ਪਵਿੱਤਰ ਸੀਸ ਤੋਂ ਆਪਣਾ ਸਿਰ ਕੁਰਬਾਨ ਕਰ ਦਿੱਤਾ।

ਬਾਬਾ ਸੰਗਤ ਸਿੰਘ ਦੇ ਜਨਮ-ਅਸਥਾਨ ਬਾਰੇ ਦੋ ਮਤ ਪ੍ਰਚਲਿਤ ਹਨ। ਇਕ ਮਤ ਅਨੁਸਾਰ ਉਹ ਦੁਆਬੇ ਵਿਚ ਬੀਤ ਦੇ ਇਲਾਕੇ ਦੇ ਸਨ ਤੇ ਦੂਜੇ ਮਤ ਅਨੁਸਾਰ ਉਹ ਵੇਈਂ ਦੇ ਇਲਾਕੇ ਦੇ ਵਸਨੀਕ ਸਨ। ਬੀਤ ਦੇ ਇਲਾਕੇ ਵਿਚ ਨੂਰਪੁਰ ਬੇਦੀ ਕੋਲ ਇਕ ਪਿੰਡ ਕੱਟਾ (ਸਬੌਰ) ਵਿਚ ਉਨ੍ਹਾਂ ਦੀ ਸਮਾਧ ਬਣੀ ਹੋਈ ਹੈ ਤੇ ਵੇਈਂ ਦੇ ਇਲਾਕੇ ਵਿਚ ਫਗਵਾੜੇ ਨੇੜੇ ਪਿੰਡ ਨੰਗਲ-ਸਪਰੋੜ ਕੋਲ, ਖੇੜੀ ਦੇ ਥੇਹ ਉੱਤੇ ਬਾਬਾ ਸੰਗਤ ਸਿੰਘ ਦੀ ਯਾਦ ਵਿਚ ਇਕ ਗੁਰਦੁਆਰਾ ਉਸਾਰੀ ਅਧੀਨ ਹੈ। ਬਾਬਾ ਸੰਗਤ ਸਿੰਘ ਭਾਵੇਂ ਇਕ ਗ਼ਰੀਬ ਪਰਿਵਾਰ ਨਾਲ ਸਬੰਧ ਰੱਖਦੇ ਸਨ ਪਰ ਉਨ੍ਹਾਂ ਦੀ ਮਹਾਨ ਕੁਰਬਾਨੀ ਕਾਰਨ ਸਿੱਖ ਇਤਿਹਾਸ ਵਿਚ ਉਨ੍ਹਾਂ ਦਾ ਨਾਂ ਸੁਨਹਿਰੀ ਅੱਖਰਾਂ ਵਿਚ ਲਿਖਿਆ ਜਾਂਦਾ ਹੈ।

+++

# ਆਖਿਰ ਧੀਆਂ ਨਾਲ ਧਰੋਹ ਕਦੋਂ ਤੱਕ ?

**ਸੰਜੀਵ ਸਿੰਘ ਸੈਣੀ**



ਹਾਲ ਹੀ ਵਿੱਚ ਜਲੰਧਰ ਵਿਖੇ ਗੁਆਂਢ ਵਿੱਚ ਰਹਿੰਦੇ ਹੀ ਇਕ ਘਟੀਆ ਬਿਰਤੀ ਬੰਦੇ ਵੱਲੋਂ 13 ਸਾਲਾਂ ਦੀ ਕੁੜੀ ਨਾਲ ਬਲਾਤਕਾਰ ਕਰ ਦਿੱਤਾ ਗਿਆ। ਇਨਸਾਨੀਅਤ ਸ਼ਰਮਸ਼ਾਰ ਹੋਈ ਹੈ। ਬਲਾਤਕਾਰ ਕਰਕੇ ਉਸਨੇ ਕੁੜੀ ਨੂੰ ਮਾਰ ਕੇ ਬਾਥਰੂਮ ਵਿੱਚ ਸੁੱਟ ਦਿੱਤਾ। ਜਦੋਂ ਘਰਦਿਆਂ ਨੇ ਦੇਖਿਆ ਕਿ ਉਹਨਾਂ ਦੀ ਬੱਚੀ ਘਰ ਵਾਪਸ ਨਹੀਂ ਆਈ ਹੈ ਤਾਂ ਉਹਨਾਂ ਨੇ ਸੀਸੀ ਟੀਵੀ ਕੈਮਰਾ ਦੇਖਿਆ। ਪੁਲਿਸ ਨੂੰ ਸੂਚਿਤ ਕੀਤਾ ਗਿਆ। ਪੁਲਿਸ ਉਸ ਦੋਸ਼ੀ ਦੇ ਘਰ ਆ ਕੇ ਜਾਂਦੀ ਹੈ ,ਪਰ ਚਾਹ ਪੀ ਕੇ ਚਲੀ ਜਾਂਦੀ ਹੈ। ਫਿਰ ਜਦੋਂ ਰਾਤ ਨੂੰ ਸਾਰੇ ਪਰਿਵਾਰ ਨੇ ਹੋਰ ਲੋਕਾਂ ਦੀ ਮਦਦ ਨਾਲ ਸੀਸੀਟੀਵੀ ਧਿਆਨ ਨਾਲ ਦੇਖਿਆ ਕਿ ਕੁੜੀ ਤਾਂ ਘਰ ਵਿੱਚ ਗਈ ਹੈ, ਪਰ ਵਾਪਸ ਨਹੀਂ ਆਈ ਹੈ। ਫਿਰ ਆਪਣੇ ਦਮ ਤੇ ਛਾਣਬੀਣ ਸ਼ੁਰੂ ਕੀਤੀ ਤਾਂ ਦੇਖਿਆ ਕਿ ਬਾਥਰੂਮ ਵਿੱਚ ਕੁੜੀ ਦੀ ਲਾਸ਼ ਪਈ ਸੀ। ਦੇਖੋ ! ਅੱਜ ਕੱਲ ਕਿਸੇ ਦਾ ਵੀ ਭਰੋਸਾ ਨਹੀਂ ਹੈ। ਅਕਸਰ ਬੱਚੇ ਇੱਕ ਦੂਜੇ ਪਰਿਵਾਰ ਵਿੱਚ ਖੇਡਣ ਲਈ ਚਲੇ ਜਾਂਦੇ ਹਨ। ਇਹ ਬਲਾਤਕਾਰੀ ਬੰਦਾ ਪਹਿਲਾਂ ਕ੍ਰਿਸ਼ਚਨ ਧਰਮ ਨਾਲ ਜੁੜਿਆ ਹੋਇਆ ਸੀ। ਧੀਆਂ ਦੀ ਸੁਰੱਖਿਆ ਲਈ ਲੋਕਾਂ ਨੂੰ ਖੁਦ ਅੱਗੇ ਆਉਣਾ ਪਵੇਗਾ। ਇਸ ਘਟਨਾ ਨੇ ਸਮਾਜ ,ਬੁੱਧੀਜੀਵੀਆਂ, ਪੁਲੀਸ ਪ੍ਰਸ਼ਾਸਨ ਨੂੰ ਬਹੁਤ ਵੱਡੇ ਸਵਾਲ ਵੀ ਖੜੇ ਕਰ ਦਿੱਤੇ ਹਨ। ਹਰ ਰੋਜ਼ ਪਤਾ ਨਹੀਂ ਅਜਿਹੀਆਂ ਕਿੰਨੀ ਮੰਦਭਾਗੀ ਘਟਨਾਵਾਂ ਵਾਪਰ ਰਹੀਆਂ ਹਨ। ਬੇਗਾਨਿਆਂ ਤੋਂ ਧੀਆਂ ਦੀ ਆਸ ਦੀ ਸੁਰੱਖਿਆ ਕਿਸ ਤਰ੍ਹਾਂ ਕੀਤੀ ਜਾਵੇ। ਅੱਜ ਮਨੁੱਖ ਦੀ ਸੋਚ ਨੂੰ ਕੀ ਹੋ ਚੁੱਕਿਆ ਹੈ। ਜੋ ਆਪਣੇ ਬੇਗਾਨੇ ਦੀ ਪਰਖ਼ ਕਰਨੀ ਭੁੱਲ ਚੁੱਕਾ ਹੈ। ਪੜੇ ਲਿਖੇ ਅਗਾਂਹਵਧੂ ਸੋਚ ਵਾਲੇ ਲੋਕ ਵੀ ਇਸ ਸ਼ਰਮਨਾਕ ਕਾਰੇ ਨੂੰ ਅੰਜਾਮ ਦੇ ਰਹੇ ਹਨ। ਚਾਹੇ ਸਬੰਧੀ ਏਐਸਆਈ ਨੂੰ ਬਰਖ਼ਾਸਤ ਕਰ ਦਿੱਤਾ ਗਿਆ ਹੈ। ਤੇ ਪੀਸੀਆਰ ਦੇ ਦੋ ਮੁਲਾਜ਼ਮਾਂ ਨੂੰ ਮੁਅੱਤਲ ਕਰ ਦਿੱਤਾ ਗਿਆ ਹੈ। ਪੰਜਾਬ ਮਹਿਲਾ ਕਮਿਸ਼ਨ ਦੀ ਚੇਅਰਪਰਸਨ ਵੱਲੋਂ ਲਾਪ੍ਰਵਾਹੀ ਵਰਤਣ ਵਾਲੇ ਪੁਲਿਸ ਮੁਲਾਜ਼ਮਾਂ ਖ਼?ਲਾਫ਼ ਮਾਮਲਾ ਦਰਜ ਕਰਨ ਲਈ ਉੱਚ ਪੁਲਿਸ ਅਧਿਕਾਰੀਆਂ ਨੂੰ ਅਪੀਲ ਕੀਤੀ ਹੈ।

ਇਸੇ ਤਰ੍ਹਾਂ ਮਨੀਪੁਰ ਵਿੱਚ ਵਾਪਰੀ ਘਟਨਾ ਨੇ ਪੂਰੀ ਕਾਇਨਾਤ ਨੂੰ ਹਿਲਾ ਕੇ ਰੱਖ ਦਿੱਤਾ ਸੀ। ਦੋ ਔਰਤਾਂ ਨੂੰ ਨਗਨ ਕਰਕੇ, ਬਲਾਤਕਾਰ ਕਰਕੇ ਘੁਮਾਇਆ ਗਿਆ ਸੀ। ਹੈਰਾਨੀ ਦੀ ਗੱਲ ਹੈ ਕਿ ਤਕਰੀਬਨ 2023 ਵਿੱਚ ਘਟਨਾ ਦੇ ਦੋ ਮਹੀਨੇ ਬਾਅਦ ਇਹ ਵੀਡੀਓ ਵਾਇਰਲ ਹੋਈ ਸੀ। ਇੱਕ ਦੋਸ਼ੀ ਆਦਿਵਾਸੀ ਔਰਤ ਨੂੰ ਘੜੀਸਦਾ ਹੋਇਆ ਦਿਖਾਈ ਦਿੱਤਾ ਸੀ। ਇੱਕ ਮਹਿਲਾ ਸਾਬਕਾ ਫੌਜੀ ਦੀ ਪਤਨੀ ਸੀ। ਹਜੂਮ ਨੇ ਪਿੰਡ ਤੇ ਹੱਲਾ ਬੋਲਦਿਆਂ ਘਰਾਂ ਵਿੱਚ ਲੁੱਟ ਖੋਹ ਕੀਤੀ, ਘਰਾਂ ਨੂੰ ਅੱਗ ਲਗਾ ਦਿੱਤੀ ਗਈ। ਧਾਰਮਿਕ ਸਥਾਨਾਂ ਨੂੰ ਵੀ ਸਾੜਿਆ ਗਿਆ ਸੀ। ਸੂਬੇ ਵਿੱਚ ਡਰ ਦਾ ਮਾਹੌਲ ਸੀ। ਚਾਹੇ ਦੋ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਸੀ। ਨਾਗਾ ਗੁੱਟਾਂ ਨੇ ਔਰਤਾਂ ਲਈ ਫੌਰੀ ਇਨਸਾਫ਼ ਮੰਗਿਆ ਸੀ। ਸੰਸਦ ਵਿੱਚ ਬਹੁਤ ਜ਼ਿਆਦਾ ਹੰਗਾਮਾ ਹੋਇਆ ਸੀ। ਫਾਸਟ ਟ?ਰੈਕ ਕੋਰਟ ਵਿਚ ਜਲਦੀ ਸੁਣਵਾਈ ਕਰਕੇ ਅਜਿਹੇ ਦੋਸ਼ੀਆਂ ਨੂੰ ਫਾਂਸੀ ਦੀ ਸਜਾ ਹੋਣੀ ਚਾਹੀਦੀ ਹੈ। ਅਜਿਹੀ ਇਹ ਕੋਈ ਪਹਿਲੀ ਘਟਨਾ ਨਹੀਂ ਹੈ। ਔਰਤਾਂ ਤੇ ਲਗਾਤਾਰ ਅਤਿਆਚਾਰ ਵੱਧ ਰਹੇ ਹਨ।

ਦਸ ਕੁ ਮਹੀਨੇ ਪਹਿਲਾਂ ਦਿੱਲੀ ਦੇ ਉੱਤਮ ਨਗਰ ਨੇੜੇ ਮੋਹਨ ਗਾਰਡਨ 'ਚ ਸਕੂਲ ਜਾ ਰਹੀ 17 ਸਾਲਾਂ ਦੀ ਵਿਦਿਆਰਥਣ ਦੇ ਚਿਹਰੇ ਤੇ ਮੋਟਰਸਾਈਕਲ ਸਵਾਰ ਨੌਜਵਾਨਾਂ ਨੇ ਤੇਜ਼ਾਬ ਸੁੱਟ ਦਿੱਤਾ ਸੀ। ਵਿਚਾਰਨ ਵਾਲੀ ਗੱਲ ਹੈ ਕਿ ਤੇਜ਼ਾਬ ਦੀ ਵਿਕਰੀ ਤੇ ਪਾਬੰਦੀ ਦੇ ਬਾਵਜੂਦ ਇਹਨਾਂ ਦੋਸ਼ੀਆਂ ਨੇ ਇਹ ਕਿਥੋਂ ਲਿਆ ? 17 ਸਾਲਾਂ ਵਿਦਿਆਰਥਣ ਨੇ ਪ੍ਰੇਮ ਪ੍ਰਸਤਾਵ ਠੁਕਰਾ ਦਿੱਤਾ ਸੀ। ਦਿਨ ਪ੍ਰਤੀ ਦਿਨ ਔਰਤਾਂ ਤੇ ਜ਼ੁਲਮ ਵਧਦੇ ਜਾ ਰਹੇ ਹਨ। ਬਲਾਤਕਾਰ, ਛੇੜਛਾੜ, ਹੋਰ ਪਤਾ ਨਹੀਂ ਕਿੰਨੀਆਂ ਹੀ ਘਿਨੌਣੀ ਹਰਕਤਾਂ ਤੋਂ ਅਜਿਹੇ ਦੋਸ਼ੀ ਬਾਜ਼ ਨਹੀਂ ਆ ਰਹੇ ਹਨ। ਉਸ ਕੁੜੀ ਤੇ ਕੀ ਬੀਤੀ ਹੋਵੇਗੀ, ਜਿਸ ਦਾ ਸਾਰਾ ਹੀ ਚਿਹਰਾ ਜਲਾ ਦਿੱਤਾ। ਹਰ ਵਾਰ ਅਜਿਹੇ ਦਰਿੰਦਿਆਂ ਨੂੰ ਕੋਸੇਗੀ ।ਮਾਂ ਬਾਪ ਤੇ ਕੀ ਬੀਤੀ ਹੋਵੇਗੀ।

ਕੁੱਝ ਹੀ ਮਹੀਨੇ ਪਹਿਲਾਂ ਉਤਰਾਖੰਡ ਦੇ ਪੌੜੀ ਜ਼ਿਲ੍ਹੇ ਦੇ ਇੱਕ ਰਿਜ਼ੌਰਟ ਵਿਚ ਕੰਮ ਕਰਦੀ ਲੜਕੀ ਦੀ ਲਾਸ਼ ਨਹਿਰ ਚੋਂ ਮਿਲੀ। ਰਿਜ਼ੌਰਟ ਵਿੱਚ ਰਹਿ ਰਹੇ ਮਹਿਮਾਨਾਂ ਨਾਲ ਕੁੜੀ ਨੂੰ ਸਬੰਧ ਬਣਾਉਣ ਲਈ ਦਬਾਅ ਪਾਇਆ ਜਾਂਦਾ ਸੀ। ਹਾਲਾਂਕਿ ਰਿਜ਼ੌਰਟ ਮਾਲਕ ਦੇ ਨਾਲ ਨਾਲ ਦੋ ਹੋਰ ਲੋਕਾਂ ਦੀ ਗ੍ਰਿਫਤਾਰੀ ਵੀ ਹੋਈ ਸੀ। ਰੋਸ ਵਿਚ ਆਏ ਲੋਕਾਂ ਵੱਲੋਂ ਪੁਲੀਸ ਦੀ ਗੱਡੀ ਦੀ ਭੰਨ-ਤੋੜ ਵੀ ਕੀਤੀ ਗਈ। ਧਰਨੇ ਮੁਜ਼ਾਹਰੇ ਵੀ ਲਗਾਏ ਗਏ। ਰਿਪੋਰਟ ਮੁਤਾਬਕ ਲੜਕੀ ਦੇ ਸ਼ਰੀਰ ਤੇ ਕੁੱਟਮਾਰ ਦੇ ਨਿਸ਼ਾਨ ਵੀ ਪਾਏ ਗਏ। ਲਗਾਤਾਰ ਅਜਿਹੀਆਂ ਘਿਨਾਉਣੀਆਂ ਹਰਕਤਾਂ ਵਿਚ ਵਾਧਾ ਹੋ ਰਿਹਾ ਹੈ। ਵਾਰ-ਵਾਰ ਦੋਸ਼ੀਆਂ ਨੂੰ ਫਾਂਸੀ ਦੇਣ ਦੀ ਮੰਗ ਕੀਤੀ ਜਾਂਦੀ ਹੈ।

ਝਾਰਖੰਡ ਦੇ ਦੁਮਕਾ ਜ਼ਿਲੇ ਵਿਚ ਬਾਰਵੀਂ ਕਲਾਸ ਦੀ ਵਿਦਿਆਰਥਣ ਨੂੰ ਉਸ ਦੇ ਹੀ ਮੁਹੱਲੇ ਦੇ ਨੌਜਵਾਨਾਂ ਵੱਲੋਂ ਪੈਟਰੋਲ ਛਿੜਕ ਕੇ ਅੱਗ ਲਗਾ ਦੇਣਾ ਬਹੁਤ ਮੰਦਭਾਗੀ ਘਟਨਾ ਸੀ। ਪੀੜਤ ਦੇ ਮੁਹੱਲੇ ਦਾ ਮੁੰਡਾ ਉਸ ਨੂੰ ਵਿਆਹ ਲਈ ਬਾਰ-ਬਾਰ ਤੰਗ ਕਰ ਰਿਹਾ ਸੀ। ਕਿਉਂਕਿ ਉਹ ਦੋਸ਼ੀ ਉਸ ਕੁੜੀ ਨੂੰ ਪਿਆਰ ਕਰਦਾ ਸੀ ਤੇ ਕੁੜੀ ਨੇ ਹਾਮੀ ਨਹੀਂ ਭਰੀ ਸੀ। ਜਿਸ ਕਰਕੇ ਉਸ ਨੇ ਕੁੜੀ ਨੂੰ ਜਿਉਂਦੇ ਜੀਅ ਸਾੜ ਦਿੱਤਾ। ਜ਼ਖ਼ਮਾਂ ਦਾ ਦਰਦ ਨਾ ਸਹਿੰਦੀ ਹੋਈ ਕੁੜੀ ਨੇ ਦਮ ਤੋੜ ਦਿੱਤਾ। ਹਾਲਾਂਕਿ ਦੋਸ਼ੀ ਪੁਲਿਸ ਦੀ ਗ੍ਰਿਫਤ ਵਿੱਚ ਸਨ। ਇਲਾਕੇ ਵਿਚ ਸਮਾਜ ਸੇਵੀ ਸੰਸਥਾਵਾਂ ਅਤੇ ਸਿਆਸੀ ਪਾਰਟੀਆਂ ਵੱਲੋਂ ਦੋਸ਼ੀ ਨੂੰ ਫਾਂਸੀ ਦੇਣ ਦੀ ਮੰਗ ਕੀਤੀ ਗਈ। ਧਰਨੇ ਮੁਜਹਾਰੇ ਲਗਾਏ ਗਏ। ਹਰ ਰੋਜ਼ ਪਤਾ ਨਹੀਂ ਕਿੰਨੀਆਂ ਹੀ ਦੇਸ਼ ਵਿਚ ਔਰਤਾਂ ਨਾਲ ਜਬਰ ਜਨਾਹ ਹੁੰਦਾ ਹੈ। ਘਰੇਲੂ ਹਿੰਸਾ ਦਾ ਸ਼ਿਕਾਰ ਔਰਤਾਂ ਲਗਾਤਾਰ ਹੋ ਰਹੀਆਂ ਹਨ।

7 ਸਾਲ, 3 ਮਹੀਨੇ, 8 ਦਿਨ ਬਾਅਦ ਆਖਿਰ ਨਿਰਭਿਆ ਦੇ ਮਾਤਾ ਪਿਤਾ ਨੂੰ ਇਨਸਾਫ਼ ਮਿਲਿਆ ਸੀ। ਦੋਸ਼ੀਆਂ ਨੂੰ ਸਵੇਰੇ 5:30 ਵਜੇ ਫਾਂਸੀ ਦੇ ਦਿੱਤੀ ਗਈ। ਤਿਹਾੜ ਜੇਲ ਦੇ ਬਾਹਰ ਜਸ਼ਨ ਦਾ ਮਾਹੌਲ ਸੀ। ਲੋਕਾਂ ਨੇ ਇੱਕ ਦੂਜੇ ਨੂੰ ਮਠਿਆਈ ਵੰਡ ਕੇ ਖੁਸ਼ੀ ਮਨਾਈ। ਅਜਿਹੇ ਦੋਸ਼ੀ ਜੋ ਆਪਣਾ ਕੇਸ ਵਕੀਲਾਂ ਕੋਲ ਲੈ ਕੇ ਜਾਂਦੇ ਹਨ, ਉਨ੍ਹਾਂ ਵਕੀਲਾਂ ਨੂੰ ਅਜਿਹੇ ਕੇਸ ਨਹੀਂ ਫੜਨੇ ਚਾਹੀਦੇ। ਜੋ ਵੀ ਵਕੀਲ ਅਜਿਹੇ ਕੇਸ ਫੜਦਾ ਹੈ ਉਸ ਦੀ ਬਾਰ ਕੌਂਸਲ ਰਜਿਸਟ੍ਰੇਸ਼ਨ ਤੁਰੰਤ ਕੈਂਸਲ ਕਰੇ। ਅਜਿਹੇ ਬਲਾਤਕਾਰ, ਗੈਂਗਰੇਪ, ਤੇਜ਼ਾਬੀ ਹਮਲੇ ਦੇ ਪੀੜਤ ਪਰਿਵਾਰਾਂ ਨੂੰ ਛੇ ਮਹੀਨੇ ਦੇ ਅੰਦਰ ਅੰਦਰ ਇਨਸਾਫ਼ ਮਿਲਣਾ ਚਾਹੀਦਾ ਹੈ। ਤੇ ਦੋਸ਼ੀਆਂ ਨੂੰ ਫਾਂਸੀ ਦੀ ਸਜ਼ਾ ਛੇ ਮਹੀਨੇ ਦੇ ਅੰਦਰ ਅੰਦਰ ਹੋ ਜਾਣੀ ਚਾਹੀਦੀ ਹੈ। ਫਾਸਟ ਟਰੈਕ ਅਦਾਲਤਾਂ ਵਿੱਚ ਅਜਿਹੇ ਕੇਸਾਂ ਦੀ ਸੁਣਵਾਈ ਹੋਣੀ ਚਾਹੀਦੀ ਹੈ। ਤੇਲੰਗਾਨਾ ਵਿੱਚ ਵੀ ਵੈਟਨਰੀ ਡਾਕਟਰ ਨੂੰ ਵੀ ਜ਼ਾਲਮਾਂ ਨੇ ਜਿਉਂਦੇ ਜੀਅ ਸਾੜ ਦਿੱਤਾ ਸੀ। ਉੱਥੋਂ ਦੇ ਪੁਲਿਸ ਕਮਿਸ਼ਨਰ ਨੇ ਐਨਕਾਊਂਟਰ ਵਿੱਚ ਦੋਸ਼ੀ ਮਾਰ ਦਿੱਤੇ। ਪੁਲਿਸ ਕਮਿਸ਼ਨਰ ਦਾ ਸ਼ਲਾਘਾ ਕਦਮ ਸੀ।

ਮਾਂ ਬਾਪ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਆਪਣੇ ਬੱਚਿਆਂ ਨੂੰ ਨੈਤਿਕ ਕਦਰਾ ਕੀਮਤਾ ਬਾਰੇ ਜਾਣੂੰ ਕਰਵਾਉਣ। ਮਾਂ ਬਾਪ ਨੂੰ ਆਪਣੇ ਬੱਚਿਆਂ ਨੂੰ ਚੰਗੀਆਂ ਗੱਲਾਂ ਸਿਖਾਉਣੀ ਚਾਹੀਦੀਆਂ ਹਨ। ਦਰਅਸਲ ਅੱਜਕੱਲ ਮਾਂ-ਬਾਪ ਵੀ ਆਪਣੇ ਬੱਚਿਆਂ ਨੂੰ ਕਹਿਣ ਤੋਂ ਡਰਦੇ ਹਨ। ਕਿਉਂਕਿ ਅੱਜਕਲ ਦੇ ਬੱਚੇ ਗ਼ਲਤ ਕਦਮ ਜਲਦੀ ਚੁੱਕਦੇ ਹਨ। ਮਾਂ ਬਾਪ ਨੂੰ ਇਹ ਡਰ ਹੁੰਦਾ ਹੈ ਕਿ ਜੇ ਅਸੀਂ ਆਪਣੇ ਬੱਚੇ ਨੂੰ ਝਿੜਕਾਂਗੇ, ਕੱਲ੍ਹ ਨੂੰ ਉਨ੍ਹਾਂ ਦਾ ਬੱਚਾ ਪਤਾ ਨਹੀਂ ਕੀ ਕਰ ਲਵੇ। ਗੁਜਰਾਤ ਦੇ 2002 ਦੇ ਦੰਗਾ-ਪੀੜਤਾਂ ਵਿੱਚ ਇੱਕ ਗਰਭਵਤੀ ਔਰਤ ਨਾਲ ਜਬਰ ਜਨਾਹ ਕਰਨ , ਤੇ ਪਰਿਵਾਰ ਦੇ ਮੈਂਬਰਾਂ ਦੀ ਹੱਤਿਆ ਕਰ ਦਿੱਤੀ ਗਈ। ਤੇ ਉਥੋਂ ਦੀ ਸਰਕਾਰ ਨੇ ਦੋ ਸਾਲ ਪਹਿਲਾਂ ਆਜ਼ਾਦੀ ਦਿਵਸ ਤੇ ਅਜਿਹੇ ਦੋਸ਼ੀਆਂ ਨੂੰ ਰਿਹਾ ਕਰ ਦਿੱਤਾ, ਜੋ ਕਿ ਮੰਦਭਾਗੀ ਘਟਨਾ ਸੀ। ਦੋਸ਼ੀਆਂ ਦੇ ਹੌਂਸਲੇ ਹੋਰ ਬੁਲੰਦ ਹੋ ਜਾਂਦੇ ਹਨ। ਉਹਨਾਂ ਦੇ ਅੰਦਰ ਬਿਲਕੁਲ ਵੀ ਭੈਅ ਨਹੀਂ ਰਹਿੰਦਾ। ਉਹਨਾਂ ਨੂੰ ਇਹ ਹੁੰਦਾ ਹੈ ਕਿ ਸਰਕਾਰਾਂ ਨੇ ਤਾਂ ਸਾਨੂੰ ਰਿਹਾਅ ਕਰ ਦੇਣਾ ਹੈ। ਹਾਲਾਂ ਕਿ ਸੁਪਰੀਮ ਕੋਰਟ ਨੇ ਵੀ ਉਥੋਂ ਦੀ ਕੋਰਟ ਤੋਂ ਜਵਾਬ ਮੰਗਿਆ ਸੀ। ਇਹ ਬਿਲਕੁਲ ਗ਼ਲਤ ਹੈ।ਔਰਤਾਂ ਦੀ ਸੁਰੱਖਿਆ ਯਕੀਨੀ ਬਣਾਉਣ ਲਈ ਸਾਡੀ ਸਾਰਿਆਂ ਦੀ ਅਹਿਮ ਜ਼ਿੰਮੇਵਾਰੀ ਹੈ। ਔਰਤ ਸਾਡੇ ਸਮਾਜ ਦਾ ਅਹਿਮ ਹਿੱਸਾ ਹੈ। ਔਰਤ ਹੀ ਜੱਗ ਜਨਣੀ ਹੈ। ਅੱਜ ਦੇਸ਼ ਦੇ ਅਹਿਮ ਅਹੁਦਿਆਂ ਤੇ ਔਰਤਾਂ ਬਿਰਾਜਮਾਨ ਹਨ। ਚਾਹੇ ਉਹ ਥਲ ਸੈਨਾ ਹੋਵੇ ਜਾਂ ਨੇਵੀ ਵਿਚ ਕੋਈ ਵੀ ਅਹਿਮ ਅਹੁਦਾ ਹੋਵੇ। ਅੱਜ ਰਾਸ਼ਟਰਪਤੀ ਦੇ ਅਹਿਮ ਮੁੱਦੇ ਤੇ ਇੱਕ ਨਾਰੀ ਬਿਰਾਜਮਾਨ ਹੈ। ਮੁੱਖ ਮੰਤਰੀ ਤੱਕ ਕਈ ਸੂਬਿਆਂ ਵਿੱਚ ਨਾਰੀਆਂ ਹਨ। ਪ੍ਰਸ਼ਾਸਨਿਕ ਸੇਵਾਵਾਂ ਬਹੁਤ ਹੀ ਵਧੀਆ ਤਰੀਕੇ ਨਾਲ ਔਰਤਾਂ ਨਿਭਾ ਰਹੀਆਂ ਹਨ। ਫਿਰ ਔਰਤਾਂ ਨਾਲ ਅਜਿਹਾ ਵਿਤਕਰਾ ਕਿਉਂ ਕੀਤਾ ਜਾ ਰਿਹਾ ਹੈ? ਕਿਉਂ ਜ਼ੁਲਮ ਕਰਨ ਵਾਲੇ ਨੂੰ ਫਾਂਸੀ ਦੀ ਸਜ਼ਾ ਨਹੀਂ ਦਿੱਤੀ ਜਾ ਰਹੀ। ਕਿਉਂ ਉਨ੍ਹਾਂ ਨੂੰ ਸਲਾਖਾਂ ਪਿੱਛੇ ਨਹੀਂ ਰੱਖਿਆ ਜਾ ਰਿਹਾ ਹੈ। ਕਿਉਂ ਉਨ੍ਹਾਂ ਦੋਸ਼ੀਆਂ ਨੂੰ ਰਿਹਾ ਕਰ ਦਿੱਤਾ ਜਾਂਦਾ ਹੈ? ਅਜਿਹੇ ਸਵਾਲ ਅੱਜ ਵੀ ਸਾਡੇ ਸਾਹਮਣੇ ਖੜ੍ਹੇ ਹਨ। ਸਾਡੀ ਸਾਰਿਆਂ ਦੀ ਅਹਿਮ ਜ਼ਿੰਮੇਵਾਰੀ ਬਣ ਜਾਂਦੀ ਹੈ ਕਿ ਸਾਨੂੰ ਔਰਤਾਂ ਦਾ ਦਿਲੋਂ ਸਤਿਕਾਰ ਕਰਨਾ ਚਾਹੀਦਾ ਹੈ। ਔਰਤਾਂ ਅੱਜ ਕਿਸੇ ਤੋਂ ਘੱਟ ਨਹੀਂ ਹਨ। ਜਦੋਂ ਕੋਈ ਵੀ ਪ੍ਰੀਖਿਆ ਦਾ ਨਤੀਜਾ ਘੋਸ਼ਿਤ ਹੁੰਦਾ ਹੈ ਤਾਂ ਸਿਖਰਲੀ ਪੁਜੀਸ਼ਨਾਂ ਤੇ ਕੁੜੀਆਂ ਹੀ ਬਾਜ਼ੀ ਮਾਰਦੀਆਂ ਹਨ। ਕੁੜੀਆਂ ਮਾਂ ਬਾਪ ਦਾ ਬਹੁਤ ਧਿਆਨ ਰੱਖਦੀਆਂ ਹਨ। ਸੂਬਾ ਸਰਕਾਰਾਂ ਨੂੰ ਕੁੜੀਆਂ ਦੇ ਹਿੱਤਾਂ ਦੀ ਰਾਖੀ ਲਈ ਅਹਿਮ ਕਦਮ ਚੁੱਕਣੇ ਚਾਹੀਦੇ ਹਨ। ਅਜਿਹਾ ਕੋਈ ਵੀ ਦੋਸ਼ੀ ਹੁੰਦਾ ਹੈ ਜਾਂ ਉਹ ਅਜਿਹੀ ਘਿਨੌਣੀ ਹਰਕਤ ਕਰਦਾ ਹੈ ਤਾਂ ਉਸ ਦੇ ਖਿਲਾਫ ਸਖ਼ਤ ਤੋਂ ਸਖ਼ਤ ਕਾਰਵਾਈ ਹੋਣੀ ਚਾਹੀਦੀ ਹੈ। ਤਾਂ ਜੋ ਹੋਰਾਂ ਨੂੰ ਵੀ ਕੰਨ ਹੋ ਜਾਣ। ਨਿਆਂ ਪ੍ਰਣਾਲੀ ਵਿੱਚ ਸੁਧਾਰ ਹੋਣਾ ਚਾਹੀਦਾ ਹੈ। ਜੋ ਵੀ ਅਜਿਹੀ ਵਾਰਦਾਤ ਨੂੰ ਅੰਜਾਮ ਦਿੰਦੇ ਹਨ ਜਲਦੀ ਤੋਂ ਜਲਦੀ ਫਾਸਟ ਟਰੈਕ ਵਿੱਚ ਅਜਿਹੇ ਕੇਸ ਲਗਾ ਕੇ ਫਾਂਸੀ ਦੀ ਸਜ਼ਾ ਸੁਣਾਈ ਜਾਣੀ ਚਾਹੀਦੀ ਹੈ ।ਅਜਿਹੇ ਅਪਰਾਧ ਰੋਕਣ ਲਈ ਸਮਾਜ ਵਿੱਚ ਲੋਕਾਂ ਨੂੰ ਜਾਗਰੂਕ ਕਰਨਾ ਚਾਹੀਦਾ ਹੈ। ਪਰਿਵਾਰ ਆਪਣੇ ਪੁੱਤਰਾਂ ਨੂੰ ਔਰਤਾਂ ਦਾ ਮਾਣ-ਸਤਿਕਾਰ ਕਰਨ ਦੀ ਸਿੱਖਿਆ ਜਰੂਰ ਦੇਣ।

**ਮੁਹਾਲੀ** (78889-66168)

# ਸੰਨੀ ਧਾਲੀਵਾਲ ਦੀ ਕਾਵਿ-ਸੰਵੇਦਨਾ (ਖ਼ਾਲੀ ਆਲ੍ਹਣਾ ਦੇ ਆਧਾਰ 'ਤੇ)



-ਪ੍ਰੋ. ਸੁਹਿੰਦਰ ਬੀਰ ਸਿੰਘ

ਸੰਨੀ ਧਾਲੀਵਾਲ ਦੀ ਕਾਵਿ ਕਿਰਤ 'ਖ਼ਾਲੀ ਆਲ੍ਹਣਾ' 2023 ਈਸਵੀ ਵਿੱਚ ਪ੍ਰਕਾਸ਼ਤ ਹੋਈ ਹੈ। ਮੈਨੂੰ ਇਹ ਪੁਸਤਕ ਕੁਝ ਅਰਸਾ ਪਹਿਲਾਂ ਪ੍ਰਾਪਤ ਹੋਈ ਸੀ ਪਰ ਦੇਸ ਪਰਦੇਸ ਵਿਚ ਆਉਣ ਜਾਣ ਕਰਕੇ ਇਸ ਪੁਸਤਕ ਨੂੰ ਪੜ੍ਹਨ ਵਿੱਚ ਮੈਂ ਲੇਟ ਹੋ ਗਿਆ ਹਾਂ। ਉਂਜ ਫੇਸ ਬੁਕ ਉੱਪਰ ਗਾਹੇ-ਬਗਾਹੇ ਮੈਂ ਉਸ ਦੀ ਕਵਿਤਾ ਪੜ੍ਹਦਾ ਰਹਿੰਦਾ ਹਾਂ। ਅਮਰੀਕਾ ਰਹਿੰਦੇ ਹੋਏ ਮੇਰੀ ਉਸ ਨਾਲ ਟੈਲੀਫੋਨ ਉੱਪਰ ਦੋ ਚਾਰ ਵਾਰ ਗੱਲਬਾਤ ਵੀ ਹੋ ਚੁੱਕੀ ਹੈ। ਸੰਨੀ ਧਾਲੀਵਾਲ ਇਕ ਅਗਾਂਹਵਧੂ ਅਤੇ ਉਸਾਰੂ ਸੋਚ ਵਾਲਾ ਸ਼ਾਇਰ ਹੈ। ਉਹ ਅਜਿਹਾ ਸ਼ਾਇਰ ਹੈ ਜੋ ਸਾਡੀ ਜ਼ਿੰਦਗੀ ਅਤੇ ਆਲੇ ਦੁਆਲੇ ਵਿੱਚ ਆਈ ਗਿਰਾਵਟ ਤੋਂ ਭਲੀ ਭਾਂਤ ਵਾਕਿਫ਼ ਹੈ ਅਤੇ ਉਸਨੂੰ ਮੁੜ ਲੀਹ ਤੇ ਲਿਆਉਣਾ ਚਾਹੁੰਦਾ ਹੈ। ਕਾਵਿ-ਪ੍ਰਗਟਾਵੇ ਲਈ ਉਹ ਜਿਹੜੀ ਵਿਧੀ ਵਰਤਦਾ ਹੈ ਉਹ ਵਿਅੰਗ ਅਤੇ ਕਟਾਖ਼ਸ਼ ਦੀ ਹੈ, ਜਿਹੜੀ ਪਾਠਕ ਦੇ ਮਨ ਵਿੱਚ ਹੁਲਾਸ ਵੀ ਪੈਦਾ ਕਰਦੀ ਹੈ।

ਮੈਂ ਕਦੇ ਸੰਨੀ ਧਾਲੀਵਾਲ ਨੂੰ ਮਿਲਿਆ ਨਹੀਂ ਪਰ ਉਹਨਾਂ ਦੇ ਪਿਤਾ ਪ੍ਰੋਫ਼ੈਸਰ ਅਮਰ ਸਿੰਘ ਧਾਲੀਵਾਲ ਹੋਰਾਂ ਨਾਲ ਮੇਰਾ ਬੜਾ ਨਿੱਘਾ ਸੰਬੰਧ ਰਿਹਾ ਹੈ। 1979-80 ਈਸਵੀ ਵਿਚ ਜਦੋਂ ਮੈਂ ਜਸਵੰਤ ਸਿੰਘ ਨੇਕੀ ਦੀ ਕਵਿਤਾ ਉੱਪਰ ਐਮ. ਫਿਲ. ਦਾ ਖੋਜ-ਕਾਰਜ ਕਰ ਰਿਹਾ ਸੀ ਤਾਂ ਮਨੋਵਿਗਿਆਨ ਦੀ ਸਮਝ ਲਈ ਮੇਰਾ ਪ੍ਰੋ. ਧਾਲੀਵਾਲ ਹੋਰਾਂ ਨੂੰ ਮਿਲਣ ਦਾ ਸਬੱਬ ਬਣਿਆ। ਪ੍ਰੋਫ਼ੈਸਰ ਅਮਰ ਸਿੰਘ ਧਾਲੀਵਾਲ ਬਹੁਤ ਹੀ ਜ਼ਮੀਨੀ ਪੱਧਰ 'ਤੇ ਵਿਚਰਨ ਵਾਲੇ ਇੱਕ ਆਦਰਸ਼ਕ ਅਤੇ ਨੇਕ-ਨੀਤੀ ਵਾਲੇ ਇਨਸਾਨ ਸਨ। ਉਹ ਆਪਣੀ ਸਾਦਗੀ, ਹਲੀਮੀ ਅਤੇ ਉਚੇਰੀ ਸੋਚ ਵਾਲੇ ਇਨਸਾਨ ਵਜੋਂ ਜਾਣੇ ਜਾਂਦੇ ਸਨ। ਪੜ੍ਹਾਈ ਦੇ ਨਾਲ ਨਾਲ ਜਦੋਂ ਵੀ ਮੈਂ ਉਹਨਾਂ ਦੇ ਪਾਸ ਕੋਈ ਸਮੱਸਿਆ ਲੈ ਕੇ ਗਿਆ ਤਾਂ ਉਹਨਾਂ ਨੇ ਉਸਨੂੰ ਗੰਭੀਰਤਾ ਨਾਲ ਲੈ ਕੇ ਉਸਦਾ ਕੋਈ ਨਾ ਕੋਈ ਤਰਕ-ਮਈ ਹੱਲ ਜ਼ਰੂਰ ਪੇਸ਼ ਕੀਤਾ। ਉਹਨਾਂ ਦੀਆਂ ਪੈੜਾਂ 'ਤੇ ਤੁਰਨ ਵਾਲੇ ਜੇ ਅੱਜ ਵੀ ਕੁਝ ਇਨਸਾਨ ਪੈਦਾ ਹੋ ਜਾਣ ਤਾਂ ਇਹ ਯੂਨੀਵਰਸਿਟੀ, ਇਹ ਸਮਾਜ ਅਤੇ ਸਾਡਾ ਆਲਾ ਦੁਆਲਾ ਜ਼ਰੂਰ ਤਰੱਕੀ ਕਰ ਸਕਦਾ ਹੈ।

ਸੰਨੀ ਧਾਲੀਵਾਲ ਨੂੰ ਆਦਰਸ਼ਕ, ਅਗਰਗਾਮੀ ਅਤੇ ਸਮਾਜ ਦੀਆਂ ਅੰਦਰਲੀਆਂ ਗਿਰਾਵਟਾਂ ਨੂੰ ਵੇਖਣ ਵਾਲੀ ਸੋਚ ਆਪਣੇ ਪਿਤਾ ਜੀ ਪਾਸੋਂ ਪ੍ਰਾਪਤ ਹੋਈ ਹੈ, ਕੋਈ ਵੀ ਇਨਸਾਨ ਜਿਹੋ ਜਿਹੇ ਪਰਿਵਾਰ ਅਤੇ ਸਭਿਆਚਾਰ ਵਿੱਚ ਜੰਮਦਾ, ਪਲਦਾ ਅਤੇ ਵਿਕਸਦਾ ਹੈ ਉਸ ਦਾ ਉਸ ਦੀ ਸ਼ਖ਼ਸੀਅਤ ਦੀ ਘਾੜਤ ਵਿੱਚ ਜ਼ਰੂਰ ਅਸਰ ਪੈਂਦਾ ਹੈ। ਇਹ ਅਸਰ ਖ਼ਾਲੀ ਆਲ੍ਹਣਾ ਵਿਚ ਪੇਸ਼ ਹੋਈਆਂ ਕਵਿਤਾਵਾਂ ਵਿੱਚ ਵੇਖਿਆ ਜਾ ਸਕਦਾ ਹੈ।

ਸੰਨੀ ਧਾਲੀਵਾਲ ਦੀ ਇਹ ਪੁਸਤਕ ਖ਼ਾਲੀ ਆਲ੍ਹਣਾ ਭਾਵੇਂ 2023 ਈਸਵੀ ਵਿੱਚ ਪ੍ਰਕਾਸ਼ਿਤ ਹੋਈ ਹੈ ਪਰ ਇਸ ਪੁਸਤਕ ਵਿੱਚ ਪੇਸ਼ ਹੋਈ ਸਮਗਰੀ ਇਕਦਮ ਤਤਕਾਲੀ ਸਮਾਜ ਵਾਲੀ ਨਹੀਂ ਬਲਕਿ ਪਿਛਲੇ ਦੋ ਤਿੰਨ ਦਹਾਕਿਆਂ ਤੋਂ ਜੋ ਪੰਜਾਬੀ ਸਮਾਜ ਅਤੇ ਸਭਿਆਚਾਰ ਵਿੱਚ ਨਿਖੇਧਾਤਮਕ ਪਸਾਰਾਂ ਦੇ ਪ੍ਰਭਾਵ ਵਾਲੀ ਬਣ ਰਹੀ ਹੈ ਉਸਦਾ ਬਹੁ-ਕੋਨੀ ਪ੍ਰਭਾਵ ਵੇਖਿਆ ਜਾ ਸਕਦਾ ਹੈ। ਇਹ ਪ੍ਰਭਾਵ ਕੇਵਲ ਨੌਜਵਾਨ ਪੀੜ੍ਹੀ ਉੱਪਰ ਹੀ ਨਹੀਂ ਬਲਕਿ ਹਰ ਉਮਰ ਦੇ ਬੰਦਿਆਂ ਉੱਪਰ ਦਿਖਾਈ ਦਿੰਦਾ ਹੈ। ਜ਼ਿੰਦਗੀ ਵਿਚ ਅਸੀਂ ਸਾਰੇ ਸਮਾਜਕ ਅਤੇ ਰਚਨਾਤਮਕ ਕਾਰਾਂ-ਵਿਹਾਰਾਂ ਵਿੱਚ ਰੁੱਝੇ ਰਹਿੰਦੇ ਹਾਂ, ਜ਼ਿੰਦਗੀ ਇੱਕ ਕਿਸਮ ਦਾ ਸੰਘਰਸ਼ ਹੀ ਹੈ ਪਰ ਪੰਜਾਬੀ ਸਮਾਜ ਵਿਚ ਇਹ ਗਿਰਾਵਟ ਇਸ ਤਰ੍ਹਾਂ ਵੇਖੀ ਜਾ ਸਕਦੀ ਹੈ ਇਸ ਸਮਾਜ ਵਿੱਚ ਕੁਝ ਇਨਸਾਨ ਸ਼ਾਰਟ-ਕੱਟ ਰਸਤੇ ਰਾਹੀਂ ਅਗਲੇਰੀਆਂ ਪਦਵੀਆਂ ਨੂੰ ਹਾਸਿਲ ਕਰਨਾ ਚਾਹੁੰਦੇ ਹੁੰਦੇ ਹਨ। ਸਮਾਜ ਵਿੱਚ ਆਪਣਾ ਨਾਮਣਾ ਖਟਣਾ ਚਾਹੁੰਦੇ ਹਨ ਜਾਂ ਟੇਢੇ-ਮੇਢੇ ਰਸਤੇ ਅਪਣਾ ਕੇ ਸ਼ੋਹਰਤ ਦੀਆਂ ਬੁਲੰਦੀਆਂ ਤੇ ਪੁੱਜਣਾ ਚਾਹੁੰਦੇ ਹਨ। ਅਜਿਹੇ ਆਦਮੀ ਸਹੀ ਰਸਤੇ ਨੂੰ ਛੱਡ ਕੇ ਜ਼ਿੰਦਗੀ ਦੇ ਵਿਚਲਿਤ ਰਸਤੇ ਤੇ ਤੁਰਨ ਵਿਚ ਆਪਣੀ ਚਤੁਰਾਈ ਦਿਖਾਉਂਦੇ ਹਨ। ਇਸ ਚਤੁਰਾਈ ਦੇ

ਰਸਤੇ ਤੇ ਤੁਰਨ ਵਾਲਿਆਂ ਦੇ ਪਰਦੇ-ਫ਼ਾਸ਼ ਕਰਨ ਵਿੱਚ ਸੰਨੀ ਧਾਲੀਵਾਲ ਮੁਹਾਰਿਤ ਰੱਖਦਾ ਹੈ। ਉਹ ਜਾਣਦਾ ਹੈ ਕਿ ਅਕਾਦਮਿਕ ਪਦਵੀਆਂ ਨੂੰ ਪ੍ਰਾਪਤ ਕਰਨ ਲਈ ਉਚੇਰੀਆਂ ਕਮੇਟੀਆਂ ਵੱਲੋਂ ਕੁਝ ਨੇਮ ਤੈਅ ਕੀਤੇ ਹੁੰਦੇ ਹਨ, ਇਹਨਾਂ ਨੇਮਾਂ-ਨੇਮਾਵਲਆਂ ਦੀ ਖ਼ਾਨਾ ਪੂਰਤੀ ਲਈ ਕਿਵੇਂ ਅਨੈਤਿਕ ਤੌਰ-ਤਰੀਕੇ ਅਪਨਾਏ ਜਾਂਦੇ ਹਨ, ਉਹ ਇਹਨਾਂ ਸਾਰਿਆਂ ਦੀ ਸਚਾਈ ਨੂੰ ਬੜੀ ਸੂਖਮਤਾ ਨਾਲ ਉਜਾਗਰ ਕਰਦਾ ਹੈ।ਉਹ ਲਿਖਦਾ ਹੈ :

ਜੀ ਮੇਰਾ ਨਾਂ ਸ਼ੀਸ਼ਾ ਹੈ ਮੈਂ ਲੋਕਾਂ ਨੂੰ ਅਸਲ ਚਿਹਰਾ ਦਿਖਾਉਂਦਾ ਹਾਂ।

ਤਿੰਨ ਵਰਲਡ ਪੰਜਾਬੀ ਕਾਨਫਰੰਸਾਂ
ਦਾ ਠੱਪਾ ਰਜ਼ਿਊਮੇ 'ਤੇ ਲਗਾਵਾਂਗੇ
ਦੋ ਮਹੀਨੇ ਦੇ ਵਿੱਚ
ਰੀਡਰ ਤੋਂ ਪ੍ਰੋਫ਼ੈਸਰ ਬਣ ਜਾਵਾਂਗੇ
ਇਕ ਪੱਥਰ ਨਾਲ
ਤਿੰਨ -ਚਾਰ ਪੰਛੀ ਮਾਰ ਆਵਾਂਗੇ।

ਸੰਨੀ ਧਾਲੀਵਾਲ ਵਿਅੰਗ ਦਾ ਇੱਕ ਮਾਹਰ ਕਵੀ ਹੈ ਉਹ ਅਜਿਹੇ ਕਵੀਆਂ ਉੱਪਰ ਵੀ ਵਿਅੰਗ ਕਰਦਾ ਹੈ ਜਿਹੜੇ ਕਵੀ ਕਾਵਿ-ਮਹਿਫਲਾਂ ਅਤੇ ਸ਼ਰਾਬ ਦੀਆਂ ਮਹਿਫਲਾਂ ਵਿੱਚ ਗ਼ਲਤਾਨ ਰਹਿੰਦੇ ਹਨ। ਅਜਿਹੇ ਕਵੀ ਆਪਣੇ ਪਰਿਵਾਰ ਤੋਂ ਬੇਮੁਖ ਹੋ ਜਾਂਦੇ ਹਨ ਅਤੇ ਉਹਨਾਂ ਦੇ ਪਰਿਵਾਰ ਨੂੰ ਕਵੀ ਦੀ ਕਵਿਤਾ ਤੇ ਰਹਿਣੀ ਬਹਿਣੀ ਨਾਲ ਨਾ ਪਸੰਦਗੀ ਸ਼ੁਰੂ ਹੋ ਜਾਂਦੀ ਹੈ। ਸੰਨੀ ਧਾਲੀਵਾਲ ਆਪਣੀ ਇਸ ਕਵਿਤਾ ਰਾਹੀਂ ਅਸਿੱਧੇ ਤੌਰ ਤੇ ਇਹ ਸੁਨੇਹਾ ਦੇਣਾ ਚਾਹੁੰਦਾ ਹੈ ਕਿ ਕਵੀ ਹੋਣਾ ਬਹੁਤ ਵਧੀਆ ਗੱਲ ਹੈ ਪਰ ਕਵੀ ਦੇ ਨਾਲ ਨਾਲ ਉਹ ਇਕ ਸਹੀ ਇਨਸਾਨ ਅਤੇ ਆਪਣੀਆਂ ਪਰਿਵਾਰਕ ਜ਼ਿੰਮੇਵਾਰੀਆਂ ਨੂੰ ਨਿਭਾਉਣ ਵਾਲਾ ਇਕ ਚੰਗਾ ਨਾਗਰਿਕ ਵੀ ਹੋਣਾ ਚਾਹੀਦਾ ਹੈ।ਉਹ ਲਿਖਦਾ ਹੈ:

ਮੈਂ ਇਹੋ ਜਿਹੇ ਕਵੀ ਤੋਂ ਕੀ ਕਰਾਉਣਾ
ਇਹੋ ਜਿਹਾ ਕਵੀ
ਉਹਦੀਆਂ ਕਵਿਤਾਵਾਂ ਅਤੇ ਕਵੀ ਦਰਬਾਰ ਤੁਹਾਨੂੰ ਮੁਬਾਰਕ ਹੋਣ,
ਮੈਨੂੰ ਤਾਂ ਸਿਰਫ਼ ਆਮ ਜਿਹਾ,
ਸ਼ਰੀਫ਼ ਜਿਹਾ,
ਪਤੀ ਚਾਹੀਦਾ।
ਮੇਰੇ ਬੱਚਿਆਂ ਨੂੰ ਉਹਨਾਂ ਦਾ ਡੈਡੀ ਚਾਹੀਦਾ, ਜੋ ਸਾਡੀ ਪਰਵਾਹ ਕਰੇ ਸਾਡੀਆਂ ਪਰਿਵਾਰਿਕ ਤੇ ਮਾਨਸਿਕ ਲੋੜਾਂ ਪੂਰੀਆਂ ਕਰੇ।

'ਕਨੇਡਾ ਵਾਲਾ ਚਾਚਾ' ਕਵਿਤਾ ਵਿੱਚ ਵੀ ਉਹ ਨਵੀਂ ਪੀੜ੍ਹੀ ਦੇ ਅਜਿਹੇ ਬੱਚਿਆਂ ਤੇ ਵਿਅੰਗ ਕਰਦਾ ਹੈ ਹੈ ਜਿਹੜੇ ਬੱਚੇ ਕਨੇਡਾ ਰਿਟਰਨ ਚਾਚੇ ਦੀ ਸਾਦ-ਮੁਰਾਦੀ ਜ਼ਿੰਦਗੀ ਦੀ ਰਹਿਤਲ ਨੂੰ ਵੇਖ ਕੇ ਆਪਣੇ ਆਪ ਨੂੰ ਬੇਇੱਜ਼ਤ ਹੋਇਆ ਸਮਝਦੇ ਹਨ ਅਤੇ ਉਹ ਚਾਹੁੰਦੇ ਹਨ ਕਿ ਉਹਨਾਂ ਦਾ ਚਾਚਾ ਇਹ ਸਾਦਗੀ ਭਰੇ ਜੀਵਨ ਨੂੰ ਛੱਡ ਕੇ ਇਕ ਬਨਾਉਟੀ ਜ਼ਿੰਦਗੀ ਨੂੰ ਅਪਣਾ ਲਵੇ, ਜਿਸ ਨਾਲ ਆਲੇ ਦੁਆਲੇ ਦੇ ਸਮਾਜ ਵਿੱਚ ਉਸ ਤੇ ਭਤੀਜਿਆਂ ਦੀ ਫ਼ੋਕੀ ਸ਼ੋਹਰਤ ਅਤੇ ਫੁਕਰਾ-ਪੰਥੀ ਬਣੀ ਰਵੇ। ਅਸਲ ਵਿਚ ਇਹੋ ਜਿਹੀ ਸੋਚ ਨੇ ਸਾਡੇ ਸਮਾਜ ਨੂੰ ਹਵਾ ਵਿੱਚ ਉਡਾਰੀਆਂ ਲਾਉਣ ਵਾਲੇ ਖ਼?ਆਲੀ ਤਾਂ ਬਣਾ ਦਿੱਤਾ ਹੈ ਪਰ ਨਾਲ ਦੀ ਨਾਲ ਮਨੁੱਖ ਨੂੰ ਕੱਖੋਂ ਹੌਲਾ ਵੀ ਕਰ ਦਿੱਤਾ ਹੈ।ਅੱਜ ਦੇ ਮਨੁੱਖ ਅੰਦਰੋਂ ਜੋ ਇਨਸਾਨੀਅਤ ਅਤੇ ਮਾਨਵਤਾ ਦੀ ਭਾਵਨਾ ਘਟਦੀ ਜਾ ਰਹੀ ਹੈ ਉਸ ਦਾ ਕਾਰਨ ਅਜਿਹੀ ਬਨਾਉਟੀ ਤੇ ਤਰਕ-ਹੀਣੀ ਜ਼ਿੰਦਗੀ ਨੂੰ ਅਪਨਾਉਣਾ ਹੈ।ਉਹ ਲਿਖਦਾ ਹੈ :

ਚਾਚਾ !ਬਾਜ਼ਾਰ ਤੂੰ ਤੁਰ ਕੇ ਨਾ ਜਾਇਆ ਕਰ,
ਇਸ ਤਰ੍ਹਾਂ ਸਾਡੀ ਬੇਇੱਜ਼ਤੀ ਹੁੰਦੀ ਹੈ ਟੈਕਸੀ ਕਰਕੇ ਜਾਇਆ ਕਰ,
ਚਾਚਾ ਯਾਰ ! ਤੂੰ ਆਹ ਘਸੀ ਪੁਰਾਣੀ ਨਿੱਕਰ ਜਹੀ ਪਾ ਕੇ
ਬਾਹਰ ਨਾ ਜਾਇਆ ਕਰ,
ਇਸ ਤਰ੍ਹਾਂ ਸਾਡੀ ਬੇਇਜ਼ਤੀ ਹੁੰਦੀ ਹੈ,
ਚਾਚਾ ਯਾਰ !ਤੂੰ ਬ੍ਰੈਂਡਡ ਕੱਪੜੇ ਪਾਇਆ ਕਰ,
ਤੂੰ ਬਹੁਤ ਹੀ ਦੇਸੀ ਜਿਹੇ ਕੱਪੜੇ ਪਾਉਂਦਾ ਹੈ,
ਦੇਸੀ ਜਿਹੇ ਕੱਪੜਿਆਂ ਵਿੱਚ ਤੂੰ ਦੇਸੀ ਲੱਗਦਾ ਹੈ,
ਕੋਈ ਨਹੀਂ ਮੰਨਦਾ ਕਿ ਤੂੰ ਕਨੇਡਾ ਤੋਂ ਆਇਆ ਹੈ,
ਸਾਡੀ ਬੇਇਜ਼ਤੀ ਹੁੰਦੀ ਹੈ।

ਜਦੋਂ ਉਸਨੂੰ ਇੱਕ ਦੋਸਤ ਦੇ ਫ਼ੋਨ ਤੇ ਇਹ ਪਤਾ ਲੱਗਦਾ ਹੈ ਕਿ ਉਸ ਦਾ ਪਿਤਾ ਕਨੇਡਾ ਤੋਂ ਵਾਪਸ ਦੇਸ਼ ਜਾ ਰਿਹਾ ਹੈ ਤਾਂ ਉਸ ਨੂੰ ਆਪਣੇ ਘਰ ਵਿਚ ਵਾਪਰੀ ਹੋਈਮੌਲਾ ਬਲਦ ਦੀ ਕਹਾਣੀ ਉਸ ਦੀ ਮਾਤਾ ਵੱਲੋਂ ਯਾਦ ਕਰਾਈ ਜਾਂਦੀ ਹੈ। ਇਹ ਕਵਿਤਾ ਸੰਕੇਤਕ ਅਤੇ ਪ੍ਰਤੀਕਾਤਮਕ ਰੂਪ ਵਿੱਚ ਬਹੁਤ ਹੀ ਮਹੱਤਵਪੂਰਨ ਅਰਥਾਂ ਨੂੰ ਗ੍ਰਹਿਣ ਕਰਦੀ ਹੈ ਅਤੇ ਮਾਨਵੀ ਕਦਰਾਂ-ਕੀਮਤਾਂ ਨੂੰ ਜਿੰਦਾ ਰੱਖਣ ਲਈ ਅਹਿਮ ਭੂਮਿਕਾ ਨਿਭਾਉਂਦੀ ਹੈ।ਉਹ ਲਿਖਦਾ ਹੈ:

ਤੇਰਾ ਬਾਪੂ ਕਹਿੰਦਾ
"ਖ਼ਬਰਦਾਰ!ਜੇ ਕਿਸੇ ਨੇ ਮੁੜ ਕੇ ਇਹ ਗੱਲ ਕਹੀ
ਤਾਂ,
ਇਹਦੀ ਕਮਾਈ ਨਾਲ ਤਾਂ ਜਵਾਨ ਹੋਏ,
ਪੈਰਾਂ ਸਿਰ ਹੋਏ ਰੱਜ ਕੇ ਰੋਟੀ ਖਾਣ ਲੱਗੇ,
ਕੱਚੇ ਖੋਲ੍ਹਿਆਂ ਤੋਂ ਪੱਕਿਆਂ ਵਾਲੇ ਹੋਏ,
ਹੁਣ ਇਹ ਘਰ ਵਿੱਚ ਹੀ ਰਹੇਗਾ,
ਮੌਜ ਕਰੇਗਾ, ਐਸ਼ ਕਰੇਗਾ,
ਜੋ ਜੀ ਕਰੇ, ਉਹੀ ਕਰੇਗਾ।"
.....
ਇੱਕ ਆਵਾਜ਼ ਸੁਣਾਈ ਦਿੱਤੀ
'ਇਹ ਵਿਹਲੇ ਨਹੀਂ ਹੁੰਦੇ
ਧਰਤੀ ਦਾ ਭਾਰ ਇਹਨਾਂ ਨੇ ਚੁੱਕਿਆ ਹੋਇਆ ਹੈ'।

ਇਸੇ ਤਰ੍ਹਾਂ 'ਮੌਲਾ ਬਲਦ' ਕਾਵਿ-ਕਿਰਤ ਰਾਹੀ ਉਹ ਸ਼ੁਧ ਦੇ ਮਾਨਵੀ ਪੱਧਰ ਤੇ ਜਾ ਕੇ ਸੱਚੇ-ਸੁੱਚੇ ਸੰਵੇਦਨਸ਼ੀਲ ਅਰਥਾਂ ਦੀ ਸਿਰਜਣਾ ਕਰਦਾ ਹੈ। ਉਹ ਇਸ ਕਾਵਿ-ਕਿਰਤ ਰਾਹੀਂ ਇਹ ਸੁਨੇਹਾ ਸੰਚਾਰਨਾ ਚਾਹੁੰਦਾ ਹੈ ਕਿ ਮਾਂ- ਬਾਪ ਧਰਤੀ ਹੇਠਲੇ ਬੌਲਦ ਹੁੰਦੇ ਹਨ ਜਿਨ੍ਹਾਂ ਨੇ ਆਪਣੇ ਧੀਆਂ-ਪੁੱਤਰਾਂ ਦਾ ਸਾਰਾ ਭਾਰ ਆਪਣੇ ਸਿਰ ਉੱਤੇ ਚੁੱਕਿਆ ਹੋਇਆ ਹੁੰਦਾ ਹੈ। ਉਹ ਭਾਵੇਂ ਕੋਲ ਰਹਿਣ ਜਾਂ ਦੂਰ, ਉਹ ਹਮੇਸ਼ਾ ਆਪਣੀ ਉਲਾਦ ਦੀ ਪੀੜਾ ਜ਼ਿਹਨ ਵਿੱਚ ਲੁਕਾਈ ਰੱਖਦੇ ਹਨ। ਨਾ ਕੇਵਲ ਪਰਿਵਾਰ ਦੀ ਹੀ ਬਲਕਿ ਆਪਣੇ ਆਲੇ ਦੁਆਲੇ ਦੇ ਨਾਗਰਿਕਾਂ ਦੀ ਵੀ ਖ਼ੈਰ ਮੰਗਦੇ ਰਹਿੰਦੇ ਹਨ। ਸੱਚੇ-ਸੁੱਚੇ ਮਾਅਨਿਆਂ ਵਿਚ ਉਹ ਧਰਤੀ ਦੇ ਦੇਵ-ਪੁਰਸ਼ ਹੁੰਦੇ ਹਨ।

ਅਸੀਂ ਸਾਰੇ ਸੰਨੀ ਧਾਲੀਵਾਲ ਦੇ ਸਮਕਾਲੀ ਹਾਂ ਤੇ ਲਗਭਗ ਪਿਛਲੇ 50 ਸਾਲਾਂ ਤੋਂ ਆਪਣੇ ਦੇਸ਼ ਦੀ ਸਥਿਤੀ ਦਾ ਪਤਨ ਹੁੰਦੇ ਦੇਖ ਰਹੇ ਹਾਂ। ਕਈ ਵਾਰ ਤਾਂ ਅਜਿਹੇ ਦੇਸ਼ ਦੇ ਨਾਗਰਿਕ ਹੋਣ ਦੀ ਹੀਣ-ਭਾਵਨਾ ਵੀ ਮਹਿਸੂਸ ਹੋਣ ਲੱਗ ਪੈਂਦੀ ਹੈ। ਭ੍ਰਿਸ਼ਟਾਚਾਰ ਦਾ ਮੁੱਦਾ ਅਜਿਹਾ ਹੈ ਜਿਹੜਾ ਉੱਤਰ-ਸੁਤੰਤਰਤਾ ਕਾਲ ਵਿੱਚ ਘਟਣ ਦੀ ਬਜਾਏ ਨਿਰੰਤਰ ਵਧਦਾ ਰਿਹਾ ਹੈ। ਜਦ ਤੱਕ ਭ੍ਰਿਸ਼ਟਾਚਾਰ ਅਤੇ ਦੇਸ਼ ਪ੍ਰਤੀ ਅਸੁਹਿਰਦਤਾ ਦੀ ਭਾਵਨਾ ਬਰਕਰਾਰ ਰਹੇਗੀ ਤਦ ਤੱਕ ਸਾਡੇ ਦੇਸ਼ ਦੇ ਵਿਕਸਿਤ ਹੋਣ ਦੀ ਕੋਈ ਸੰਭਾਵਨਾ ਨਜ਼ਰ ਨਹੀਂ ਆਉਂਦੀ। ਸਾਡੇ ਦੇਸ਼ ਵਿੱਚ ਹੁਣ ਤੱਕ ਜਿੰਨੀਆਂ ਵੀ ਰਾਜਸੀ ਪਾਰਟੀਆਂ ਆਈਆਂ ਹਨ ਉਹ ਸਵੈ-ਕੇਂਦਰਿਤ ਰਹੀਆਂ ਨੇ, ਜਾਂ ਨਿੱਜੀ ਹਿਤਾਂ ਤੇ ਬਲ ਦਿੰਦੀਆਂ ਰਹੀਆਂ ਨੇ, ਉਹ ਦੇਸ਼ ਦੇ ਵਿਕਾਸ ਵੱਲੋਂ ਬੇਮੁਖ ਹੀ ਰਹੀਆਂ ਹਨ। ਹੁਣ ਤਾਂ ਇਉਂ ਪ੍ਰਤੀਤ ਹੁੰਦਾ ਹੈ ਜਿਵੇਂ ਸਾਡੇ ਦੇਸ਼ ਵਿਚ ਈਮਾਨਦਾਰੀ ਅਤੇ ਸੁਹਿਰਦਤਾ ਦਾ ਕਾਲ ਪਿਆ ਹੋਇਆ ਹੈ ਅਤੇ ਦੇਸ਼ ਲਗਾਤਾਰ ਮੁਸੀਬਤਾਂ ਦੀ ਦਲਦਲ ਵਿਚ ਖੁੱਭਦਾ ਜਾ ਰਿਹਾ ਹੈ। ਸੰਨੀ ਧਾਲੀਵਾਲ ਨੇ ਦੋ ਕਵਿਤਾਵਾਂ 'ਮੈਂ ਭਗਤ ਸਿੰਘ ਬੋਲਦਾ ਹਾਂ' ਅਤੇ 'ਕਰਤਾਰ ਸਿੰਘ ਸਰਾਭਾ' ਰਾਹੀਂ ਉਤਰ-ਸੁਤੰਤਰਤਾ ਕਾਲ ਦੇ ਵਿਪਥਨ ਨੂੰ ਦੇਸ਼ ਦੀ ਬਦਤਰ ਹੁੰਦੀ ਸਥਿਤੀ ਵਿਚ ਦ੍ਰਿਸ਼ਟੀਗੋਚਰ ਕੀਤਾ ਹੈ। ਭਾਰਤ ਦੇਸ ਦੀ ਦੁਰਦਸ਼ਾ ਇਹ ਰਹੀ ਹੈ ਕਿ ਪਹਿਲਾਂ ਮੁਗ਼ਲਾਂ ਦੀ ਲੰਮੀ ਗ਼ੁਲਾਮੀ ਨੂੰ ਭੋਗਿਆ ਅਤੇ ਫਿਰ ਅੰਗਰੇਜ਼ੀ ਹਕੂਮਤ ਦੇ ਜਬਰ ਦਾ ਮੁਕਾਬਲਾ ਕੀਤੀ। ਗ਼ਦਰੀ ਬਾਬਿਆਂ ਦੀਆਂ ਸ਼ਹੀਦੀਆਂ ਦਾ ਪੂਰਾ ਇਵਜ਼ਾਨਾ ਦੇਸ਼ ਦੇ ਨਾਗਰਿਕਾਂ ਨੂੰ ਪ੍ਰਾਪਤ ਨਹੀਂ ਹੋ ਸਕਿਆ, ਇਹ ਸਾਡੇ ਵੇਲਿਆਂ ਦਾ ਵੱਡਾ ਦੁਖਾਂਤ ਹੈ, ਇਸ ਨੂੰ ਸੰਨੀ ਧਾਲੀਵਾਲ ਨੇ ਆਪਣੀਆਂ ਕਵਿਤਾਵਾਂ ਵਿੱਚ ਬਾਖ਼ੂਬੀ ਪੇਸ਼ ਕੀਤਾ ਹੈ:

ਥੋੜਾ ਜਿਹਾ ਸੰਭਲ ਕੇ ਸੋਚਦਾ,
ਤੂੰ ਆਜ਼ਾਦੀ ਲਈ ਕੁਰਬਾਨ ਹੋ ਗਿਆ,
ਤੂੰ ਸਾਨੂੰ ਆਜ਼ਾਦੀ ਲੈ ਦਿੱਤੀ,
ਪਰ! ਪਰ! ਆਜ਼ਾਦੀ ਤਾਂ ਰਾਜੇ, ਸ਼ੀਂਹ, ਮੁਕੱਦਮ, ਕੁੱਤੇ
ਚੋਰੀ ਕਰਕੇ ਲੈ ਗਏ।

ਸੰਨੀ ਧਾਲੀਵਾਲ ਇੱਕ ਬਹੁਤ ਹੀ ਸੂਝ-ਸਮਝ ਰੱਖਣ ਵਾਲਾ ਅਤੇ ਗਹਿਰੀ ਸੰਵੇਦਨਾ ਦਾ ਵਰੋਸਾਇਆ ਹੋਇਆ ਪੰਜਾਬੀ ਸ਼ਾਇਰ ਹੈ। ਉਹ ਭਾਵੇਂ ਪਰਵਾਸ ਧਾਰਨ ਕਰ ਚੁੱਕਾ ਹੈ ਪਰ ਉਸਦੇ ਕਲੇਜੇ ਵਿੱਚ ਆਪਣੇ ਦੇਸ਼ ਪ੍ਰਤੀ ਚਿੰਤਾ ਦੀ ਛਿੱਲਤ ਚੁੱਭਦੀ ਰਹਿੰਦੀ ਹੈ। ਬਾਹਰਲੇ ਦੇਸ਼ ਵਿੱਚ ਜਾ ਕੇ ਉਹ ਬਾਹਰਲੇ ਦੇਸ਼ਾਂ ਦਾ ਆਪਣੇ ਮੁਲਕ ਨਾਲ ਮੁਕਾਬਲਾ ਕਰਦਾ ਰਹਿੰਦਾ ਹੈ। ਜਦੋਂ ਵੀ ਉਸ ਨੂੰ ਫ਼ਰਕ ਨਜ਼ਰ ਆਉਂਦਾ ਹੈ ਤਾਂ ਉਹ ਆਪਣੀ ਕਲਮ ਰਾਹੀਂ ਦੋਹਾਂ ਦੇਸ਼ਾਂ ਦੇ ਸਮਾਜ-ਸਭਿਆਚਾਰ ਨੂੰ ਚਿਤਰਨ ਲੱਗਦਾ ਹੈ। ਅਸੀਂ ਸਾਰੇ ਜਾਣਦੇ ਹਾਂ ਕਿ ਸਾਡੇ ਦੇਸ਼ ਵਿੱਚ ਸਮਾਜਕ, ਧਾਰਮਿਕ, ਰਾਜਸੀ, ਅਕਾਦਮਿਕ, ਪ੍ਰਕਿਰਤਕ ਪ੍ਰਦੂਸ਼ਣ ਆਦਿ ਫ਼ੈਲੇ ਹੋਏ ਹਨ ਅਤੇ ਇਹਨਾਂ ਨਾਲ ਸਾਡਾ ਦੇਸ ਬਹੁਤ ਬੁਰੀ ਤਰ੍ਹਾਂ ਫੈਲ ਹੋ ਰਿਹਾ ਹੈ। ਸਾਡੀ ਸਾਰਿਆਂ ਦੀ ਇਹ ਦਿਲੀ-ਇੱਛਾ ਹੈ ਕਿ ਅਸੀਂ ਇਹਨਾਂ ਸਾਰਿਆਂ ਤੋਂ ਬਾਹਰਲੇ ਦੇਸ਼ਾਂ ਵਾਂਗ ਮੁਕਤੀ ਪ੍ਰਾਪਤ ਕਰੀਏ ਪਰ ਅਸੀਂ ਆਪਣੇ ਸਿਸਟਮ, ਆਪਣੀਆਂ ਆਦਤਾਂ ਅਤੇ ਹਾਲਾਤਾਂ ਵਿੱਚ ਘਿਰੇ ਹੋਏ ਮਜਬੂਰ ਨਜ਼ਰ ਆਉਂਦੇ ਹਾਂ। ਸੰਨੀ ਧਾਲੀਵਾਲ ਵੀ ਇਸ ਗੱਲ ਨਾਲ ਸਹਿਮਤ ਹੈ ਕਿ ਇਹ ਕਿਸੇ 'ਕੱਲੇ ਕਾਰੇ ਵਿਅਕਤੀ ਦਾ ਕਾਰਜ ਨਹੀਂ ਹੈ, ਹਾਂ, ਜੇਕਰ ਇਕੱਲਾ ਵਿਅਕਤੀ ਅੱਗੇ ਲੱਗ ਕੇ ਤੁਰੇ ਤਾਂ ਵਿਅਕਤੀ ਦਾ ਕਾਫ਼ਲਾ ਬਣ ਸਕਦਾ ਹੈ ਪਰ ਨਾਲ ਦੀ ਨਾਲ ਰਾਜਸੀ ਸਿਸਟਮ ਵੀ ਅਜਿਹਾ ਹੋਣਾ ਚਾਹੀਦਾ ਹੈ ਜਿਹੜਾ ਦੇਸ਼ ਨੂੰ ਇਸ ਗਲੋਬਲ ਦੁਨੀਆ ਵਿੱਚ ਵਿਕਾਸ ਦੇ ਰਾਹ ਤੋਰਨ ਲਈ ਯਤਨਸ਼ੀਲ ਹੋਵੇ। ਸੰਨੀ ਧਾਲੀਵਾਲ ਦੀ ਸ਼ੁਭ-ਇੱਛਾ ਨੂੰ ਤਾਂ ਹੀ ਬੂਰ ਪਵੇਗਾ, ਜੇ ਦੇਸ਼ ਦੀ ਜਨਤਾ ਅਤੇ, ਦੇਸ਼ ਦੇ ਬਾਂਕੇ ਨੌਜਵਾਨ ਇੱਕ-ਜੁੱਟ ਹੋ ਕੇ ਦੇਸ਼ ਵਿੱਚ ਪਰਿਵਰਤਨ ਲਿਆਉਣ ਲਈ ਤਿਆਰ ਬਰ ਤਿਆਰ ਹੋ ਜਾਣ। ਇਸ ਨੂੰ ਬਦਲਣ ਤੇ ਇਸਦੇ ਸੁਖਾਵੇਂ ਰੂਪ ਨੂੰ ਵੇਖਣਾ ਚਾਹੁੰਦੇ ਹੋਣ। ਸੁਪਨਿਆਂ ਨੂੰ ਯਥਾਰਥ ਵਿਚ ਤਬਦੀਲ ਕਰਨ ਲਈ ਸਦਾ ਕੁਰਬਾਨੀਆਂ ਦੇਣੀਆਂ ਪੈਂਦੀਆਂ ਹਨ। ਸ਼ਹਾਦਤਾਂ ਹੀ ਕਿਸੇ ਕੌਮ ਨੂੰ ਗ਼ੁਲਾਮੀਂ ਤੋਂ ਛੁਟਕਾਰਾ ਦਿਵਾਉਂਦੀਆਂ ਹਨ ਅਤੇ ਜਿੱਤ ਦਾ ਮੱਥਾ ਚੁੰਮਦੀਆਂ ਹਨ।

ਹਾਲ ਦੀ ਘੜੀ ਮੈਂ ਸੰਨੀ ਧਾਲੀਵਾਲ ਦੀ ਹੱਥਲੀ ਕਾਵਿ-ਕਿਰਤ 'ਖਾਲੀ ਆਲ੍ਹਣਾ' ਦਾ ਆਪਣੇ ਤਹਿ-ਦਿਲੋਂ ਸੁਆਗਤ ਕਰਦਾ ਹਾਂ ਆਸ ਕਰਦਾ ਹਾਂ ਕਿ ਉਹ ਆਪਣੀ ਕਲਮ ਰਾਹੀਂ ਇਸ ਸਮਾਜ ਦਾ ਸਦਾ ਦਿਸ਼ਾ-ਨਿਰਦੇਸ਼ ਕਰਦਾ ਰਹੇਗਾ ਅਤੇ ਦੇਸ਼-ਵਾਸੀਆਂ ਨੂੰ ਜਾਗਰੂਕ ਕਰਕੇ ਨਵੀਆਂ ਦਿਸ਼ਾਵਾਂ ਵਿੱਚ ਤੁਰਨ ਲਈ ਅਥਾਹ ਪ੍ਰੇਰਨਾ ਦਾ ਸੋਮਾ ਬਣਿਆ ਰਹੇਗਾ।

***

## ਦੋਹੇ



ਰੋਲ਼ ਰਿਹਾ ਏ ਮੁਲਕ ਨੂੰ, ਕੁਫ਼ਰ ਰਿਹਾ ਏ ਤੋਲ।
ਰਲਿਆ ਚੋਰਾਂ ਨਾਲ ਉਹ, ਸੀ ਰਾਖੇ ਦਾ ਰੋਲ।

ਕੱਜ ਸਕੇ ਨਾ ਕਤਲ ਨੂੰ, ਬਹੁਤ ਬਣਾਏ ਪੱਜ।
ਨੂੰਹ ਨੇ ਪੁੱਤ ਨਾ ਜੰਮਿਆਂ, ਉਸ ਵਿਚ ਇਹ ਸੀ ਕੱਜ।

ਬੰਦ ਬਣੇ ਨਾ ਨਾਰ ਦੇ, ਹਰਿਆ ਪਿੱਟ-ਪਿੱਟ ਧੰਦ।
ਪੈਣਗੀਆਂ ਹੁਣ ਵੰਡੀਆਂ ਜਦ, ਹੌਲ ਭਰਾ ਨੂੰ ਪੈਣ।

ਕੱਖ ਗਲੀ ਦਾ ਬਣ ਗਈ, ਸੀ ਲੱਖਾਂ 'ਚੋਂ ਵੱਖ।
ਰੁਲ਼ ਗਈ ਗੋਹੇ ਵਿੱਚ ਹੀ, ਥਾਂ-ਥਾਂ ਖੋਤੇ ਕੱਖ।

ਛੇੜ ਛੜੇ ਨੂੰ ਨਾ ਕੁੜੇ, ਨਾ ਤੂੰ ਜ਼ਖ਼ਮ ਉਚੇੜ।
ਆਖ ਵਰਾ ਕੇ ਜੇਠ ਨੂੰ, ਚੱਲ ਹੁਣ ਮੱਝਾਂ ਛੇੜ।

ਚੀਰ ਹੈ ਟੇਡਾ ਕੱਢਿਆ, ਨੈਣੋਂ ਵਗਦੈ ਨੀਰ।
ਹੋਈਆਂ ਗੱਲ੍ਹਾਂ ਸਿਲ੍ਹੀਆਂ, ਰਹੀ ਏ ਗੰਢੇ ਚੀਰ।

ਮੱਲ ਚੋਟੀ ਦਾ ਸੀ ਕਦੇ, ਬਹੁਤ ਬਣੀ ਸੀ ਭੱਲ।
ਕੱਢਦਾ ਸੌ ਸੌ ਡੰਡ ਸੀ, ਪਿਆ ਹੈ ਮੰਜਾ ਮੱਲ।

**ਹਰਮਿੰਦਰ ਸਿੰਘ ਕੋਹਾਰਵਾਲਾ**

98768-73735

ਕਹਾਣੀ

# ਸੱਮਾਂ ਵਾਲੀ ਡਾਂਗ

ਡਾ. ਰਾਮ ਮੂਰਤੀ

ਕਰਮੂੰ ਨੇ ਆਪਣੀ ਸ਼ਟਰਿੰਗ ਵਾਲੀ ਦੁਕਾਨ ’ਤੇ ਬੈਠਿਆਂ ਦੇਖਿਆ ਕਿ ਸਰਪੰਚ ਦਾਨ ਸਿੰਘ ਦੀ ਫਾਰਚੂਨਰ ਗੱਡੀ, ਜਿਸ ਨੂੰ ਸੀਬੋ ਦਾ ਮੁੰਡਾ ਰੁਲਦੂ ਚਲਾ ਰਿਹਾ ਸੀ, ਉਸ ਦੀ ਦੁਕਾਨ ਦੇ ਅੱਗਿਓਂ ਘੱਟਾ ਉਡਾਉਂਦੀ ਲੰਘ ਗਈ। ਰਲਦੂ ਨੂੰ ਵੇਖ ਉਹ ਸੋਚਾਂ ਦੀ ਲੜੀ ਵਿੱਚ ਗੁਆਚ ਗਿਆ ...

... ਕੜਾਕੇ ਦੀ ਠੰਡ, ਰਾਤ ਦਾ ਹਨ੍ਹੇਰਾ ਤੇ ਸੰਘਣੀ ਪਈ ਹੋਈ ਧੁੰਦ ਵਿੱਚ ਕਰਮੂੰ ਆਪਣੀ ਖਟਾਰਾ ਹੋਈ ਮਾਰੂਤੀ ਕਾਰ ਬੜਾ ਸਤਰਕ ਹੋ ਕੇ ਚਲਾ ਰਿਹਾ ਸੀ। ਟੁੱਟੀ ਹੋਈ ਸੜਕ ਕਾਰਨ ਜਦੋਂ ਕਾਰ ਦੇ ਟਾਇਰ ਕਿਸੇ ਡੂੰਘੇ ਖੱਡੇ ਵਿੱਚ ਪੈਂਦੇ ਤਾਂ ਮਗਰ ਬੈਠੀ ਸੀਬੋ ਦੀ ਗੋਦੀ ਵਿੱਚ ਪਿਆ ਉਸਦਾ ਅੱਠ ਸਾਲ ਦਾ ਮੁੰਡਾ ਰੁਲਦੂ ਅਚਾਨਕ ਜਾਗ ਕੇ ਹੂੰਗਰ ਜਿਹੀ ਮਾਰਦਾ ਤਾਂ ਸੀਬੋ ਉਸ ਨੂੰ ਹੋਰ ਵੀ ਘੁੱਟ ਕੇ ਗਲ਼ ਨਾਲ ਲਾ ਲੈਂਦੀ। ਉਸ ਦੇ ਨਾਲ ਬੈਠਾ ਉਸ ਦੇ ਘਰ ਵਾਲਾ ‘ਰਹਿਮਾ’ ਮੁੰਡੇ ਨੂੰ ਉੱਪਰ ਦਿੱਤੀ ਖੇਸੀ ਨਾਲ ਹੋਰ ਚੰਗੀ ਤਰ੍ਹਾਂ ਢਕਣ ਦਾ ਯਤਨ ਕਰਦਾ। ਰਹਿਮਾ ਵਿੱਚ-ਵਿੱਚ ਕਰਮੂੰ ਨੂੰ ਪੁੱਛ ਛੱਡਦਾ, “ਕਿੰਨਾਂ ਕੁ ਰਹਿ ਗਿਆ ਸ਼ਹਿਰ ਕਰਮਿਆਂ?”

“ਬਸ ਪੰਜ ਸੱਤ ਰਹਿ ਗਿਆ! ਨ੍ਹੇਰੇ ’ਚ ਸੜਕ ਕਿਹੜਾ ਦੀਹਦੀ ਆ!” ਕਰਮੂੰ ਕਦੇ-ਕਦੇ ਕਾਰ ਦੀਆਂ ਬੱਤੀਆਂ ਬੁਝਾ ਕੇ ਦੇਖਦਾ ਪਰ ਬੱਤੀ ਜਗਦੀ ਨਾ ਬੁਝੀ ਹੋਈ ਇੱਕ ਬਰਾਬਰ ਹੀ ਸੀ। ਉਹ ਅੰਦਾਜ਼ੇ ਜਿਹੇ ਨਾਲ ਕਾਰ ਅੱਗੇ ਧੱਕੀ ਜਾ ਰਿਹਾ ਸੀ।

ਪਿੰਡ ਤੋਂ ਸ਼ਹਿਰ ਨੂੰ ਜਾਂਦੀ ਟੁੱਟੀ ਸੜਕ ਦਾ ਅੱਧੇ ਘੰਟੇ ਦਾ ਸਫ਼ਰ ਘੰਟੇ-ਸਵਾ ਘੰਟੇ ’ਚ ਮੁਕਾ ਕੇ ਉਹ ਸ਼ਹਿਰ ਦੇ ਸਰਕਾਰੀ ਹਸਪਤਾਲ ਪਹੁੰਚ ਗਏ। ਹਸਪਤਾਲ ਪਹੁੰਚ ਕੇ ‘ਕਰਮੂੰ’ ਨੇ ਮੁੰਡੇ ਨੂੰ ਸੀਬੋ ਤੋਂ ਫੜ੍ਹ ਲਿਆ ਤੇ ਐਮਰਜੈਂਸੀ ਵਾਰਡ ਵੱਲ ਭੱਜ ਤੁਰਿਆ। ਵਾਰਡ ਵਿੱਚ ਪਏ ਬੈੱਡ ’ਤੇ ਉਸ ਨੇ ਮੁੰਡੇ ਨੂੰ ਲਿਟਾ ਦਿੱਤਾ। ਇੱਕ ਨਰਸ ਨੂੰ ਮੁੰਡੇ ਦੀ ਦੇਖ-ਭਾਲ ਵਿੱਚ ਲਗਾ ਕੇ ‘ਕਰਮੂੰ’ ਕਾਊਂਟਰ ਤੋਂ ਪਰਚੀ ਕਟਵਾ ਲਿਆਇਆ। ਹਸਪਤਾਲ ਵਿੱਚ ਹਾਜ਼ਰ ਇੱਕੋ ਡਾਕਟਰ ਨੂੰ ਕਰਮੂੰ ਹੀਟਰ ਮੂਹਰੇ ਬੈਠੇ ਨੂੰ ਉਠਾਲ ਲਿਆਇਆ। ਡਾਕਟਰ ਨੇ ਚੈੱਕ ਕਰਨ ਤੋਂ ਬਾਅਦ ਮੁੰਡੇ ਨੂੰ ਭਾਫ਼ ਦਿੱਤੀ ਤੇ ਦੱਸਿਆ ਕਿ ਉਸ ਨੂੰ ਨਿਮੋਨੀਆਂ ਹੋ ਗਿਆ ਹੈ। ਉਸ ਨੇ ਕੁਝ ਦਵਾਈਆਂ ਅੰਦਰੋਂ ਦੇ ਦਿੱਤੀਆਂ ਤੇ ਕੁਝ ਖ਼ਰੀਦਣ ਲਈ ਪਰਚੀ ’ਤੇ ਲਿਖ ਦਿੱਤੀਆਂ।

ਦਵਾਈ ਲੈ ਕੇ ਉਹ ਫਿਰ ਪਿੰਡ ਵੱਲ ਨੂੰ ਤੁਰ ਪਏ। ਜਦੋਂ ਉਹ ਬਾਹਰ ਆ ਗਏ ਤਾਂ ਚੁੱਪ ਤੋੜਨ ਲਈ ‘ਕਰਮੂੰ’ ਨੇ ਆਖਿਆ, “ਕਰਮਿਆਂ! ਐਤਕੀਂ ਤਾਂ ਥੋੜ੍ਹੀ ਕਸਰ ਰਹਿ ’ਗੀ ਨਈਂ ਤਾਂ ਭਰਾ ਸਾਡੇ ਨੇ ਸਰਪੰਚ ਹੋਣਾ ਸੀ। ਪਿੰਡ ਦਾ ..... ਚੱਲ ਕੋਈ ਨਾ ਦੋ ਵੋਟਾਂ ਦੀ ਹਾਰ ਵੀ ਕੋਈ ਹਾਰ ਹੁੰਦੀ ਆ..... ਊਂ ਤਾਂ ਘੀਸੀਆਂ ਕਰਾਤੀਆਂ ਵੱਡੇ ਸਰਦਾਰਾਂ ਦੀਆਂ ਭਰਾ ਸਾਡੇ ਨੇ!”

“ਹਾਰ ਤਾਂ ਹਾਰ ਈ ਹੁੰਦੀ ਆ ਕਰਮੂੰ ਭਾ..... ਭਾਵੇਂ ਦੋ ਵੋਟਾਂ ਦੀ ਹੋਵੇ ਭਾਵੇਂ ਸੌ ਦੀ!” ਕਰਮੂੰ ਨੇ ਗੇਅਰ ਬਦਲਦਿਆਂ ਆਖਿਆ।

“ਪੈਹਾ ਥੋੜ੍ਹਾ ਵੰਡਿਆ ਕਿਤੇ..... ਵੀਹ ਵੀਹ ਹਜ਼ਾਰ ਇੱਕ ਇੱਕ ਵੋਟ ਦਾ!” ਰਹਿਮੂੰ ਬੋਲਿਆ।

“ਰਹਿਮੂੰ” ਭਾ ਸੋਚ ਅਗਰ ਮੈਂ ਨਾ ਖੜ੍ਹਦਾ ਤਾਂ ਗ਼ਰੀਬ ਲੋਕਾਂ ਨੂੰ ਕੁਝ ਮਿਲਣਾ ਸੀ? ਨਈਂ ਨਾ! ਏਸੇ ਬਹਾਨੇ ਸਹੀ, ਸਰਦਾਰ ਦਾਨ ਸਿਉਂ ਨੇ ਨੋਟਾਂ ਦੀਆਂ ਬੋਰੀਆਂ ਦੇ ਮੂੰਹ ਤਾਂ ਖੋਲ੍ਹੇ! ਕ ਨਈਂ?” ਕਰਮੂੰ ਨੇ ਜੁਆਬ ਦਿੱਤਾ।

“ਊਂ ਤਾਂ ਠੀਕ ਆ ਪਰ ਕੰਮ ਲੋਕਾਂ ਦੇ ਤੂੰ ਸੁਆਰੇ ਤੇ ਸਰਪੰਚੀਆਂ ਹੋਰ ਕਰਨ, ਦੁੱਖ ਤਾਂ ਲੱਗਦਾ ਈ ਆ ਭਾ!” ਰਹਿਮੂੰ ਨੇ ਖੇਸੀ ਦੀ ਬੁੱਕਲ ਠੀਕ ਕਰਦਿਆਂ ਕਿਹਾ।

“ਰਹਿੰਮਿਆਂ! ਆਪਣੇ ਮੁਲਕ ’ਚ ‘ਰਾਜ ਤੇ ਸੇਵਾ’ ’ਕੱਠੇ ਨੀਂ ਚੱਲ ਸਕਦੇ। ਸੇਵਾ ਕਰਨ ਵਾਲੇ ਰਾਜ ਨੀਂ ਕਰਦੇ ਤੇ ਰਾਜ

ਵਾਲੇ ਸੇਵਾ ਨ੍ਹੀਂ ਕਰਦੇ। ਜਿੰਨੀ ਦੇਰ ਲੋਕ ਜਾਗਦੇ ਨ੍ਹੀਂ ਇਹ ਇਵੇਂ ਚੱਲਣੈ! ਕ ਨਈਂ?" ਕਾਰ ਵਿੱਚ ਜਗਦੀ ਧੀਮੀ ਜਿਹੀ ਬੱਤੀ ਦੀ ਲੋਅ ਵਿੱਚ ਕਰਮੂੰ ਨੇ ਸੁਆਲ ਛੱਡਿਆ।

ਕਰਮੂੰ ਨੇ ਸ਼ੀਸ਼ੇ ਵਿੱਚ ਦੀ ਦੇਖਿਆ ਕਿ 'ਸੀਬੋ' ਦੋਹਾਂ ਦੀਆਂ ਗੱਲਾਂ ਨੂੰ ਸਿੱਲ-ਪੱਥਰ ਬਣੀ ਚੁੱਪ-ਚਾਪ ਸੁਣ ਰਹੀ ਸੀ। ਰਾਤ ਦੇ ਹਨ੍ਹੇਰੇ ਵਿੱਚ ਉਹ ਆਪਣੀਆਂ ਅੱਖਾਂ 'ਚੋਂ ਪਰਲ-ਪਰਲ ਵਗਦੇ ਹੰਝੂਆਂ ਨੂੰ ਵਾਰ-ਵਾਰ ਪੂੰਝ ਰਹੀ ਸੀ। ਉਸ ਨੂੰ ਕਰਮੂੰ ਦੀਆਂ ਕਹੀਆਂ ਗੱਲਾਂ ਠੀਕ ਲੱਗਦੀਆਂ ਸਨ। ਉਸ ਨੇ ਦੱਸਿਆ ਕਿ ਕਰਮੂੰ ਵੱਲ ਆਉਣ ਤੋਂ ਪਹਿਲਾਂ ਉਹ ਗਈ ਤਾਂ ਸੀ ਸਰਪੰਚ ਦਾਨ ਸਿਉਂ ਦੀ ਪਿੰਡੋਂ ਬਾਹਰ ਬਣੀ ਆਲੀਸ਼ਾਨ ਕੋਠੀ ਵੱਲ। ਰਾਤ ਦੇ ਦਸ ਵਜੇ ਜਦੋਂ ਉਸ ਦੇ ਇੱਕੋ ਇੱਕ ਅੱਠ ਸਾਲ ਦੇ ਲਾਡਲੇ ਪੁੱਤਰ 'ਰੁਲਦੂ' ਨੂੰ ਦੌਰਾ ਜਿਹਾ ਪੈ ਗਿਆ ਸੀ ਤੇ ਉਹ ਸਾਹ ਲੈਣ ਲਈ ਤੜਫ਼ ਰਿਹਾ ਸੀ। ਉਸ ਨੇ ਕੋਠੀ ਦਾ ਦਰਵਾਜ਼ਾ ਬਥੇਰਾ ਖੜਕਾਇਆ, ਅਵਾਜ਼ਾਂ ਮਾਰੀਆਂ, ਬਿੱਲਾਂ ਵਜਾਈਆਂ ਪਰ ਕੋਈ ਨਾ ਬਹੁੜਿਆ। ਆਖਰ ਉਸ ਨੂੰ ਕਰਮੂੰ ਦਾ ਬੂਹਾ ਹੀ ਖੜਕਾਉਣਾ ਪਿਆ। ਕਰਮੂੰ ਦਾ ਘਰ ਪਿੰਡ ਦੇ ਵਿਚਕਾਰ ਸੀ ਤੇ ਸੀਬੋ 'ਕੱਲੀ ਪਿੰਡ ਦੀਆਂ ਗਲੀਆਂ 'ਚ ਜਾਣੋ ਡਰਦੀ ਸੀ ਕਿਉਂਕਿ ਸਰਪੰਚ ਦਾਨ ਸਿਉਂ ਨੇ ਆਪਣੇ ਖੂੰਖਾਰ ਪਾਲਤੂ 'ਕੁੱਤੇ' ਵੋਟਾਂ ਵਾਲੇ ਦਿਨਾਂ 'ਚ ਅਵਾਰਾ ਛੱਡੇ ਹੋਏ ਸਨ ਤੇ ਉਹ ਕਰਮੂੰ ਦੇ ਘਰ ਵੱਲ ਜਾਂਦੇ ਹਰ ਪਿੰਡ ਵਾਸੀ ਦੇ ਕੱਪੜੇ ਪਾੜ ਰਹੇ ਸਨ। ਪਰ ਪੁੱਤਰ ਮੋਹ ਦੀ ਮਾਰੀ ਸੀਬੋ ਨੂੰ ਕਰਮੂੰ ਵੱਲ ਜਾਣਾ ਹੀ ਪੈਣਾ ਸੀ। ਉਹ ਗਈ ਤੇ ਉਸ ਨੇ ਕਰਮੂੰ ਦਾ ਦਰ ਜਾ ਖੜਕਾਇਆ।

'ਕਰਮੂੰ' ਨੇ ਦਰਵਾਜ਼ਾ ਖੋਲ੍ਹਿਆ ਤੇ ਸੀਬੋ ਦੀ ਵਿੱਥਿਆ ਸੁਣੀ। ਕਰਮੂੰ ਨੇ ਸੰਮਾਂ ਵਾਲੀ ਲਿਸ਼ਕਦੀ ਡਾਂਗ ਅੰਦਰੋਂ ਕੱਢ ਲਿਆਂਦੀ ਤੇ ਡਾਂਗ ਖੜਕਾਉਂਦਾ ਸੀਬੋ ਦੇ ਅੱਗੇ ਅੱਗੇ ਤੁਰਨ ਲੱਗਾ।

ਕਰਮੂੰ ਸੋਚਦਾ ਕਿ ਸਾਡੇ ਇਹ ਲੋਕ ਬੜੀ ਬੁੱਝਦਿਲ ਮਿੱਟੀ ਦੇ ਬਣੇ ਹੋਏ ਨੇ, ਵੋਟਾਂ ਵਾਲੇ ਦਿਨਾਂ 'ਚ ਵੱਡੇ-ਵੱਡੇ ਸਰਦਾਰ ਕਹਾਉਂਣ ਵਾਲੇ ਸਰਪੰਚ ਦਾਨ ਸਿਹੁੰ ਤੋਂ ਡਰਦੇ ਕਰਮੂੰ ਨੂੰ ਆਖਦੇ,

"ਦੇਖ ਕਰਮੂੰ! ਵੋਟ ਤੇਰੀ ਪਰ ਭਰਾਵਾ! ਅਸੀਂ ਤੇਰੇ ਨਾਲ ਖੁੱਲ੍ਹ ਕੇ ਨਈਂ੍ ਤੁਰ ਸਕਦੇ!"

ਪਰ ਕਰਮੂੰ ਕਿਸੇ ਤੋਂ ਨਹੀਂ ਸੀ ਡਰਦਾ। ਟਾਹਲੀਆਂ ਹੇਠ ਪੱਧਰੇ ਖੜ੍ਹੀ ਕਰਮੂੰ ਦੀ ਕਾਰ ਵੱਲ ਜਾਂਦਿਆਂ ਦਾਨ ਸਿਹੁੰ ਦੇ ਇੱਕ ਦੋ ਅਵਾਰਾ 'ਕੁੱਤੇ' ਉਨ੍ਹਾਂ ਨੂੰ ਮਿਲੇ ਵੀ ਜੋ 'ਕਰਮੂੰ' ਦੀ ਡਾਂਗ ਤੋਂ ਡਰਦੇ ਕੰਨ ਭੰਨਦੇ ਹੋਏ ਚੁੱਪ-ਚਾਪ ਪਰ੍ਹਾਂ ਦੀ ਹੋ ਕੇ ਲੰਘ ਗਏ। ਕਾਰ ਕੋਲ ਜਾ ਕੇ ਕਰਮੂੰ ਨੇ ਸੀਬੋ ਨੂੰ ਕਿਹਾ,

"ਭਾਬੀ ਆਹ ਲੈ ਫੜ੍ਹ ਡਾਂਗ! ਤੇ ਚੱਲ ਆਪਣੇ ਘਰ ਵੱਲ ਨੂੰ..... ਮੈਂ ਕਾਰ ਲੈ ਕੇ ਆਇਆ!"

'ਕਰਮੂੰ' ਦੀ ਡਾਂਗ ਫੜ੍ਹ ਕੇ ਸੀਬੋ ਨੂੰ ਲੱਗਿਆ ਜਿਵੇਂ ਉਸ ਦਾ ਸਿਰ ਅਸਮਾਨ ਨੂੰ ਲੱਗ ਗਿਆ ਹੋਵੇ ਤੇ ਉਸ ਵਿੱਚ ਦਸਾਂ ਸ਼ੇਰਨੀਆਂ ਜਿੰਨੀ ਤਾਕਤ ਆ ਗਈ ਹੋਵੇ..... ਹੁਣ ਟੱਕਰੇ ਕੋਈ 'ਕੁੱਤਾ' ਸਿਰ ਨਾ ਪਾੜ ਦਿਆਂ..... ਪਰ..... ਕਰਮੂੰ ਵਿਚਾਰਾ ਦੋ ਵੋਟਾਂ 'ਤੇ ਹਾਰ ਗਿਆ ਸੀ। ਇਸ ਵਾਰ ਫੇਰ ਦਾਨ ਸਿੰਘ ਪੰਜਵੀਂ ਵਾਰ ਪਿੰਡ ਦਾ ਸਰਪੰਚ ਬਣ ਗਿਆ ਸੀ। ਦਾਨ ਸਿੰਘ ਦੀ ਕੋਠੀ 'ਚ ਵੋਟਾਂ ਵਾਲੀ ਸ਼ਾਮ ਨੂੰ ਘੰਟਾ ਭਰ ਜਿੱਤ ਦੇ ਜਸ਼ਨ 'ਚ ਪਟਾਕੇ ਚੱਲਦੇ ਰਹੇ ਸਨ, ਸ਼ਰਾਬ ਦੇ ਦੌਰ ਚੱਲੇ ਸਨ, 'ਕੁੱਤਿਆਂ' ਨੇ ਮਾਸ ਖਾਧਾ ਸੀ..... ਕੱਚਾ ਵੀ ਤੇ ਪੱਕਿਆ ਵੀ..... ਸ਼ਹਿਰੋਂ ਨੱਚਣ ਵਾਲੀਆਂ ਆਈਆਂ ਸਨ ਤੇ ਰਾਤ ਦੇ ਦੋ ਵਜੇ ਤੱਕ ਨਾਚ-ਗਾਣਾ ਚੱਲਦਾ ਰਿਹਾ ਸੀ।

'ਕਰਮੂੰ' ਨੂੰ ਬੈਠ ਜਾਣ ਲਈ ਲਾਲਚ ਦਿੱਤੇ ਗਏ, ਡਰਾਇਆ ਧਮਕਾਇਆ ਗਿਆ। ਹਫ਼ਤਾ ਭਰ ਦਾਨ ਸਿਉਂ ਦੇ ਕੁੱਤੇ ਕਰਮੂੰ ਦੇ ਦਰਾਂ ਮੂਹਰੇ ਆ ਆ ਕੇ ਭੌਂਕਦੇ ਰਹੇ..... ਪਰ ਕਰਮੂੰ ਸ਼ੇਰਨੀ ਦਾ ਪੁੱਤ ਟੱਸ ਤੋਂ ਮੱਸ ਨਾ ਹੋਇਆ। ਅੰਦਰੋ ਅੰਦਰੀ ਪਿੰਡ ਦੇ ਸਾਰੇ ਕਿਸਾਨ-ਮਜ਼ਦੂਰ ਕਰਮੂੰ ਦੇ ਨਾਲ ਸਨ। ਐਤਕੀਂ ਸਭ ਨੂੰ ਆਸ ਸੀ ਕਿ ਦਾਨ ਸਿਹੁੰ ਦਾ ਮੱਕੂ ਠੱਪਿਆ ਜਾਣਾ ਹੈ..... ਪਰ ਗੱਲ ਦੋ ਵੋਟਾਂ 'ਤੇ ਆ ਕੇ ਅਟਕ ਗਈ..... ਹਾਏ! ਸੀਬੋ ਨੇ ਗਹਿਰਾ ਹਉਕਾ ਲਿਆ ਤਾਂ ਨਾਲ ਬੈਠੇ ਰਹਿਮੇ ਨੇ ਪੁੱਛਿਆ, "ਕੀ

ਗੱਲ ਸੀਬੋ ਠੀਕ ਏਂ ਨਾ?"

"ਹਾਂ-ਹਾਂ-ਹਾਂ ! ਠੀਕ ਹਾਂ !" ਕਹਿ ਕੇ ਸੀਬੋ ਫੇਰ ਸੋਚਾਂ ਦੇ ਸਮੁੰਦਰ ਵਿੱਚ ਗੋਤੇ ਖਾਣ ਲੱਗੀ..... ਰੁਪਈਏ, ਮੰਜੇ, ਬਿਸਤਰੇ, ਸ਼ਰਾਧ, ਡੋਡੇ ਪਤਾ ਨਈਂ ਕੀ ਕੀ ਵੰਡਿਆ ਦਾਨ ਸਿਉਂ ਨੇ ਲੋਕਾਂ ਨੂੰ..... ਬੇਘਰਿਆਂ ਨੂੰ ਪਲਾਟ ਦੇਣ ਦੇ ਲਾਰੇ ..... ਕੁੜੀਆਂ ਵਿਆਹੁਣ ਪਰਨਾਉਂਣ ਦੇ ਲਾਲਚ। ਹਨ੍ਹੇਰੇ ਵਿੱਚ ਵੱਜੇ ਕਾਰ ਦੇ ਹਾਰਨ ਨਾਲ ਸੀਬੋ ਦੀਆਂ ਸੋਚਾਂ ਦੀ ਲੜੀ ਫੇਰ ਟੁੱਟ ਗਈ। ਉਸ ਨੇ ਗੋਦੀ ਵਿੱਚ ਪਏ ਰੁਲਦੂ ਵੱਲ ਦੇਖਿਆ। ਰੁਲਦੂ ਦਾ ਸਾਹ ਹੁਣ ਠੀਕ ਚੱਲ ਰਿਹਾ ਸੀ ਤੇ ਉਹ ਘੂਕ ਸੁੱਤਾ ਪਿਆ ਸੀ।

ਅਚਾਨਕ ਕਾਰ ਦੀ ਬ੍ਰੇਕ ਲੱਗੀ ਤੇ ਕਰਮੂੰ ਬੋਲਿਆ, "ਲੈ ਬਈ ਰਹਿੰਮਿਆਂ ! ਆ ਗਿਆ ਤੇਰਾ ਘਰ !!"

ਕਾਰੋਂ ਉਤਰਦਿਆਂ ਸੀਬੋ ਨੇ ਰੁਲਦੂ ਰਹਿੰਮੇ ਨੂੰ ਫੜ੍ਹਾ ਦਿੱਤਾ ਤੇ ਕਰਮੂੰ ਨੂੰ ਕਹਿਣ ਲੱਗੀ,

"ਕਰਮਿਆਂ ਆਪਣੀ ਡਾਂਗ ਘਰੋਂ ਲੈ ਕੇ ਜਾਈਂ !""

"ਅੱਛਾ ਭਾਬੀ !" ਕਹਿੰਦਾ ਕਰਮੂੰ ਕਾਰ ਦੀ ਤਾਕੀ ਲਾ ਕੇ ਉਨ੍ਹਾਂ ਦੇ ਮਗਰ ਮਗਰ ਤੁਰ ਪਿਆ। ਘਰ ਪਹੁੰਚ ਕੇ ਸੀਬੋ ਨੇ ਕਰਮੂੰ ਨੂੰ ਡਾਂਗ ਫੜ੍ਹਾਈ ਤੇ ਉਸ ਦੇ ਪੈਰਾਂ 'ਤੇ ਡਿੱਗ ਕੇ ਜ਼ਾਰ ਜ਼ਾਰ ਰੋਣ ਲੱਗ ਪਈ। 'ਕਰਮੂੰ' ਨੇ ਉਸ ਨੂੰ ਬਾਹਾਂ ਤੋਂ ਫੜ੍ਹ ਕੇ ਉਠਾਇਆ ਤੇ ਪੁੱਛਿਆ,

"ਭਾਬੀ ! ਇਹ ਕੀ ਕਰਦੀ ਏਂ?"

"ਪਛਤਾਵਾ !" ਸੀਬੋ ਦੇ ਮੂੰਹੋਂ ਏਨਾਂ ਹੀ ਨਿਕਲਿਆ ਤੇ ਉਹ ਚੁੰਨੀ ਦੇ ਪੱਲੇ ਨਾਲ ਆਪਣੀਆਂ ਅੱਖਾਂ ਪੂੰਝਣ ਲੱਗ ਪਈ।

"ਭਾਬੀ ਕਾਹਦਾ ਪਛਤਾਵਾ?" ਕਰਮੂੰ ਨੇ ਪੁੱਛਿਆ।

"ਆ ਮੰਜੇ 'ਤੇ ਬੈਠ, ਦੱਸਦੀ ਆਂ !" ਕਹਿ ਕੇ ਸੀਬੋ ਨੇ ਵਿਹੜੇ ਖੜ੍ਹਾ ਤ੍ਰੇਲ ਭਿੱਜਿਆ ਮੰਜਾ ਡਾਹ ਦਿੱਤਾ ਤੇ ਉਹ ਗਿੱਲੇ ਮੰਜੇ 'ਤੇ ਹੀ ਬੈਠ ਗਏ। ਸੀਬੋ ਨੇ ਕਹਿਣਾ ਸ਼ੁਰੂ ਕੀਤਾ,

"ਵੋਟਾਂ ਤੋਂ ਇੱਕ ਰਾਤ ਪਹਿਲਾਂ ਦਾਨ ਸਿੰਹੁ ਦੀ ਸਰਦਾਰਨੀ ਘਰ ਆਈ ਸੀ..... ਪੰਜ ਹਜ਼ਾਰ ਰੁਪਈਆ ਮੇਰੀ ਮੁੱਠ 'ਚ ਦੇ ਕੇ ਕਹਿਣ ਲੱਗੀ ..... ਧਿਆਨ ਰੱਖੀਂ..... ਵੋਟ ਸਰਦਾਰ ਜੀ ਨੂੰ ਪਾਈਂ..... ਲਾਲਚ ਮਾਰੀ ਨੇ ਮੁੰਡੇ ਦੇ ਦਵਾ-ਦਾਰੂ ਲਈ ਮੈਂ ਪੈਸੇ ਫੜ੍ਹ ਲਏ ਤੇ ਸੋਚਿਆ ਵੋਟ ਕਰਮਿਆਂ ਤੈਨੂੰ ਪਾ ਦੇਊਂ..... ਪਰ ਪੈਸੇ ਫੜ੍ਹਾ ਕੇ ਸਰਦਾਰਨੀ ਅੰਦਰ ਜਾ ਵੜੀ ਤੇ ਆਲ਼ੇ 'ਚੋਂ ਚਿਰਾਗ਼ ਪਿੱਛੇ ਪਈ ਪੀਰਾਂ ਦੀ ਫੋਟੋ ਚੁੱਕ ਲਿਆਈ ਤੇ ਕਹਿਣ ਲੱਗੀ..... ਖਾਹ ਸਹੁੰ ਪੀਰਾਂ ਦੀ ..... ਫੋਟੋ 'ਤੇ ਮੇਰਾ ਹੱਥ ਰੱਖ ਕੇ ਕਹਿਣ ਲੱਗੀ..... ਤੈਨੂੰ ਪੀਰਾਂ ਦੀ ਸਹੁੰ ਜੇ ਸਰਦਾਰ ਜੀ ਨੂੰ ਵੋਟ ਨਾ ਪਾਵੇਂ..... ਕਰਮਿਆਂ ਉਹ ਮੈਨੂੰ ਪੀਰਾਂ ਦੀ ਸਹੁੰ ਵਿੱਚ ਬੰਨ੍ਹ ਗਈ..... ਸੋਚਿਆ..... ਕਰਮੂੰ ਕਿਹੜਾ ਮੇਰੀ ਵੋਟ ਤੋਂ ਬਗ਼ੈਰ ਜਿੱਤਣੋਂ ਰਹਿ ਚੱਲਿਆ..... ਤੇ ਕਰਮਿਆਂ ਮੈਂ ਵੋਟ.....?" ਸੀਬੋ ਆਪਣਾ ਬੋਲ ਪੂਰਾ ਨਾ ਕਰ ਸਕੀ ਤੇ ਹੰਝੂਆਂ ਨਾਲ ਭਿੱਜਿਆ ਚਿਹਰਾ ਚੁੰਨੀ ਨਾਲ ਪੂੰਝਣ ਲੱਗ ਪਈ। ਕਰਮੂੰ ਤੇ ਰਹਿਮੂੰ ਉਸ ਦੀਆਂ ਗੱਲਾਂ ਸੁਣ ਕੇ ਸਿੱਲ-ਪੱਥਰ ਹੋਏ ਬੈਠੇ ਸਨ। ਅਚਾਨਕ ਉੱਥੇ ਰਤਨੀ ਦਾ ਜੈਲੂ ਕਰਮੂੰ ਨੂੰ ਲੱਭਦਾ ਲੱਭਦਾ ਆਇਆ ਤੇ ਹਫ਼ਦਾ ਹੋਇਆ ਕਹਿਣ ਲੱਗਾ, "ਕਰਮਿਆਂ ! ਯਾਰ ਸਾਡੀ ਗਾਂ ਬੜੀ ਬਿਮਾਰ ਆ.. ਡਕ਼ਟਰ ਅੱਲ ਜਾਣਾ..... ਮੈਂ ਤੇਰੇ ਘਰੋਂ ਤੈਨੂੰ ਦੇਖਦਾ ਆਇਆਂ..... ਚੱਲ ਮੇਰਾ ਵੀਰ, ਛੇਤੀ ਕਰ !"

ਕਰਮੂੰ ਸੋਚਾਂ ਵਿੱਚ ਡੁੱਬਿਆ ਡਾਂਗ ਫੜ੍ਹ ਕੇ ਜੈਲੂ ਦੇ ਅੱਗੇ ਅੱਗੇ ਤੁਰ ਪਿਆ। ਕਾਰ ਕੋਲ ਪਹੁੰਚ ਕਰਮੂੰ ਨੇ ਜੈਲੇ ਨੂੰ ਸੰਮਾਂ ਵਾਲੀ ਡਾਂਗ ਫੜ੍ਹਾਉਂਦਿਆਂ ਕਿਹਾ,

"ਜੈਲੂ ! ਆਹ ਫੜ੍ਹ ਡਾਂਗ !"

ਜੈਲੂ ਨੇ ਕਰਮੂੰ ਹੱਥੋਂ ਡਾਂਗ ਫੜ੍ਹਦਿਆਂ ਕਿਹਾ, "ਜੈ ਬਾਬਿਆਂ ਦੀ ! ਡਾਂਗ ਬੜੀ ਨਰੋਈ.....!"

ਇਹ ਬੋਲ ਹਾਲੇ ਜੈਲੂ ਦੇ ਮੂੰਹ ਵਿੱਚ ਹੀ ਸਨ ਕਿ ਕਰਮੂੰ ਨੇ ਖਿੱਝ ਕੇ ਡਾਂਗ ਉਹਦੇ ਹੱਥੋਂ ਖੋਹ ਲਈ ਤੇ ਕਾਰ ਉੱਪਰ ਲੱਗੇ ਜੰਗਲੇ ਨਾਲ ਬੰਨ੍ਹਣ ਲੱਗ ਪਿਆ? ਉਸ ਨੂੰ ਲੱਗਾ ਜਿਵੇਂ ਉਸ ਨੂੰ ਹਰਾਉਂਣ ਵਾਲੀ ਦੂਜੀ ਵੋਟ ਜੈਲੂ ਦੀ ਹੀ ਹੋਵੇ ਤੇ ਉਸ ਨੂੰ ਵੀ ਬਾਬਿਆਂ ਦੀ ਸਹੁੰ ਚੁਕਾਈ ਗਈ ਹੋਵੇ। ਜੈਲੂ ਨੂੰ ਉਹਦਾ ਇਹ ਵਿਹਾਰ ਬੜਾ ਹੀ ਅਜੀਬ ਜਿਹਾ ਲੱਗਿਆ ਪਰ ਕਰਮੂੰ ਚੁੱਪ-ਚਾਪ ਆਪਣੇ ਕੰਮ ਲੱਗਾ ਰਿਹਾ। ਡਾਂਗ ਬੰਨ੍ਹ ਕੇ ਕਰਮੂੰ ਨੇ ਕਿਹਾ,

"ਬੈਠ ਜੈਲੂ ! ਚੱਲੀਏ !"

ਜੈਲੂ ਡਰਦਾ ਡਰਦਾ ਕਾਰ ਦੀ ਮੂਹਰਲੀ ਸੀਟ 'ਤੇ ਬੈਠ ਗਿਆ। ਰਾਤ ਦੇ ਤੇ ਧੁੰਦ ਦੇ ਸੰਘਣੇ ਹਨ੍ਹੇਰੇ ਵਿੱਚ ਕਾਰ ਡਿੱਕੇ ਡੋਲੇ ਖਾਂਦੀ ਡੰਗਰ ਡਾਕਟਰ ਅਮਰੀਕ ਸਿੰਘ ਦੇ ਪਿੰਡ ਵੱਲ ਵਧ ਰਹੀ ਸੀ। ਚੁੱਪ ਨੂੰ ਤੋੜਦਿਆਂ ਜੈਲੂ ਨੇ ਹੌਸਲਾ ਜਿਹਾ ਕਰਕੇ ਕਰਮੂੰ ਨੂੰ ਪੁੱਛਿਆ,

"ਕਰਮੂੰ ਭਾ ! ਇਹ ਡਾਂਗ ਬੜੀ ਸੋਹਣੀ ਆ ! ਕਿੱਥੋਂ ਲਈ ਆ ਇਹ !"

"ਇਹ ਡਾਂਗ ਦਾਨ ਸਿਹੁੰ ਦੇ ਦਾਦੇ ਦੀ ਆ ਜੈਲਿਆ !"

"!! ਹੈਂ! ਤੇਰੇ ਕੋਲ ਕਿਵੇਂ ਆਈ?" ਜੈਲੂ ਨੇ ਅੱਖਾਂ ਟੱਡਦਿਆਂ ਹੈਰਾਨ ਹੋ ਕੇ ਪੁੱਛਿਆ।

"ਦਾਨ ਸਿਹੁੰ ਦੇ ਦਾਦੇ ਨੂੰ ਆਪਣੇ ਡੌਲ਼ਿਆਂ 'ਤੇ ਬੜਾ ਮਾਣ ਸੀ। ਇਹ ਡਾਂਗ ਉਹ ਸਰੋਂ ਦੇ ਤੇਲ ਨਾਲ ਲਿਸ਼ਕਾ ਕੇ ਪਿੰਡ 'ਚ ਖੜਕਾਉਂਦਾ ਤੁਰਦਾ-ਫਿਰਦਾ ਰਹਿੰਦਾ ਸੀ। ਆਪਣੇ ਖੂਹ 'ਤੇ ਲੋਕਾਂ ਦਾ ਮੇਲਾ ਲਾ ਕੇ ਉਹ ਡੇਢ ਕੁ ਕੁਇੰਟਲ ਭਾਰਾ ਪੱਥਰ ਚੁੱਕ ਕੇ ਲੋਕਾਂ ਨੂੰ ਆਪਣਾ ਜ਼ੋਰ ਦਿਖਾਉਂਦਾ ਹੁੰਦਾ ਸੀ..... ਤੇ ਰੋਜ਼ ਪੁੱਛਦਾ ਸੀ ..... ਹੈ ਕੋਈ ਪਿੰਡ 'ਚ ਸੂਰਮਾ ਜੋ ਇਹ ਪੱਥਰ ਆਪਣੀਆਂ ਬਾਹਾਂ 'ਤੇ ਤੋਲ ਕੇ ਵਿਖਾਵੇ.....? ਲੋਕ ਨੀਵੀਂ ਪਾ ਕੇ ਖਲੋਤੇ ਰਹਿੰਦੇ ਤੇ ਦਾਨ ਸਿਹੁੰ ਦਾ ਬਾਬਾ ਬਿੱਕਰ ਸਿਹੁੰ ਉੱਚੀ-ਉੱਚੀ ਹੱਸਦਾ ਹੋਇਆ ਆਪਣਾ ਸੋਨੇ 'ਚ ਮੜ੍ਹਾਇਆ ਦੰਦ ਲਿਸ਼ਕਾਉਂਦਾ ਤੇ ਪੱਥਰ ਚੁੱਕ ਕੇ ਕਮਾਦ ਵਿੱਚ ਰੱਖ ਆਉਂਦਾ !"

"ਤੇਰੇ ਕੋਲ ਕਿੱਦਾਂ ਆਈ?" ਜੈਲੂ ਨੇ ਕਰਮੂੰ ਨੂੰ ਵਿੱਚੋਂ ਟੋਕ ਕੇ ਉਤਸੁੱਕਤਾ ਨਾਲ ਪੁੱਛਿਆ।

"ਦੱਸਦਾਂ ! ਦਮ ਰੱਖ, ਇੱਕ ਦਿਨ ਬਿੱਕਰ ਸਿਹੁੰ 'ਕੱਠੇ ਹੋਏ ਲੋਕਾਂ ਨੂੰ ਕਹਿਣ ਲੱਗਾ..... ਸੁਣੋ ਬਈ ! ਪਿੰਡ 'ਚੋਂ ਜਿਹੜਾ ਵੀ ਇਹ ਪੱਥਰ ਚੁੱਕ ਕੇ ਵਿਖਾ ਦਏ ਤਾਂ ਮੇਰੀ ਇਹ ਸੰਮਾਂ ਵਾਲੀ ਡਾਂਗ ਲੈ ਜਾਏ ਨਹੀਂ ਤਾਂ ਮੁਕਾਬਲੇ 'ਤੇ ਨਿਕਲਣ ਵਾਲਾ ਛੇ ਮਹੀਨੇ ਮੇਰੇ ਪਸੂਆਂ ਨੂੰ ਪੱਠੇ ਪਾਵੇ !"

ਬਿੱਕਰ ਸਿਹੁੰ ਦੀ ਗੱਲ ਸੁਣ ਕੇ ਕਹਿੰਦੇ ਨੇ ਕਿ ਲੋਕਾਂ ਦੇ ਬੁੱਲ੍ਹਾਂ 'ਤੇ ਸਿੱਕਰੀ ਆ ਗਈ ! ਆਖ਼ਰ ਮੇਰੇ ਦਾਦੇ ਜੇਠੂ ਨੂੰ ਉਸ ਦੀ ਵੰਗਾਰ ਦਾ ਜੁਆਬ ਦੇਣ ਲਈ ਮਦਾਨ ਵਿੱਚ ਆਉਂਣਾ ਪਿਆ। ਉਹ ਪੱਥਰ ਦੇ ਕੋਲ ਹੋ ਕੇ ਬੈਠ ਗਿਆ..... ਵੇਖਣ ਵਾਲੇ ਦੱਸਦੇ ਨੇ ਕਿ ਪਹਿਲਾਂ ਉਸ ਨੇ ਪੱਥਰ ਆਪਣੇ ਕਲ਼ਾਵੇ ਵਿੱਚ ਲੈ ਕੇ ਸਿਰ ਭਾਰ ਖੜ੍ਹਾ ਕਰ ਲਿਆ। ਆਪਣੇ ਖੱਬੇ ਮੋਢੇ ਉੱਪਰ ਸੁੱਟ ਕੇ ਗੋਡਿਆਂ ਭਾਰ ਹੋ ਗਿਆ..... ਪੱਥਰ ਦਾ ਸਾਰਾ ਭਾਰ ਹੁਣ ਦਾਦੇ ਜੇਠੂ ਦੇ ਮੋਢੇ 'ਤੇ ਸੀ..... ਜ਼ੋਰ ਨਾਲ ਕੰਬਦੇ ਸਰੀਰ ਨਾਲ ਉਹ ਹੌਲੀ ਹੌਲੀ ਪੈਰਾਂ ਭਾਰ ਖਲੋ ਗਿਆ..... ਮੋਢੇ ਤੋਂ ਪੱਥਰ ਨੂੰ ਖਿਸਕਾ ਕੇ ਉਸ ਨੇ ਆਪਣੀ ਛਾਤੀ 'ਤੇ ਰੱਖ ਲਿਆ ਤੇ ਦੋਹਾਂ ਹੱਥਾਂ ਵਿੱਚ ਲੈ ਕੇ ਉਲੋਂ ਦੇ ਕੇ ਵਗਾਹ ਕੇ ਕਮਾਦ ਵੱਲ ਸੁੱਟ ਦਿੱਤਾ..... ਉੱਥੇ ਖੜ੍ਹੇ ਲੋਕਾਂ ਵਿੱਚ ਬਾਬੇ ਜੇਠੂ ਦੀ ਬੱਲੇ ਬੱਲੇ ਹੋ ਗਈ ਤੇ ਉਹ ਬਿੱਕਰ ਸਿਹੁੰ ਦੀ ਸੰਮਾਂ ਵਾਲੀ ਡਾਂਗ ਲੈ ਕੇ ਘਰ ਆ ਗਿਆ..... ਹੁਣ ਜਦੋਂ ਮੈਂ ਇਹ ਡਾਂਗ ਲੈ ਕੇ ਪਿੰਡ 'ਚ ਨਿਕਲਦਾਂ ਤਾਂ ਦਾਨ ਸਿਹੁੰ ਹੁਰਾਂ ਤੋਂ ਝੱਲ ਨਈਂ ਹੁੰਦਾ..... ਹੋਰ ਮੇਰੇ ਨਾਲ ਉਨ੍ਹਾਂ ਦਾ ਕੀ ਝਗੜਾ ਜੈਲੂ ! ਦਾਨ ਸਿਹੁੰ ਕਈ ਵਾਰ ਮੈਤੋਂ ਇਹ ਡਾਂਗ ਮੰਗ ਚੁੱਕਾ..... ਕਹਿੰਦਾ ਜਿੰਨੇ ਮਰਜ਼ੀ ਪੈਸੇ ਲੈ ਲਾ..... ਡਾਂਗ ਦੇ ਦੇ ..... ਮੈਂ ਨਈਂ ਦਿੰਦਾ !" ਇਹ ਵਿੱਥਿਆ ਦੱਸ ਕੇ 'ਕਰਮੂੰ' ਜੈਲੂ ਵੱਲ ਜੇਤੂ ਨਜ਼ਰਾਂ ਨਾਲ ਵੇਖਣ ਲੱਗਾ।

"ਜੈ ਬਾਬਿਆਂ ਦੀ ! ਓਦਾਂ ਭਾ ਐਤਕੀਂ ਤੂੰ ਸਰਪੰਚੀ ਵੀ ਖੋਹ ਲੈਣੀ ਸੀ ਦੋ ਵੋਟਾਂ ਹੋਰ ਪੈ ਜਾਂਦੀਆਂ ਤਾਂ ਬਣ 'ਗੀ ਸੀ ਗੱਲ !" ਜੈਲੂ ਨੇ ਚੋਰ ਅੱਖ ਨਾਲ ਕਰਮੂੰ ਵੱਲ ਵੇਖਦਿਆਂ ਆਖਿਆ !

"ਬਣ ਤਾਂ ਜਾਣੀ ਸੀ ਪਰ ਤੁਹਾਡੇ ਪੀਰਾਂ-ਬਾਬਿਆਂ ਦੀਆਂ ਸੌਹਾਂ ਨੇ ਨਈਂ ਬਣਨ ਦਿੱਤੀ !" ਕਹਿਣਾ ਚਾਹੁੰਦਾ ਹੋਇਆ ਵੀ ਚੁੱਪ ਚਾਪ ਕਰਮੂੰ ਰਾਤ ਦੇ ਹਨ੍ਹੇਰੇ ਵਿੱਚ ਆਪਣੀ ਖਟਾਰਾ ਹੋਈ ਕਾਰ ਅਗਾਂਹ ਤੋਰੀ ਜਾ ਰਿਹਾ ਸੀ। ਉਸ ਨੂੰ ਕਿਸੇ ਨੇ ਦੱਸਿਆ ਸੀ ਕਿ ਜੈਲੂ ਨੂੰ ਵੀ ਦਾਨ ਸਿਹੁੰ ਦੇ ਛੋਟੇ ਮੁੰਡੇ ਨੇ ਪੈਸੇ ਦੇ ਕੇ ਮਟੀ ਵਾਲੇ ਬਾਬਿਆਂ ਦੀ ਸਹੁੰ ਚੁਕਾਈ ਸੀ ..... "ਡੈਡੀ ਚਾਹ ਪੀ ਲਾ ! " ਕਰਮੂੰ ਦੀ ਜੁਆਨ ਹੋਈ ਧੀ ਨੇ ਕਹਿੰਦਿਆਂ ਉਸ ਦੀ ਸੋਚਾਂ ਦੀ ਲੜੀ ਨੂੰ ਤੋੜ ਦਿੱਤਾ। ਕਰਮੂੰ ਨੇ ਹਉਂਕਾ ਭਰਦਿਆਂ ਚਾਹ ਵਾਲਾ ਡੋਲੂ ਆਪਣੀ ਧੀ ਦੇ ਹੱਥੋਂ ਫੜ ਲਿਆ।

***

ਕਹਾਣੀ

# ਆਪਾਂ ਕਿਹੜੇ ਕਿਰਸਾਨ ਹਾਂ

ਦੀਨਾ ਨਾਥ ਚਮਦਲ

"ਓ ਕਾਲੂ ਓ, ਪੁੱਤ ਆਈ ਦੌੜ ਕੇ, ਬਾਹਰ ਮੀਂਹ ਆ ਗਿਆ ਏ, ਆਹ ਭਾਂਡੇ ਚੁਕਾ ਕੇ ਅੰਦਰ ਰਖਵਾਈਂ।" ਹਰੀ ਘੁਮਿਆਰ ਨੇ ਆਪਣੇ ਗੁਆਂਢੀ ਕਾਲੂ ਨੂੰ ਆਵਾਜ਼ ਦਿੱਤੀ।

"ਆਇਆ ਚਾਚਾ"। ਕਾਲੂ ਨੇ ਅੰਦਰੋਂ ਹੀ ਆਵਾਜ਼ ਦਿੱਤੀ।

"ਪਤਾ ਨਹੀਂ, ਰਾਤੀਂ ਮੌਸਮ ਚੰਗਾ ਭਲਾ ਲੱਗ ਰਿਹਾ ਸੀ, ਆਹ ਘੜੀ ਕੁ ਪਹਿਲਾਂ ਈ ਮਾੜਾ ਜਿਹਾ ਗਰਜਿਆ ਤੇ ਨਾਲ ਈ ਵਰ੍ਹਨ ਲੱਗ ਪਿਆ ਏ, ਉਹ ਵੀ ਏਨਾ ਤੇਜ਼"! ਹਰੀ ਭਾਂਡੇ ਚੁੱਕ ਕੇ ਕਾਹਲ਼ੀ ਨਾਲ਼ ਅੰਦਰ ਲਿਜਾ ਰਿਹਾ ਸੀ ਤੇ ਨਾਲ਼ ਈ ਬੁੜਬੁੜਾਈ ਜਾ ਰਿਹਾ ਸੀ। ਇੰਨੇ ਨੂੰ ਕਾਲੂ ਵੀ ਆ ਗਿਆ ਤੇ ਉਹ ਵੀ ਦੌੜ ਦੌੜ ਕੇ ਭਾਂਡੇ ਅੰਦਰ ਕਰਵਾਉਣ ਲੱਗਾ। ਮੀਂਹ ਸੀ ਕਿ ਹੋਰ ਤੇਜ਼ ਤੋ ਤੇਜ਼ ਹੋ ਰਿਹਾ ਸੀ। ਭਾਂਡੇ ਅਜੇ ਵੀ ਅੱਧੇ ਤੋਂ ਵੱਧ ਬਾਹਰ ਰਹਿ ਗਏ ਸਨ। ਕੁਝ ਕੁ ਅੰਦਰ ਇੱਕ ਦੂਜੇ ਉੱਪਰ ਟਿਕਾਏ ਵੀ ਤਿੜਕ ਰਹੇ ਸਨ। ਵਾਹ ਪੇਸ਼ ਨਾ ਜਾਂਦੀ ਵੇਖ ਹਰੀ ਬੋਲਿਆ,"ਚੱਲ ਛੱਡ, ਰਹਿਣ ਦੇਹ, ਹੁਣ ਚੁੱਕਣ ਦਾ ਕੋਈ ਫ਼ਾਇਦਾ ਨਹੀਂ। ਜਿਹੜੇ ਰਹਿ ਗਏ, ਉਨਾ ਵਿਚੋਂ ਬਹੁਤੇ ਤਾਂ ਖਰਾਬ ਹੋ ਈ ਗਏ ਆ"।

"ਚਾਚਾ, ਉੱਤੇ ਤਰਪਾਲ ਈ ਪਾ ਦਿਆਂ, ਫੇਰ ਵੀ ਕਿਤੇ ਮਾੜਾ ਮੋਟਾ ਫ਼ਾਇਦਾ ਹੋ ਜਾਊ"? ਕਾਲੂ ਨੇ ਸਲਾਹ ਪੁੱਛੀ।

"ਪਾਉਣੀ ਪਾ ਦੇਹ, ਤਰਪਾਲ ਤਾਂ ਪਹਿਲਾਂ ਹੀ ਟੋਕਾ ਨਾਲ ਭਰੀ ਹੋਈ ਆ"। ਹਰੀ ਨੇ ਅਧੂਰੇ ਜਿਹੇ ਮਨ ਨਾਲ ਜਵਾਬ ਦਿੱਤਾ"।

"ਫੇਰ ਵੀ।" ਕਹਿ ਕੇ ਕਾਲੂ ਨੇ ਤਰਪਾਲ ਚੁੱਕ ਲਈ। ਇੱਕ ਪਾਸੇ ਢੱਕਣ ਦੀ ਕੋਸ਼ਿਸ਼ ਕਰਦਾ ਤਾਂ ਦੂਸਰਾ ਨੰਗਾ ਹੋ ਜਾਂਦਾ। ਹਾਰ ਕੇ ਜਿਵੇਂ ਹੱਥ ਆਈ, ਉਵੇਂ ਵਿਛਾ ਦਿੱਤੀ।

ਦੋਵੇਂ ਅੰਦਰ ਬੈਠ ਕੇ ਮੀਂਹ ਘਟਣ ਦਾ ਇੰਤਜ਼ਾਰ ਕਰਨ ਲੱਗੇ।

ਬੜਾ ਸਾਹੋ ਸਹੀ ਹੋਇਆਂ ਏਂ, ਕੀ ਗੱਲ ਠੀਕ ਤਾਂ ਏਂ ?" ਹਰੀ ਕਾਲੂ ਵੱਲ ਵੇਖ ਕੇ ਬੋਲਿਆ।

"ਪਤਾ ਨਹੀਂ ਚਾਚਾ, ਸਰੀਰ ਵੱਲ ਜਹੇ ਚ ਨਹੀਂ, ਰਾਤੀ ਭਖ ਜਿਹੀ ਹੋ ਗਈ ਸੀ।" ਕਾਲੂ ਨੇ ਜਵਾਬ ਦਿੱਤਾ।

ਹਰੀ ਨੇ ਬਿਨਾ ਕੁਝ ਬੋਲਿਆਂ ਉਸਦੇ ਮੱਥੇ ਨੂੰ ਹੱਥ ਲਗਾਇਆ।" ਉਹ ਤੇਨੂੰ ਤਾਂ ਬੁਖ਼ਾਰ ਏ, ਮੱਥਾ ਮਘਦਾ ਏ। ਮੇਰੀ ਮੰਨ, ਅੱਜ ਦਿਹਾੜੀ ਨਾ ਜਾ, ਕੋਈ ਦਵਾ ਦਾਰੂ ਕਰ।"

"ਦਿਹਾੜੀ ਤਾਂ ਚਾਚਾ ਜਾਣਾ ਈ ਪੈਣਾ ਏ। ਦਿਹਾੜੀ ਨਾ ਜਾਊਂ ਤਾਂ ਚੁੱਲਾ ਕਿੱਦਾਂ ਬਾਲੂ ? ਜਾਨਾ ਆਂ ਪਹਿਲਾਂ ਟੀਕਾ ਟੁਕਾ ਲਵਾ ਕੇ। ਆਪਾਂ ਕਿਹੜੇ ਕਿਰਸਾਨ ਆ ਕਿ ਜੇ ਕਿਤੇ ਫ਼ਸਲ ਵੱਲ ਦੋ ਦਿਨ ਨਾ ਵੀ ਜਾ ਹੋਇਆ ਤਾਂ ਕੋਈ ਗੱਲ ਨਹੀਂ"।

"ਠੀਕ ਐ, ਪਰ ਸਿਹਤ ਵੀ ਤਾਂ ਜ਼ਰੂਰੀ ਹੈ। ਇੱਕ ਦਿਹਾੜੀ ਬਚਾਉਦਾ ਵੀਹਾਂ ਦਿਨਾਂ ਲਈ ਪੈ ਗਿਆ, ਫਿਰ ਕਿੱਦਾ ਹੋਊ"?

"ਫੇਰ ਦੀ ਫੇਰ ਵੇਖਾਂਗੇ ਚਾਚਾ, ਅੱਜ ਦੀ ਰੋਟੀ ਦਾ ਪ੍ਰਬੰਧ ਤਾਂ ਕਰੀਏ"। ਕਾਲੂ ਆਪਣੀ ਮਜਬੂਰੀ ਸਮਝਦਾ ਸੀ।

ਮੀਂਹ ਹੋਰ ਤੇਜ਼ ਹੋ ਰਿਹਾ ਸੀ। ਹਰੀ ਆਪਣੇ ਪ੍ਰੀਤ ਨਾਲ ਬਣਾਏ ਭਾਂਡਿਆਂ ਨੂੰ ਮੀਂਹ ਦੀ ਭੇਂਟ ਚੜ੍ਹ ਦਿਆਂ ਵੇਖ ਰਿਹਾ ਸੀ।

"ਹੁਣ ਚਾਚਾ, ਇਨ੍ਹਾਂ ਗਲ ਗਏ ਭਾਂਡਿਆਂ ਦਾ ਕੀ ਕਰੇਂਗਾ"? ਕਾਲੂ ਦੇ ਮੂੰਹੋ ਸੁਭਾਵਿਕ ਹੀ ਨਿੱਕਲ ਗਿਆ।

"ਕਰਨਾ ਕੀ ਏ ਪੁੱਤਰਾ, ਹਰੀ ਨੇ ਰੋਂਦਿਆਂ ਹੋਇਆਂ ਮੁਸਕਰਾਉਣ ਦੀ ਕੋਸ਼ਿਸ਼ ਕਰਦਿਆਂ ਕਿਹਾ,"ਹੁਣ ਇਹ ਇਕੱਠੇ

ਕਰ ਕੇ ਪਹਿਲਾਂ ਹਲਕਾ ਹਲਕਾ ਟੁੱਕੂੰਗਾ, ਫਿਰ ਸੁਕਾ ਕੇ ਥਾਪੀ ਨਾਲ ਕੁੱਟ ਕੇ ਬਾਰੀਕ ਕਰ ਕੇ ਛਾਣਨੀ ਨਾਲ ਛਾਣੂਗਾ, ਫਿਰ ਮਿੱਟੀ ਤਿਆਰ ਕਰਕੇ, ਦੁਬਾਰਾ ਭਾਂਡੇ ਘੜੂੰਗਾ"।ਹਰੀ ਬੋਲਿਆ।

"ਤੇ ਜੇ ਕਿਤੇ ਫਿਰ ਮੀਂਹ ਪੈ ਗਿਆ"? ਕਾਲੂ ਨੇ ਫਿਰ ਸਵਾਲ ਕੀਤਾ।

"ਫੇਰ ਕੀ, ਰੱਬ ਦੀ ਕਰਨੀ ਸਮਝ ਕੇ ਫੇਰ ਕੱਠੇ ਕਰ ਲਵਾਂਗੇ, ਹੋਰ ਕਿਹੜਾ ਫਾਹਾ ਲੈ ਲੈਣਾ"।ਹਰੀ ਨੇ ਹਾਰ ਕੇ ਵੀ ਹਾਰ ਨਾ ਮੰਨਣ ਲਈ ਦ੍ਰਿੜਤਾ ਦਿਖਾਉਂਦਿਆਂ ਜਵਾਬ ਦਿੱਤਾ।

"ਚਾਚਾ ਜਿੱਦਾਂ ਕਿਰਸਾਨ ਦੀ ਫ਼ਸਲ ਜੇ ਮੀਂਹ ਨਾਲ ਮਰ ਜਾਵੇ ਤਾਂ ਸਰਕਾਰ ਉਹਨੂੰ ਥੋੜ੍ਹਾ ਬਹੁਤ ਮੁਆਵਜ਼ਾ ਦੇ ਦਿੰਦੀ ਹੈ, ਤੁਹਾਨੂੰ ਵੀ ਸਰਕਾਰ ਕੋਈ ਮਦਦ ਕਰਦੀ ਏ?" ਕਾਲੂ ਨੇ ਉਤਸੁਕਤਾ ਨਾਲ ਪੁੱਛਿਆ।

"ਨਾ ਜੀ, ਸਾਡੇ ਅਰਗੇ ਨੂੰ ਕੌਣ ਪੁੱਛਦਾ ? ਨਾਲੇ ਸਾਡੀਆਂ ਕਿਹੜੀਆਂ ਐਨੀਆ ਵੋਟਾਂ ਨੇ?" ਹਰੀ ਭਾਰੀ ਮਨ ਨਾਲ ਹੱਸਣ ਦੀ ਬੇਕਾਰ ਕੋਸ਼ਿਸ਼ ਕਰ ਰਿਹਾ ਸੀ।

"ਚਾਚਾ ਮੈ ਸ਼ਾਹਾਂ ਦੇ ਦਿਹਾੜੀ ਜਾਂਦਾ ਸੀ ਤੇ ਉਨ੍ਹਾਂ ਦਾ ਮੁੰਡਾ ਦੱਸਦਾ ਸੀ ਕਿ ਤੁਸੀਂ ਜਿਹੜੀ ਮਰਜ਼ੀ ਚੀਜ਼ ਦਾ ਬੀਮਾ ਕਰਵਾ ਸਕਦੇ ਓ।ਇਹਦਾ ਬੀਮਾ ਨਹੀਂ ਹੁੰਦਾ?"

"ਕੀਤਾ ਸੀ ਪਤਾ। ਕਹਿੰਦੇ ਜੇ ਤੁਹਾਡੇ ਭਾਂਡੇ ਕਿਤੇ ਟੂਟੀ ਬਗੈਰਾ ਲੀਕ ਕਰ ਕੇ ਖਰਾਬ ਹੋ ਜਾਣ ਤਾਂ ਹੋ ਸਕਦਾ ਹੈ, ਮੀਂਹ ਪੈਨ ਨਾਲ ਜੋ ਮਰਜ਼ੀ ਹੋ ਜਾਵੇ, ਉਸ ਵਿੱਚ ਕੁਝ ਨਹੀਂ ਮਿਲਣਾ"।

ਆਹੋ ਫੇਰ ਕਹਿ ਦੇਣਗੇ ਪਾਈ ਟੂਟੀ ਕਿੱਦਾਂ ਚੱਲਦੀ ਰਹਿ ਗਈ, ਤੁਹਾਡੀ ਗਲਤੀ ਆ"। ਕਾਲੂ ਨੇ ਅਗਲੀ ਗੱਲ ਸਮਝਦਿਆਂ ਆਖਿਆ।

ਮੀਂਹ ਹੋਰ ਤੇਜ਼ ਹੋ ਰਿਹਾ ਸੀ। ਹਰੀ ਕੋਲ਼ੋ ਬੜੀ ਪ੍ਰੀਤ ਨਾਲ ਬਣਾਏ ਭਾਂਡਿਆਂ ਦਾ ਹਸ਼ਰ ਹੁੰਦਾ ਵੇਖਿਆ ਨਹੀ ਜਾ ਰਿਹਾ ਸੀ ਤਾਂ ਉਸਨੇ ਮੂੰਹ ਦੂਜੇ ਪਾਸੇ ਵੱਲ ਨੂੰ ਕਰ ਲਿਆ।

"ਚਲੋ ਇੱਕ ਤਾਂ ਆਹ ਚੰਗਾ ਹੋਇਆ ਕਿ ਚੱਕ ਮੋਟਰਾਂ ਤੇ ਚੱਲਣ ਲੱਗ ਪਏ ਆ, ਨਹੀ ਤਾਂ ਡੰਡੇ ਨਾਲ ਤਾਂ ਅੰਦਰਾਂ ਖਿੱਚੀਆਂ ਜਾਂਦੀਆਂ ਸੀ।" ਕਾਲੂ ਕਹਿੰਦਿਆਂ ਹੋਇਆਂ ਹਰੀ ਦੇ ਉਦਾਸ ਚਿਹਰੇ ਤੇ ਕੁੱਝ ਤਸੱਲੀ ਵੇਖਣ ਦੀ ਕੋਸ਼ਿਸ਼ ਕਰ ਰਿਹਾ ਸੀ। ਜਾਣੇ ਅਣਜਾਣੇ ਵਿੱਚ ਉਹਦੇ ਮੂਹੋਂ ਨਿੱਕਲ ਗਿਆ,"ਚਾਚਾ ਜਿੱਦਾਂ ਕਿਰਸਾਨਾਂ ਨੂੰ ਸਰਕਾਰ ਮੁਫ਼ਤ ਬਿਜਲੀ ਦਿੰਦੀ ਹੈ, ਉਵੇਂ ਤੁਹਾਨੂੰ ਵੀ ਇਹਦੇ ਲਈ ਬਿਜਲੀ ਮੁਫ਼ਤ ਮਿਲਦੀ ਐ?"

"ਕਿੱਥੇ ਭਰਾਵਾ, ਉਹਦੀ ਗੱਲ ਵੀ ਸੁਣ ਲੈ, ਹਰੀ ਦੀ ਜਿਵੇਂ ਕੋਈ ਦੁਖਦੀ ਰਗ ਫੜੀ ਗਈ ਸੀ, "ਆਹ ਪਿਛਲੀ ਵਾਰੀ ਜਦ ਬਿੱਲ ਵੰਡਣ ਵਾਲਾ ਆਇਆ ਤਾਂ ਕਹਿੰਦਾ ਕਿ ਤੁਸੀਂ ਤਾਂ ਇੱਥੇ ਭਾਂਡੇ ਬਣਾਉਣ ਦੀ ਫੈਕਟਰੀ ਲਗਾਈ ਹੋਈ ਏ, ਤੁਹਾਨੂੰ ਤਾਂ ਦੁਕਾਨਾਂ ਆਲਾ ਰੇਟ ਲੱਗਣਾ ਚਾਹੀਦਾ ਹੈ, ਉਹ ਵੀ ਪਿਛਲੇ ਦੋ ਸਾਲਾਂ ਤੋਂ। ਬੜਾ ਮਿੰਨਤ ਤਰਲਾ ਕੀਤਾ। ਨਹੀਂ ਮੰਨਿਆਂ। ਫੇਰ ਸਰਪੰਚ ਨੂੰ ਸੱਦ ਕੇ ਦੋ ਸੌ ਰੁਪਈਆ ਉਹਦੀ ਜੇਬ 'ਚ ਪਾਇਆ ਤੇ ਫੇਰ ਵੀ ਇਸ ਵਾਅਦੇ ਤੇ ਛੱਡਿਆ ਕਿ ਅਗਲਾ ਬਿੱਲ ਆਉਣ ਤੋਂ ਪਹਿਲਾਂ ਆਪਣਾ ਕੋਈ ਇੰਤਜ਼ਾਮ ਕਰ ਲੈਣਾ"।

"ਚੱਲ ਛੱਡ ਚਾਚਾ, ਸੁਣਾ ਮੁੰਡੇ ਦਾ ਸੁੱਖ ਸੁਨੇਹਾਂ ਆ ਜਾਂਦਾ ਦੁਬਈ ਤੋਂ?" ਕਾਲੂ ਨੇ ਮੌਕੇ ਦੀ ਨਜ਼ਾਕਤ ਸਮਝਦਿਆਂ ਗੱਲ ਦਾ ਰੁਖ਼ ਬਦਲਿਆ।

"ਹਫ਼ਤੇ ਬਾਅਦ ਫੋਨ ਆ ਜਾਂਦਾ ਏ।ਅੱਠ ਮਹੀਨੇ ਹੋ ਗਏ ਘਰੋਂ ਗਏ ਨੂੰ, ਚਾਰ ਕੁ ਹੋਰ ਲੱਗ ਗਏ ਤਾਂ ਕਿਰਾਏ ਵਾਲੇ ਪੈਸੇ ਨੇੜੇ ਹੋ ਜਾਣੇ ਆ। ਫੇਰ ਕੁਝ ਬਣਨ ਵੀ ਲੱਗ ਪਊ।"ਹਰੀ ਨੂੰ ਜਿਵੇਂ ਮਸਾਂ ਕੋਈ ਚੰਗੀ ਖ਼ਬਰ ਧਿਆਨ ਵਿੱਚ ਆਈ ਸੀ।

"ਓਦਾਂ ਚੌਦਾਂ ਹਜ਼ਾਰ ਹਰ ਮਹੀਨੇ ਭੇਜ ਦਿੰਦਾ ਹੈ। ਅੱਧਾ ਵਿਆਜ ਵਿੱਚ ਚਲਾ ਜਾਂਦਾ ਏ ਤੇ ਅੱਧਾ ਮੂਲ 'ਚ।"ਹਰੀ ਅੱਗੇ ਬੋਲਿਆ।

"ਲੱਖ ਰੁਪਏ ਨੂੰ ਸੱਤ ਹਜ਼ਾਰ ਵਿਆਜ, ਇਹ ਤਾਂ ਬਾਹਲ਼ਾ

ਏ ਚਾਚਾ, ਕਾਲੂ ਨੇ ਹਮਦਰਦੀ ਦਿਖਾਉਂਦਿਆਂ ਕਿਹਾ, ਨਾਲੇ ਸਰਕਾਰ ਕਹਿੰਦੀ ਐ ਕਿ ਚਾਰ ਰੁਪਏ ਸੈਂਕੜੇ ਦੇ ਦਿਓ, ਉਹ ਵੀ ਸਾਲ ਬਾਅਦ। ਤੁਸੀਂ ਬੈਂਕ ਤੋਂ ਨਹੀ ਪੁੱਛਿਆ ਸੀ?" ਕਾਲੂ ਨੇ ਹੈਰਾਨੀ ਨਾਲ ਪੁੱਛਿਆ।

"ਪੁੱਛਿਆ ਸੀ। ਕਹਿੰਦੇ ਜ਼ਮੀਨ ਦੀ ਫਰਦ ਲੈ ਆ। ਇਹ ਸਕੀਮ ਲਈ ਜ਼ਮੀਨ ਚਾਹੀਦੀ ਹੈ। ਇਹ ਸਕੀਮ ਕਿਰਸਾਨੀ ਲਈ ਹੈ। ਮੈ ਜਵਾਬ ਦਿੱਤਾ ਪਾਈ ਡੁੱਬੀ ਤਾਂ ਤਾਂ, ਜਦ ਸਾਹ ਨਾ ਆਇਆ। ਜ਼ਮੀਨ ਹੁੰਦੀ ਤਾਂ ਫਿਰ ਘਾਟਾ ਕਾਹਦਾ ਸੀ?" ਹਰੀ ਦੇ ਬੋਲਾਂ ਵਿਚੋਂ ਮਜਬੂਰੀ ਸਾਫ਼ ਝਲਕਦੀ ਸੀ।

ਮੀਂਹ ਥੋੜ੍ਹਾ ਘਟਣ ਲੱਗਿਆ ਸੀ।

"ਤੂੰ ਮੇਰੀ ਛੱਡ, ਆਪਣੀ ਸੁਣਾ, ਤੇਰਾ ਕਿੰਨਾਂ ਕੁ ਹਿਸਾਬ ਰਹਿ ਗਿਆ ਠੇਕੇਦਾਰ ਨਾਲ ?" ਹਰੀ ਨੂੰ ਲੱਗਿਆ ਕਿ ਉਹ ਆਪਣੀ ਹੀ ਸੁਣਾਈ ਜਾਂਦਾ ਏ, ਕੁੱਝ ਉਹਦੀ ਵੀ ਸੁਣਨੀ ਚਾਹੀਦੀ ਏ।

"ਮੇਰਾ ਕੀ ਏ, ਜਿੰਨੀ ਕੁ ਲੋੜ ਹੋਵੇ, ਉਹ ਦੇ ਦੇਂਦਾ ਏ। ਪਰ ਦਿਹਾੜੀ ਨਹੀਂ ਵਧਾਉਂਦਾ। ਜਦੋ ਘਰਵਾਲ਼ੀ ਬਿਮਾਰ ਹੋਈ ਸੀ, ਓਦੋਂ ਦੇ ਪੈਸੇ ਫੜੇ, ਉੱਤਰੇ ਨਹਈ। ਕਹਿੰਦਾ ਮੈ ਜਦ ਪੈਸੇ ਦਿੱਤੇ ਸੀ, ਓਦੋਂ ਜਿੰਨੀ ਦਿਹਾੜੀ ਸੀ, ਓਨੀ ਹੀ ਦੇਊਂਗਾ। ਮੈਂ ਫੇਰ ਨੀਵੀਂ ਪਾ ਕੇ ਕੰਮ ਤੇ ਤੁਰ ਪੈਨਾ ਆ। ਕਈ ਵਾਰੀ ਤਾਂ ਚਾਚਾ ਮਨ ਵਿੱਚ ਆਉਂਦੈ....."ਕਹਿੰਦਿਆਂ ਕਾਲੂ ਦਾ ਗਲ਼ਾ ਭਰ ਆਇਆ।

"ਨਾ ਓ ਕਾਕਾ ਨਾ, ਖ਼ੁਦਕੁਸ਼ੀ ਕਰਨ ਦੀ ਗੱਲ ਸੋਚੀਂ ਵੀ ਨਾ। ਖ਼ੁਦਕੁਸ਼ੀ ਤਾਂ ਬੁਜ਼ਦਿਲ ਲੋਕ ਕਰਿਆ ਕਰਦੇ ਨੇ। ਜ਼ਿੰਦਗੀ ਹਲਾਤਾਂ ਨਾਲ ਲੜ ਕੇ ਜਿਉਣੀ ਪੈਂਦੀ ਏ। ਤੇ ਲੜਾਈ ਵਿੱਚ ਹਾਰ ਓਦੋਂ ਹੁੰਦੀ ਹੈ, ਜਦ ਕੋਈ ਹਾਰ ਕਬੂਲ ਕਰ ਲਵੇ। ਉਂਝ ਕਿਸੇ ਦਾ ਵੀ ਪਲੜਾ ਭਾਰੀ ਹੋਵੇ, ਲੜਨ ਵਾਲਾ ਯੋਧਾ ਹੀ ਅਖਵਾਉਂਦਾ ਏ। ਯੋਧਾ ਬਣ ਯੋਧਾ।" ਹਰੀ ਨੇ ਕਾਲੂ ਨੂੰ ਹੌਂਸਲਾ ਦਿੰਦਿਆਂ ਕਿਹਾ।

"ਓ ਚਾਚਾ ਮੈਂ ਕਦੋਂ ਖ਼ੁਦਕੁਸ਼ੀ ਦੀ ਗੱਲ ਕਰਦਾਂ। ਮੈਂ ਤਾਂ ਇਹ ਕਹਿਣ ਲੱਗਾ ਸੀ ਕਿ ਆਹ ਜਿਹੜਾ ਮਾੜਾ ਮੋਟਾ ਮਕਾਨ ਹੈ, ਇਹ ਵੇਚ ਕੇ ਉਹਦਾ ਕਰਜ਼ਾ ਉਤਾਰ ਦਿਆਂ, ਨਹੀ ਤਾਂ ਸਾਰੀ ਉਮਰ ਕਿਤੇ ਏਦਾਂ ਹੀ ਨਾ ਲੰਘ ਜਾਵੇ।"

"ਐਵੇਂ ਦਿਲ ਛੋਟਾ ਨਾ ਕਰ, ਛੇ ਮਹੀਨੇ ਹੋਰ ਆ, ਫਿਰ ਮੁੰਡੇ ਦੇ ਪੈਸੇ ਆਉਣ ਲੱਗ ਪੈਣੇ ਆ ਤਾਂ ਫਿਰ ਰਲ ਮਿਲ ਕੇ ਉੱਤਰ ਦਿਆਂਗੇ।"

"ਚਾਚਾ ਇਹ ਸਰਕਾਰਾਂ ਮੁਸੀਬਤ ਵੇਲੇ ਕਿਸਾਨਾਂ ਵਾਂਗ ਸਾਡੀ ਮੱਦਦ ਕਿਉਂ ਨਹੀਂ ਕਰਦੀਆਂ ?" ਕਾਲੂ ਨੇ ਗਿਲਾ ਜ਼ਾਹਿਰ ਕਰਦਿਆਂ ਸਵਾਲ ਕੀਤਾ।

"ਕਾਕਾ ਕਿਰਸਾਨ ਕਿਹੜਾ ਕਹਿੰਦੇ ਆ ਕਿ ਇਨ੍ਹਾਂ ਦੀ ਮੱਦਦ ਨਾ ਕਰੋ । ਇਹ ਤਾਂ ਅਸੀਂ ਹੀ ਕਮਜ਼ੋਰ ਹਾਂ ਕਿ ਵੋਟਾਂ ਪਾਉਣ ਤੋਂ ਪਹਿਲਾਂ ਕਿਸੇ ਨਾਲ ਦੁਖੜੇ ਸਾਂਝੇ ਨਹੀਂ ਕਰਦੇ, ਕਿਸੇ ਕੋਲੋਂ ਸਹੂਲਤ ਨਹੀਂ ਮੰਗਦੇ। ਕਿਸੇ ਵੀ ਲਿਹਾਜ਼ੀ ਦੇ ਕਹੇ ਸੁਣੇ ਵੋਟ ਪਾ ਦਿੰਦੇ ਹਾਂ। ਜੇ ਓਦੋਂ ਅਸੀਂ ਦੱਸ ਮੰਗਾਂ ਮੰਗਾਂਗੇ ਤਾਂ ਵਿਚੋਂ ਇਕ ਤਾਂ ਮੰਗੀ ਹੀ ਜਾਊ, ਕੁਝ ਨਾ ਕੁਝ ਫਾਇਦਾ ਤਾਂ ਹੋਵੇਗਾ ਈ।" ਹਰੀ ਨੇ ਮਜ਼ਬੂਤੀ ਦਿਖਾਉਂਦਿਆਂ ਕਿਹਾ, "ਗੱਲ ਤਾਂ ਇਹ ਹੈ ਕਿ ਸਾਨੂ ਆਪਣੀ ਗੱਲ ਸੁਣਾਉਣ ਲਈ ਜ਼ੋਰ ਲਗਾਉਣਾ ਪਊ , ਕਿਓਂਕ ਅਸੀਂ ਗਿਣਤੀ ਵਿੱਚ ਘੱਟ ਹਾਂ। ਕਿਸਾਨਾਂ ਦੀਆਂ ਵੋਟਾਂ ਵੱਧ ਨੇ ਤੇ ਇਸ ਲਈ ਉਨ੍ਹਾਂ ਦੀ ਜ਼ਰਾ ਛੇਤੀ ਸੁਣਵਾਈ ਹੋ ਜਾਂਦੀ ਐ। ਸਾਨੂੰ ਤਾਂ ਪੂਰਾ ਜ਼ੋਰ ਲਾਉਣਾ ਪਵੇਗਾ ਕਿਉਂਕਿ ਅਸੀਂ ਕਿਹੜਾ ਕਿਰਸਾਨ ਹਾਂ।"

ਸੁਣ ਕੇ ਕਾਲੂ ਦੀਆਂ ਅੱਖਾਂ ਵਿੱਚ ਵੀ ਜੋਸ਼ ਦਿਸ ਰਿਹਾ ਸੀ।

ਮੀਂਹ ਰੁਕ ਗਿਆ ਸੀ। ਕਾਲੂ ਉੱਠ ਕੇ ਡਾਕਟਰ ਵੱਲ ਚਲਾ ਗਿਆ। ਹਰੀ ਗਲੇ ਹੋਏ ਭਾਂਡਿਆਂ ਦੀ ਮਿੱਟੀ ਇਕੱਠੀ ਕਰਦਾ ਆਪਣੇ ਆਪ ਨੂੰ ਪੁੱਛ ਰਿਹਾ ਸੀ, ਕੀ ਇਹ ਸਭ ਅਗਲੀਆਂ ਚੋਣ ਤੱਕ ਉਸਨੂੰ ਯਾਦ ਰਹੇਗਾ ?

## ਮਿੰਨੀ ਕਹਾਣੀ ਸੰਗ੍ਰਹਿ 'ਰਿਸ਼ਤਿਆਂ ਦੀ ਜ਼ਮੀਨ' : ਰਚਨਾ-ਕਲਾ, ਵਿਸ਼ਾ-ਵਿਸ਼ਲੇਸ਼ਣ ਅਤੇ ਸੁਖਮਿੰਦਰ ਸੇਖੋ ਦੀ ਕਹਾਣੀ-ਦ੍ਰਿਸ਼ਟੀ

# ਮਨੁੱਖੀ ਜ਼ਿੰਦਗੀ ਦੇ ਅਣਗਿਣਤ ਚਿਹਰਿਆਂ ਦੀ ਅਸਲ ਤਸਵੀਰ : 'ਰਿਸ਼ਤਿਆਂ ਦੀ ਜ਼ਮੀਨ'

**ਸਮੀਖਿਆਕਾਰ : ਡਾ ਨਾਇਬ ਸਿੰਘ ਮੰਡੇਰ**

ਪੰਜਾਬੀ ਮਿੰਨੀ ਕਹਾਣੀ ਆਧੁਨਿਕ ਸਮਾਜ ਦੀ ਤੇਜ਼–ਰਫ਼ਤਾਰ ਜ਼ਿੰਦਗੀ ਦਾ ਉਹ ਸੰਵੇਦਨਸ਼ੀਲ ਸ਼ਬਦ–ਚਿੱਤਰ ਹੈ ਜਿਸ ਵਿੱਚ ਘੱਟ ਸ਼ਬਦਾਂ ਵਿੱਚ ਗਹਿਰੇ ਅਨੁਭਵਾਂ, ਮਨੋਵਿਗਿਆਨਕ ਸਥਿਤੀਆਂ ਅਤੇ ਸਮਾਜਿਕ ਸੰਘਰਸ਼ਾਂ ਨੂੰ ਬਹੁਤ ਹੀ ਸੰਕੁਚਿਤ ਪਰ ਸਾਰਗਰਭੀ ਰੂਪ ਵਿੱਚ ਪੇਸ਼ ਕੀਤਾ ਜਾਂਦਾ ਹੈ। ਮਿੰਨੀ ਕਹਾਣੀ ਵਿਧਾ ਦਾ ਨਿਖਰਵਾਂ ਰੂਪ ਪੰਜਾਬੀ ਵਿੱਚ ਪਿਛਲੇ ਕੁਝ ਦਹਾਕਿਆਂ ਵਿੱਚ ਬੇਹੱਦ ਸਾਰਥਕ ਹੋਇਆ ਹੈ ਅਤੇ ਇਸ ਵਿਧਾ ਨੂੰ ਮਜ਼ਬੂਤ ਬਣਾਉਣ ਵਿੱਚ ਕਈ ਰਚਨਕਾਰਾਂ ਨੇ ਆਪਣਾ ਮਹੱਤਵਪੂਰਨ ਯੋਗਦਾਨ ਦਿੱਤਾ ਹੈ।

ਇਸ ਆਧੁਨਿਕਤਾ ਦੀ ਲਖਾਇਕ ਵਿਧਾ ਨੂੰ ਨਵਾਂ ਮੋੜ ਦੇਣ ਵਾਲੇ ਰਚਨਾਕਾਰਾਂ ਵਿੱਚ ਸੁਖਮਿੰਦਰ ਸੇਖੋ ਦਾ ਨਾਮ ਵਿਸ਼ੇਸ਼ ਤੌਰ 'ਤੇ ਸਾਹਿਤਕ ਸੱਥ ਵਿੱਚ ਸਾਹਮਣੇ ਆਉਂਦਾ ਹੈ।

ਉਨ੍ਹਾਂ ਦਾ ਸਾਹਿਤਕ ਸਫਰ ਆਪਣੇ ਪਹਿਲੇ ਨਾਵਲ 'ਅਣਘੜੇ ਨਗ' (1979) ਤੋਂ ਲੈ ਕੇ ਤਾਜ਼ਾ ਰਚਨਾਵਾਂ ਤੱਕ ਪੰਜਾਬੀ ਸਾਹਿਤ ਦੇ ਵਿਹੜੇ ਵਿੱਚ ਆਪਣੀ ਮੌਲਿਕ ਪਛਾਣ ਬਣਾਉਂਦਾ ਹਨ। ਕਹਾਣੀ, ਮਿੰਨੀ ਕਹਾਣੀ, ਨਾਵਲ, ਵਿਅੰਗ, ਨਾਟਕ ਅਤੇ ਸੰਪਾਦਕੀ ਕਲਮ ਦੇ ਰਾਹੀਂ ਉਨ੍ਹਾਂ ਦਾ ਰਚਨਾਤਮਕ ਖੇਤਰ ਦਾ ਵਿਸਥਾਰ ਕਾਫ਼ੀ ਵੱਡਾ ਹੈ।

ਉਹ ਮਿੰਨੀ ਕਹਾਣੀ ਨੂੰ ਸਿਰਫ਼ ਸ਼ੈਲੀ ਦੇ ਤੌਰ 'ਤੇ ਹੀ ਨਹੀਂ, ਸਗੋਂ ਸਮਾਜਿਕ ਵਿਸ਼ੇ-ਵਸਤੂ ਦੇ ਇਕ ਨਿੱਡਰ ਰੂਪ ਵਿੱਚ ਸਥਾਪਿਤ ਕਰਦੇ ਹਨ। ਉਨ੍ਹਾਂ ਦੇ ਤੀਜੇ ਮਿੰਨੀ ਕਹਾਣੀ ਸੰਗ੍ਰਹਿ "ਰਿਸ਼ਤਿਆਂ ਦੀ ਜਮੀਨ" ਵਿੱਚ ਸ਼ਾਮਿਲ 70 ਚੋਣਵੀਆਂ ਮਿੰਨੀ ਕਹਾਣੀਆਂ—ਇਸ ਗੱਲ ਦੀ ਪੁਸ਼ਟੀ ਹੈ ਕਿ ਸੇਖੋ ਮਿੰਨੀ ਕਹਾਣੀ ਨੂੰ ਮਨੁੱਖੀ ਰਿਸ਼ਤਿਆਂ ਦੇ ਗਹਿਰੇ ਤਾਣੇ-ਬਾਣੇ ਨਾਲ ਜੋੜਦੇ ਹਨ।

**ਮਿੰਨੀ ਕਹਾਣੀਆਂ ਦਾ ਵਿਸ਼ਾ-ਵਿਸ਼ਲੇਸ਼ਣ**

**1. ਰਿਸ਼ਤਿਆਂ ਵਿੱਚ ਦਰਾਰਾਂ ਅਤੇ ਮਨੁੱਖੀ ਦਵੰਧ**

ਇਸ ਪੂਰੇ ਸੰਗ੍ਰਹਿ ਦਾ ਕੇਂਦਰੀ ਬਿੰਦੂ 'ਰਿਸ਼ਤੇ' ਹਨ—ਜਿਨ੍ਹਾਂ ਦੀ ਮਜ਼ਬੂਤੀ ਵੀ ਮਨੁੱਖੀ ਜੀਵਨ ਨੂੰ ਢੋਹਦੀਂ ਹੈ, ਅਤੇ ਉਨ੍ਹਾਂ ਦਾ ਟੁੱਟਣਾ ਵੀ ਮਨੁੱਖ ਨੂੰ ਅੰਦਰੋਂ ਖੋਖਲਾ ਕਰ ਜਾਂਦਾ ਹੈ।

ਸੇਖੋ ਦੀਆਂ ਮਿੰਨੀ ਕਹਾਣੀਆਂ ਸ਼ਰਤ, ਨਾਮਰਦ, ਤਲਾਕ, ਪਰਛਾਵਾਂ, ਸੀਮਾ, ਤਹਜੀਬ, ਡੀਲ ਆਦਿ ਵਿੱਚ ਪਤੀ-ਪਤਨੀ ਦੇ ਸੰਬੰਧਾਂ, ਵਫ਼ਾਦਾਰੀ, ਸ਼ੱਕ, ਲਾਲਚ ਅਤੇ ਅਹਿੰਕਾਰ ਕਾਰਨ ਵਧਦੀਆਂ ਦੂਰੀਆਂ ਨੂੰ ਬਹੁਤ ਹੀ ਪ੍ਰਭਾਵਸ਼ਾਲੀ ਢੰਗ ਨਾਲ ਦਰਸਾਇਆ ਗਿਆ ਹੈ।

ਖ਼ਾਸ ਕਰਕੇ 'ਸੀਮਾ' ਵਿੱਚ ਇੱਕ ਪਤਨੀ ਦਾ ਸ਼ੱਕੀ ਮਾਨਸਿਕਤਾ ਤੋਂ ਤੰਗ ਆ ਕੇ ਸੰਬੰਧ ਤੋੜਣ ਦਾ ਫੈਸਲਾ—ਪੰਜਾਬੀ ਮਿੰਨੀ ਕਹਾਣੀ ਵਿੱਚ ਨਾਰੀ–ਚੇਤਨਾ ਦਾ ਪ੍ਰਗਤੀਸ਼ੀਲ ਅਤੇ ਖੁੱਲ੍ਹਾ ਚਿੱਤਰ ਪੇਸ਼ ਕਰਦਾ ਹੈ।

'ਜੁੱਤੀ' ਕਹਾਣੀ ਦਾਜ਼ ਦੀ ਪ੍ਰਥਾ ਅਤੇ ਔਰਤ ਦੀ



ਖ਼ੁਦਮੁਖਤਿਆਰੀ ਦਾ ਤਿੱਖਾ ਚਿੰਨ੍ਹ ਹੈ—ਇਹ ਸੇਖੋਂ ਦੇ ਨਾਰੀ-ਸੰਵੇਦਨਾ ਵਾਲੇ ਸਾਫ਼-ਸੁਥਰੇ ਵਕਫੇ ਨੂੰ ਸਾਬਤ ਕਰਦੀ ਹੈ।

**2. ਸਮਾਜਿਕ ਵਿਸੰਗਤੀਆਂ ਅਤੇ ਮੌਜੂਦਾ ਪ੍ਰਸੰਗ**

ਇਸ ਸੰਗ੍ਰਿਹ ਦੀਆਂ ਕਈ ਕਹਾਣੀਆਂ ਆਧੁਨਿਕ ਸਮਾਜ ਦੇ ਉਲਝੇ ਹੋਏ ਤੰਤਰ ਨੂੰ ਨੰਗਾ ਕਰਦੀਆਂ ਹਨ।

ਰਿਸ਼ਵਤਖੋਰੀ, ਬੇਰੁਜ਼ਗਾਰੀ, ਭ੍ਰਿਸ਼ਟਚਾਰ, ਨਕਲੀ ਸ਼ਰਾਬ, ਠੇਕੇਦਾਰਾਂ ਦੀ ਲੁੱਟ, ਪੁਲਿਸ-ਪ੍ਰਸ਼ਾਸਨ ਦਾ ਬਹਿਸ਼ੀਪੁਣਾ—ਇਹ ਸਾਰੇ ਪ੍ਰਸੰਗ ਕਹਾਣੀਆਂ ਨੂੰ ਹਕੀਕਤ ਨਾਲ ਜੋੜਦੇ ਹਨ।

'ਧੰਦਾ' ਵਿੱਚ ਇੱਕ ਅਧਿਆਪਕ ਦੀ ਮਜਬੂਰੀ—ਜਿਸਨੂੰ ਆਪਣੀ ਇੱਜ਼ਤਰੂਪੀ ਪੇਸ਼ੇ ਨੂੰ ਛੱਡ ਕੇ ਟਿਊਸ਼ਨਾਂ ਦੇ ਰਾਹ ਪੈਣਾ ਆਰਥਿਕ ਮਜਬੂਰੀ ਦਾ ਝਲਕਾਰਾ ਸਾਹਮਣੇ ਆਉਂਦਾ ਹੈ ਜੋ ਸਰਕਾਰਾਂ ਦੀ ਰੁਜ਼ਗਾਰ ਪ੍ਰਤੀ ਬੇਰੁਖੀ ਅਤੇ ਸਿਖਲਾਈ ਪ੍ਰਣਾਲੀ ਦੀ ਬੇਹਾਲ ਹਾਲਤ ਤੇ ਸਵਾਲ ਉਠਾਉਂਦੀ ਹੈ।

'ਗਦਾਰ', 'ਦਿੱਲੀ ਦੂਰ ਨਹੀਂ' ਕਿਸਾਨੀ ਸੰਘਰਸ਼ਾਂ ਦੀ ਵਿਆਥਾ ਨੂੰ ਪ੍ਰਗਟ ਕਰਦੀਆਂ ਹਨ।

**3. ਮਨੁੱਖੀ ਮਨੋਵਿਗਿਆਨ ਅਤੇ ਅੰਦਰੂਨੀ ਖ਼ਾਲੀਪਣ**

ਸੇਖੋਂ ਦੀਆਂ ਮਿੰਨੀ ਕਹਾਣੀਆਂ ਦਾ ਇੱਕ ਮਹੱਤਵਪੂਰਨ ਪੱਖ—ਮਨੁੱਖ ਦਾ ਅੰਤਰ-ਸੰਘਰਸ਼ ਹੈ।

'ਗਹਿਰਾ ਸਦਮਾ, ਮਜੂਰੀਆਂ, ਚੋਰ' ਆਦਿ ਮਿੰਨੀ ਕਹਾਣੀਆਂ ਵਿੱਚ ਮਨੁੱਖ ਦੀ ਮਨੋਵਿਗਿਆਨਕ ਟੁੱਟ, ਤਨਹਾਈ, ਆਤਮਿਕ ਬੇਚੈਨੀਆਂ ਅਤੇ ਲਾਲਸਾਵਾਂ ਦੀ ਟਕਰਾਹਟ ਨੂੰ ਬਹੁਤ ਹੀ ਸੰਵੇਦਨਸ਼ੀਲਤਾ ਨਾਲ ਦਰਸਾਇਆ ਗਿਆ ਹੈ।

ਉਨ੍ਹਾਂ ਦੀ ਲਿਖਤ ਵਿੱਚ ਜੀਵਨ ਦੇ ਉਹ ਦੁਖਾਂਤਕ ਪਹਿਲੂ ਵੀ ਆਉਂਦੇ ਹਨ ਜਿਹੜੇ ਰੋਜ਼ਾਨਾ ਦੀ ਜ਼ਿੰਦਗੀ ਦੇ ਅਣਗਿਣਤ ਚਿਹਰਿਆਂ ਦੀ ਅਸਲ ਤਸਵੀਰ ਹਨ।

**4. ਧਾਰਮਿਕ-ਸਮਾਜਿਕ ਦੰਭਾਂ ਦਾ ਖ਼ੁਲਾਸਾ**

'ਟੁੱਟੇ ਛਿੱਤਰ, ਆਸਤਕ-ਨਾਸਤਕ, ਕਿੰਨੇ ਭਗਵਾਨ, ਸਿੱਖ' ਵਰਗੀਆਂ ਕਹਾਣੀਆਂ ਵਿੱਚ ਸੇਖੋਂ ਧਾਰਮਿਕ ਪਖੰਡੀਪੁਣੇ, ਦੰਭ ਅਤੇ ਅੰਧਵਿਸ਼ਵਾਸ ਦੀਆਂ ਪਰਤਾਂ ਨੂੰ ਖੋਲ੍ਹਦੇ ਹਨ।

ਉਹ ਸਮਾਜਕ ਧਾਰਮਿਕ ਸਿਸਟਮ ਵਿੱਚ ਮੌਜੂਦਾ ਤਕਰਾਰਾਂ, ਟਕਰਾਅ ਅਤੇ ਮਨੁੱਖੀ ਸਵਾਰਥ ਦੇ ਰੂਪਾਂ ਨੂੰ ਬਹੁਤ ਹੀ ਸਾਫ਼-ਸੁਥਰੇ ਢੰਗ ਨਾਲ ਦਰਸਾਉਂਦੇ ਹਨ।

**ਰਚਨਾਤਮਕ ਸ਼ੈਲੀ ਅਤੇ ਤਕਨੀਕ**

ਸੇਖੋਂ ਦੀਆਂ ਮਿੰਨੀ ਕਹਾਣੀਆਂ ਦੀ ਤਾਕਤ ਸਿਰਫ਼ ਵਿਸ਼ੇ ਵਿੱਚ ਹੀ ਨਹੀਂ, ਸਗੋਂ ਉਸ ਤਰੀਕੇ ਵਿੱਚ ਵੀ ਹੈ ਜਿਸ ਨਾਲ ਉਹ ਹਰੇਕ ਮੰਜ਼ਰ ਨੂੰ ਪਾਠਕ ਦੇ ਸਾਹਮਣੇ ਰੱਖਦੇ ਹਨ।

**1. ਬਿਰਤਾਂਤਕ ਸ਼ੈਲੀ ਦੀ ਸਾਦਗੀ**

ਉਨ੍ਹਾਂ ਦੀ ਭਾਸ਼ਾ ਸਧਾਰਨ, ਦਿਨਚਰਿਆ ਨਾਲ ਜੁੜੀ ਹੋਈ, ਅਤੇ ਜਿੱਥੇ ਲੋੜ ਹੋਵੇ ਥੋੜ੍ਹੇ ਸ਼ਬਦਾਂ ਵਿੱਚ ਚੋਭ ਕਰ ਜਾਣ ਵਾਲੀ ਹੈ।

**2. ਵਾਰਤਾਲਾਪ ਦੀ ਜੀਵੰਤਾ**

ਬਹੁਤ ਸਾਰੀਆਂ ਕਹਾਣੀਆਂ ਵਿੱਚ ਵਾਰਤਾਲਾਪੀ ਸ਼ੈਲੀ ਕਹਾਣੀ ਦੇ ਮੂਡ ਨੂੰ ਤਾਕਤ ਦੇਂਦੀ ਹੈ ਅਤੇ ਪਾਤਰਾਂ ਨੂੰ ਜ਼ਿੰਦਾ ਕਰ ਦਿੰਦੀ ਹੈ।

**3. ਨਾਟਕੀ ਪਰਿਵੇਸ਼**

ਇਹ ਕਹਾਣੀਆਂ ਛੋਟੀਆਂ ਹਨ ਪਰ ਕਲਾਈਮੈਕਸ ਤਿੱਖੇ ਤੌਰ 'ਤੇ ਚੋਟ ਕਰਦਾ ਹੈ—ਇਹ ਮਿੰਨੀ ਕਹਾਣੀ ਦਾ ਮੁੱਖ ਤੱਤ ਵੀ ਹੈ।

**4. ਵਿਅੰਗ ਦਾ ਲੋੜੀਂਦਾ ਪ੍ਰਯੋਗ**

ਜਿੱਥੇ ਲੋੜ ਪੈਂਦੀ ਹੈ, ਸੇਖੋਂ ਲੁਕਵੇਂ ਪਰ ਪ੍ਰਭਾਵਸ਼ਾਲੀ ਵਿਅੰਗ ਨਾਲ ਕਹਾਣੀ ਨੂੰ ਹੋਰ ਵੀ ਗਹਿਰਾਈ ਦਿੰਦੇ ਹਨ।

***ਕਲਾ, ਸੰਵੇਦਨਾ ਅਤੇ ਸਫ਼ਲਤਾ**

ਇਸ ਸੰਗ੍ਰਿਹ ਦੀਆਂ ਸਾਰੀਆਂ 70 ਮਿੰਨੀ ਕਹਾਣੀਆਂ ਸਮਾਜਿਕ, ਮਨੋਵਿਗਿਆਨਕ, ਰਾਜਨੀਤਿਕ ਅਤੇ ਪਰਿਵਾਰਕ ਸੰਦਰਭਾਂ ਨੂੰ ਇੱਕ ਅਦਬੀ ਮਿਆਰ ਨਾਲ ਜੋੜਦੀਆਂ ਹਨ।

ਇਹ ਮਿੰਨੀ ਕਹਾਣੀਆਂ ਸਿਰਫ਼ ਹਾਲਾਤਾਂ ਦੀ ਵਿਆਖਿਆ ਨਹੀਂ, ਸਗੋਂ ਮਨੁੱਖੀ ਚਰਿੱਤਰ ਦੇ ਕਈ ਦਵੰਦਾਂ ਦੀ ਪੜਚੋਲ ਵੀ ਹਨ।

ਸੇਖੋਂ ਦੀ ਰਚਨਾ-ਕਲਾ ਇਸ ਗੱਲ ਦਾ ਸਬੂਤ ਹੈ ਕਿ ਉਹ ਮਿੰਨੀ ਕਹਾਣੀ ਦੀ ਵਿਧਾ ਨੂੰ ਇੱਕ ਪੱਕੀ ਕਲਾਤਮਕ ਸਮਝ ਨਾਲ ਪੇਸ਼ ਕਰਦੇ ਹਨ। ਉਨ੍ਹਾਂ ਦੀ ਸੂਝ, ਸ਼ਬਦਾਂ ਦੀ ਸੂਖਮਤਾ ਅਤੇ ਕਹਾਣੀ ਵਿੱਚ ਨਿਬੰਧੀ ਸਧਾਰਨਤਾ—ਇਸ ਸੰਗ੍ਰਹਿ ਨੂੰ ਮਿਆਰੀ ਅਤੇ ਅਕਾਦਮਿਕ ਬਣਾਉਂਦੇ ਹਨ।

ਇਸ ਪ੍ਰਗਟਾਵੇ ਦਾ ਸਮਰਥਨ ਵੱਡੇ ਅਤੇ ਸਤਿਕਾਰਯੋਗ ਸਾਹਿਤਕਾਰ ਵੀ ਕਰਦੇ ਹਨ:

*"ਜਿੱਧਰ ਚੱਲੇ ਫਕੀਰੀਆ ਓਧਰ ਬਣਦੇ ਰਾਹ
ਐਸੀ ਥਾਂ ਫਕੀਰੀਆ ਜਿੱਥੇ ਕੋਈ ਜਾਣੇ ਨਾ

ਕਹਾਣੀਆਂ ਨਾਲ-ਨਾਲ ਹੁਣ ਮਿੰਨੀ ਕਹਾਣੀ ਦੀਆਂ ਕਿਤਾਬਾਂ ਦੀ ਵੀ ਸ਼ਲਾਘਾ ਕਰਦੀ ਹਾਂ। ਵਿਸ਼ਿਆਂ 'ਤੇ ਪਕੜ, ਗੱਲ ਕਰਨੀ ਆਉਂਦੀ ਹੈ।"

**ਡਾ ਦਲੀਪ ਕੌਰ ਟਿਵਾਣਾ** (**ਨਾਵਲਕਾਰ**)

*"ਇਨ੍ਹਾਂ ਦੀਆਂ ਕੁਝ ਪ੍ਰਾਪਤ ਮਿੰਨੀ ਕਹਾਣੀਆਂ ਵਿੱਚ ਸਾਂਝਾ ਗੁਣ ਕਿ ਇਹ ਵਿਸ਼ਿਆਂ ਦਾ ਨਿਭਾਅ ਖੂਬਸੂਰਤੀ ਨਾਲ ਕਰਦੀਆਂ ਆਪਣੇ ਮੰਤਵ ਦੀ ਪੂਰਤੀ ਕਰ ਜਾਂਦੀਆਂ ਹਨ।"

**ਸੁਖਬੀਰ** (**ਬਹੁਵਿਧਾਵੀ ਸਾਹਿਤਕਾਰ**)

*"ਇਹ ਉਸ ਦੀ ਮਿੰਨੀ ਕਹਾਣੀ ਦਾ ਹਾਸਲ ਹੈ ਕਿ ਪਾਠਕ 'ਤੇ ਉਸਦੇ ਹੁਨਰ ਦਾ ਜਾਦੂ ਚੱਲਦਾ ਹੈ।"

(**ਡਾ. ਸੁਰਜੀਤ ਸਿੰਘ ਸੇਠੀ** (**ਨਾਟਕਕਾਰ**)

ਸੋ ਸਮੁਚੇ ਤੌਰ ਤੇ ਕਿਹਾ ਜਾ ਸਕਦਾ ਹੈ ਕਿ "ਰਿਸ਼ਤਿਆਂ ਦੀ ਜ਼ਮੀਨ" ਨਾਂ ਹੀ ਕੇਵਲ ਸੁਖਮਿੰਦਰ ਸੇਖੋਂ ਦੀ ਮਿੰਨੀ ਕਹਾਣੀ ਯਾਤਰਾ ਦਾ ਸ਼੍ਰੇਸ਼ਠ ਨਮੂਨਾ ਹੈ, ਸਗੋਂ ਆਧੁਨਿਕ ਪੰਜਾਬੀ ਮਿੰਨੀ ਕਹਾਣੀ ਨੂੰ ਸਮਕਾਲੀ ਸੰਦਰਭ ਵਿੱਚ ਸਮਝਣ ਲਈ ਇੱਕ ਮਹੱਤਵਪੂਰਨ ਦਸਤਾਵੇਜ਼ ਵੀ ਹੈ। ਇਹ ਸੰਗ੍ਰਹਿ ਸਮਾਜ ਦੇ ਮੌਜੂਦਾ ਚਿਹਰਿਆਂ, ਰਿਸ਼ਤਿਆਂ ਦੀਆਂ ਪੀੜਾਂ ਅਤੇ ਮਨੁੱਖੀ ਮਨ ਦੀਆਂ ਗੁੰਝਲਾਂ ਨੂੰ ਬਹੁਤ ਹੀ ਸੰਵੇਦਨਸ਼ੀਲ ਪਰ ਦ੍ਰਿੜਤਾ ਨਾਲ ਪੇਸ਼ ਕਰਦਾ ਹੈ।

ਇਹ ਕਹਾਣੀਆਂ ਪਾਠਕ ਨੂੰ ਸਿਰਫ਼ ਪੜ੍ਹਨ ਲਈ ਨਹੀਂ, ਸਗੋਂ ਸੋਚਣ ਅਤੇ ਮੰਨਣ ਲਈ ਵੀ ਉਤਸ਼ਾਹਿਤ ਕਰਦੀਆਂ ਹਨ। ਇਹੋ ਹੀ ਇੱਕ ਸਫ਼ਲ ਰਚਨਾਕਾਰ ਦੀ ਸਭ ਤੋਂ ਵੱਡੀ ਖ਼ੂਬੀ ਹੁੰਦੀ ਹੈ। ਇਸ ਮਿੰਨੀ ਕਹਾਣੀ ਸੰਗ੍ਰਹਿ ਵਿੱਚ ਸ਼ਾਮਿਲ ਕਹਾਣੀਆਂ ਦਾ ਪਾਠਗਤ ਅਧਿਐਨ ਨਵੀਂ ਚੇਤਨਾ ਦਾ ਪ੍ਰਗਟਾਵਾ ਪ੍ਰਤੱਖ ਕਰਦਾ ਹੈ।

**-ਡਾ ਨਾਇਬ ਸਿੰਘ ਮੰਡੇਰ**
ਮੰਡੇਰ ਕੰਪਲੈਕਸ, ਮੇਨ ਬਾਜ਼ਾਰ
ਰਤੀਆ-125051
(ਹਰਿਆਣਾ)
ਸੰਪਰਕ : 8168455601

***

# ਕਵਿਤਾ

ਯਾਦ ਯੁੱਗਾਂ ਤੱਕ ਰਹਿਣਾ ਪਰਉਪਕਾਰ ਲਾਸਾਨੀ ਜੋ
ਨੌਵੇਂ ਸਤਿਗੁਰੂ ਤੇਗ ਬਹਾਦਰ ਦੀ ਕੁਰਬਾਨੀ ਜੋ,
ਪੰਡਿਤ ਕਿਰਪਾ ਰਾਮ ਜੀ ਕੋਲ ਗੁਰਾਂ ਦੇ ਆਏ ਸੀ,
ਕੀਤੇ ਜ਼ੁਲਮ ਔਰੰਗੇ ਨੇ ਜੋਂ ਦਰਦ ਸੁਣਾਏ ਸੀ,
ਨਿੱਤ ਜਨੇਊ ਲਾਹ ਸੀ ਕੀਤੀ ਧਰਮ ਦੀ ਹਾਨੀ ਜੋ,
ਯਾਦ ਯੁੱਗਾਂ ਤੱਕ ਰਹਿਣਾ ਪਰਉਪਕਾਰ ਲਾਸਾਨੀ ਜੋ,
ਮੰਥਨ ਕਰਦੇ ਹੀ ਸੀ ਸਤਿਗੁਰ ਜਦੋਂ ਪੁਕਾਰ ਸੁਣੀ,
ਗੁਰ ਗੋਬਿੰਦ ਖੇਡਦੇ ਹੋਏ ਸਭੇ ਵਿਚਾਰ ਸੁਣੀ,
ਆਖਿਆ ਦਰ ਆਇਆਂ ਦੀ ਦੂਰ ਕਰੋ ਪਰੇਸ਼ਾਨੀ ਜੋ,
ਯਾਦ ਯੁੱਗਾਂ ਤੱਕ ਰਹਿਣਾ ਪਰਉਪਕਾਰ ਲਾਸਾਨੀ ਜੋ,
ਆਖਿਆ ਗੁਰਾਂ ਔਰੰਗੇ ਤਾਈਂ ਲਿਖ ਭਿਜਵਾਓ ਜੀ,
ਤੇਗ ਬਹਾਦਰ ਨੂੰ ਪਹਿਲਾਂ ਮੁਸਲਮਾਨ ਬਣਾਓ ਜੀ,
ਫੇਰ ਕਿਸੇ ਨਾ ਕਰਨੀ ਕਰਦੇ ਆਨਾ ਕਾਨੀ ਜੋਂ,
ਯਾਦ ਯੁੱਗਾਂ ਤੱਕ ਰਹਿਣਾ ਪਰਉਪਕਾਰ ਲਾਸਾਨੀ ਜੋ,
ਹਿੰਦੂ ਧਰਮ ਬਚਾਉਣ ਲਈ ਤੁਰਿਆ ਰਖਵਾਲਾ ਜੀ,
ਮਤੀ ਦਾਸ, ਸਤੀ ਦਾਸ ਜੀ ਤੇ ਨਾਲ ਭਾਈ ਦਿਆਲਾ ਜੀ,
ਕਹਿੰਦੇ ਅੰਤ ਛੱਡ ਜਾਣੀ ਸਭ ਨੇ ਦੁਨੀਆ ਫ਼ਾਨੀ ਜੋ,
ਯਾਦ ਯੁੱਗਾਂ ਤੱਕ ਰਹਿਣਾ ਪਰਉਪਕਾਰ ਲਾਸਾਨੀ ਜੋ,
ਕਤਲ ਵੇਖ ਤਿੰਨ ਡੋਲਣਗੇ ਸੋਚਿਆ ਸੀ ਜ਼ਾਲਮ ਨੇ,
ਆਖਿਰ ਤੱਕ ਅਡੋਲ ਰਹੇ ਤੱਕਿਆ ਕੁੱਲ ਆਲਮ ਨੇ,
ਜਾਮ ਸ਼ਹਾਦਤ ਪੀ ਗਏ ਅੰਤ ਮਹਾਂ ਬਲੀਦਾਨੀ ਜੋ,
ਯਾਦ ਯੁੱਗਾਂ ਤੱਕ ਰਹਿਣਾ ਪਰਉਪਕਾਰ ਲਾਸਾਨੀ ਜੋ,
ਕਬਰ ਦੌਲਤਾਬਾਦ ਵੇਖ ਲਓ ਜਾ ਕੇ ਜਾਬਰ ਦੀ,
ਚੌਂਕ ਚਾਂਦਨੀ ਰਹਿਮਤ ਵੇਖੋ ਤੇਗ ਬਹਾਦਰ ਦੀ,
ਮਿਟਣਾ ਨਹੀਂ ਕਲੰਕ ਔਰੰਗੇ ਕਰੀ ਨਾਦਾਨੀ ਜੋ,
ਯਾਦ ਯੁੱਗਾਂ ਤੱਕ ਰਹਿਣਾ ਪਰਉਪਕਾਰ ਲਾਸਾਨੀ ਜੋ,
ਕਹਿਰ ਵੇਖ ਕੇ ਧਰਤੀ ਕੰਬੀ ਝੱਖੜ ਆਇਆ ਸੀ,
ਹਸਮੁੱਖ ਭਾਈ ਜੈਤਾ ਜੀ ਝੱਟ ਸੀਸ ਉਠਾਇਆ ਸੀ,
ਗੁਰ ਗੋਬਿੰਦ ਨੂੰ ਸੌਂਪਿਆ ਜਾ ਕੇ ਸੀਸ ਨੂਰਾਨੀ ਜੋ,
ਯਾਦ ਯੁੱਗਾਂ ਤੱਕ ਰਹਿਣਾ ਪਰਉਪਕਾਰ ਲਾਸਾਨੀ ਜੋ,
ਨੌਵੇਂ ਸਤਿਗੁਰੂ ਤੇਗ ਬਹਾਦਰ ਦੀ ਕੁਰਬਾਨੀ ਜੋ

**- ਜੈਲਦਾਰ ਹਸਮੁਖ**

# ਸਵਰਾਜਬੀਰ ਰਚਿਤ ਨਾਟਕ "ਮੇਦਨੀ" 'ਚ ਪੇਸ਼ ਨਾਰੀ-ਚੇਤਨਾ ਦੇ ਸੰਦਰਭ ਵਿੱਚ

ਡਾ. ਕੁਲਵਿੰਦਰ ਕੌਰ
ਅਸਿਸਟੈਂਟ ਪ੍ਰੋਫੈਸਰ ਸੰਤ ਹੀਰਾ ਦਾਸ ਕੰਨਿਆਂ ਮਹਾਵਿਦਿਆਲਾ, ਕਾਲਾ ਸੰਘਿਆਂ

ਪੰਜਾਬੀ ਸਾਹਿਤ ਵਿੱਚ ਸਮੇਂ ਤੇ ਸਥਿਤੀ ਨੂੰ ਧਿਆਨ ਵਿਚ ਰਖਦਿਆਂ ਹੋਇਆਂ ਸਾਹਿਤਕਾਰਾਂ ਨੇ ਰਚਨਾਵਾਂ ਲਿਖੀਆਂ ਹਨ। ਵਿਸ਼ੇਸ਼ ਕਰਕੇ ਆਧੁਨਿਕ ਸਮੇਂ ਵਿੱਚ ਬਹੁਤ ਸਾਰੇ ਨਵੀਨ ਵਿਚਾਰ ਹੋਂਦ ਵਿਚ ਆਏ ਹਨ ਅਤੇ ਰਚਨਾਕਾਰਾਂ ਦੀ ਖਿੱਚ ਦਾ ਕੇਂਦਰ ਬਿੰਦੂ ਬਣੇ ਹਨ। ਇਹਨਾਂ ਵਿਚਾਰਾਂ ਵਿਚ ਰਾਜਨੈਤਿਕ-ਚੇਤਨਾ, ਮਿਥ-ਚੇਤਨਾ, ਸਮਾਜਕ-ਚੇਤਨਾ, ਪਰਵਾਸੀ-ਚੇਤਨਾ, ਦਲਿਤ-ਚੇਤਨਾ ਅਤੇ ਨਾਹੀ ਚੇਤਨਾ। ਨਾਰੀ-ਚੇਤਨਾ ਵਿਚਾਰ ਹਰ ਸਮੇਂ ਵਿੱਚ ਸਾਹਿਤਕਾਰਾਂ ਦੁਆਰਾ ਨਿਵੇਕਲੀ-ਦ੍ਰਿਸ਼ਟੀ ਤੋਂ ਆਧਾਰ ਬਣਦਾ ਰਿਹਾ ਹੈ ਸਾਹਿਤ ਵਿੱਚ ਇਹਨਾਂ ਵਿਚਾਰਾਂ ਦੇ ਪੇਸ਼ ਹੋਣ ਸੰਬੰਧੀ ਡਾ. ਸਤੀਸ਼ ਕੁਮਾਰ ਲਿਖਦੇ ਹਨ:

ਪੰਜਾਬੀ ਜਨ-ਜੀਵਨ ਅਤੇ ਸਾਹਿਤ-ਖੇਤਰ ਵਿੱਚ ਪਿਛਲੇ ਕੁਝ ਸਮੇਂ ਤੋਂ ਦੋ ਸੰਕਲਪ ਬੜੀ ਤੇਜੀ ਨਾਲ ਉਭਰੇ ਹਨ: ਨਾਰੀ-ਚੇਤਨਾ ਅਤੇ ਦਲਿਤ-ਚੇਤਨਾ। ਪੰਜਾਬੀ ਸਮਜ ਦੇ ਢਾਂਚਾਗਤ ਪਰਿਪੇਖ ਵਿੱਚ ਬਹੁਤ ਕੁਝ ਉਲਝਿਆ ਪਿਆ ਹੈ ਜਿਸ ਕਾਰਨ ਚੇਤਨਾ ਦੀ ਪੱਧਰ ਤੇ ਵੀ ਅਲੱਗ-ਅਲੱਗ ਵਰਤਾਰੇ ਕਾਰਜਸ਼ੀਲ ਰਹਿੰਦੇ ਹਨ। ਮਸਲਨ ਆਰਥਿਕ ਵਿਭਿੰਨਤਾ ਆਦਿ ਦੀਆਂ ਤੰਦਾਂ ਆਪਸ ਵਿੱਚ ਏਨੀਆਂ ਜੁੜੀਆਂ ਹੋਈਆਂ ਹਨ ਕਿ ਇਹਨਾਂ ਸਥਿਤੀਆਂ ਨੂੰ ਪਾਰ ਕਰਨ ਲਈ ਸਾਂਝਾ ਮੁਕਤੀ ਸੰਘਰਸ਼ ਲੋੜੀਂਦਾ ਇਸ ਪ੍ਰਕਾਰ ਨਾਰੀ-ਚੇਤਨਾ ਅਤੇ ਦਲਿਤ-ਚੇਤਨਾ ਵਿਚਾਰਾਂ ਨੂੰ ਸਾਹਿਤਕਾਰਾਂ ਨੇ ਆਪਣੀਆਂ ਰਚਨਾਵਾਂ ਵਿੱਚ ਪ੍ਰਗਟਾਇਆ ਹੈ ਅਤੇ ਇਹਨਾਂ ਰਾਹੀਂ ਸਮਾਜ ਤੇ ਸਭਿਆਚਾਰ ਦੀ ਨਿਵੇਕਲੀ ਤਸਵੀਰ ਬਿਆਨ ਕਰਨ ਦਾ ਉਪਰਾਲਾ ਕੀਤਾ ਹੈ।

ਮੇਰੇ ਇਸ ਖੋਜ-ਪੱਤਰ ਦਾ ਮੂਲ ਵਿਸ਼ਾ ਵੀ ਸਵਰਾਜਬੀਰ ਦੇ ਨਾਟਕ ਮੇਦਨੀ 'ਚ ਪੇਸ਼ ਨਾਰੀ ਚੇਤਨਾ ਦੇ ਪਹਿਲੂਆਂ ਨੂੰ ਪ੍ਰਗਟਾਉਣਾ ਹੈ। ਪਰ ਉਸਤੋਂ ਪਹਿਲਾਂ ਪੰਜਾਬੀ ਸਾਹਿਤ 'ਚ ਨਾਰੀ ਦਾ ਸਥਾਨ ਤੇ ਪੰਜਾਬੀ ਸਾਹਿਤ ਵਿੱਚ ਨਾਰੀ ਦੀ ਸਥਿਤੀ ਸੰਬੰਧੀ ਹੋਈ ਪੇਸ਼ਕਾਰੀ ਦੀ ਚਰਚਾ ਕਰਨੀ ਵਧੇਰੇ ਉਚਿਤ ਹੈ। ਨਾਰੀ ਸ਼ਬਦ ਲਈ ਔਰਤ, ਜਨਨੀ, ਜਨਾਨੀ, ਤ੍ਰੀਮਤ, ਇਸਤ੍ਰੀ, ਅਬਲਾ, ਜੇਰੂ, ਅਰਧਾਗਨੀ ਆਦਿ ਕਈ ਸਮਾਨਆਰਥਕ ਸ਼ਬਦ ਹਨ ਜਿਹੜੇ ਔਰਤ ਦੀ ਸਮਾਜ ਵਿੱਚ ਭੈਣ, ਧੀ, ਮਾਂ, ਪਤਨੀ, ਤੀਵੀ, ਬੇਟੀ ਆਦਿ ਦੇ ਰੂਪ ਵਿੱਚ ਪਛਾਣ ਬਣਾਉਂਦੇ ਹਨ। ਪਰ ਪੁਰਾਤਨ ਸਮੇਂ ਤੋਂ ਸਾਡੇ ਸਮਾਜ ਦਾ ਸਮਾਜਕ ਢਾਂਚਾ ਅਤੇ ਆਰਥਿਕ-ਸਥਿਤੀ ਪਿਤਾ-ਪੁਰਖੀ ਹੀ ਰਿਹਾ ਹੈ, ਜਿਸ ਕਰਕੇ ਔਰਤ ਨੂੰ ਨੀਵੀਂ ਹੀ ਸਮਝਿਆ ਜਾਂਦਾ ਰਿਹਾ ਹੈ। ਸਮਾਜ ਵਲੋਂ ਔਰਤ ਨੂੰ ਜੋ ਵਿਸ਼ੇਸ਼ ਸਥਾਨ ਦੇਣਾ ਬਣਦਾ ਸੀ ਉਹ ਨਹੀਂ ਦਿੱਤਾ ਗਿਆ ਇਸ ਦੇ ਬਦਲੇ ਵਿੱਚ ਮਰਦ ਆਪਣੇ ਆਪਨੂੰ ਵਧੇਰੇ ਬੁੱਧੀਮਾਨ ਅਤੇ ਅਨੁਭਵੀ ਮੰਨਦਾ ਰਿਹਾ ਹੈ ਅਤੇ ਔਰਤ ਨੂੰ ਪੈਰ ਦੀ ਜੁੱਤੀ, ਨਰਕ ਦਾ ਦੁਆਰ, ਕੁਲੱਛਣੀ ਆਦਿ ਸ਼ਬਦਾਂ ਰਾਹੀਂ ਭੰਡਦਾ ਰਿਹਾ ਹੈ। ਇਸ ਲਈ ਪੁਰਾਤਨ ਸਾਹਿਤ ਵਿੱਚ ਵੀ ਔਰਤ ਦੀ ਸਥਿਤੀ ਬੜੀ ਹੀਣ-ਭਾਵਨਾ ਵਾਲੀ ਅਤੇ ਕਮਜ਼ੋਰ ਹੀ ਪੇਸ਼ ਹੋਈ ਹੈ ਪਰ ਕੇਵਲ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੇ "ਸੋ ਕਿਓ ਮੰਦਾ ਆਖੀਐ ਜਿਤਹੁ ਜੰਮਹਿ ਰਾਜਾਨੁ॥" ਸ਼ਬਦਾਂ ਰਾਹੀਂ ਔਰਤ ਨੂੰ ਮਰਦਾਂ ਤੋਂ ਉੱਚਾ ਦਰਜਾ ਹੀ ਪ੍ਰਦਾਨ ਨਹੀਂ ਕੀਤਾ ਸਗੋਂ ਉਸ ਦੀ ਸ੍ਵੈ ਦੀ ਹੋਂਦ ਨੂੰ ਸਤਿਕਾਰਿਆ ਤੇ ਵਡਿਆਇਆ ਹੈ। ਭਾਵੇਂ ਸਮਾਜ ਵਿੱਚ ਔਰਤ ਨੂੰ ਵਿਸ਼ੇਸ਼ਸਥਾਨ ਦਿਵਾਉਣ ਦਾ ਇਹ ਮਹਾਨ ਤੇ ਮਹੱਤਵਪੂਰਨ ਉਪਰਾਲਾ ਹੈ ਪਰ ਸਮਾਜ ਦੁਆਰਾ ਔਰਤ ਦੀ ਇਹਨਾਂ ਗੁਣਾ ਕਰਕੇ ਕਦਰ ਨਹੀਂ ਹੋਈ ਵਿਸ਼ੇਸ਼ ਕਰਕੇ ਜਗੀਰਦਾਰੀ ਯੁੱਗ ਵਿੱਚ ਔਰਤ ਨੂੰ ਨੀਵਾਂ ਹੀ ਪੇਸ਼ ਕੀਤਾ ਗਿਆ ਹੈ।

ਪਰ ਜਦੋਂ ਅਸੀਂ ਚੇਤਨਾ ਦੀ ਪੱਧਰ ਤੇ ਗਲ ਕਰਦੇ ਹਾਂ ਤਾਂ ਉਥੇ ਇਹ ਸਾਹਿਤ ਹੁੰਦਾ ਹੈ ਕਿ ਹੁਣ ਔਰਤ ਨੇ ਆਪਣੀ ਹੋਂਦ ਸਮਾਜ ਵਿਚ ਪ੍ਰਗਟਾਈ ਹੈ। ਜਿਹਾ ਕਿ ਚੇਤਨਾ ਸ਼ਬਦ ਤੋਂ ਹੀ ਭਾਵ ਹੈ ਕਿ ਚੇਤੰਨ ਹੋਣਾ, ਜਾਗਰੂਕ ਹੋਣ ਸ੍ਵੈ ਦਾ ਪ੍ਰਮਾਣ ਆਦਿ ਜਦੋਂ ਕੋਈ ਵਿਅਕਤੀ ਆਪਣੇ ਹੱਕਾਂ ਪ੍ਰਤੀ ਚੇਤੰਨ ਹੁੰਦਾ ਹੈ ਤੇ ਆਪਣੀ ਸ੍ਵੈ ਦੀ ਸਥਿਤੀ ਨੂੰ ਦਰਸਾਉਂਦਾ ਹੈ ਤਾਂ ਉਦੋਂ ਚੇਤਨਾ ਜਾਗਰਿਤ ਹੁੰਦੀ ਹੈ। ਇਸ ਪ੍ਰਕਾਰ ਨਾਰੀ ਨੇ ਵੀ ਸ੍ਵੈ ਦੀ ਹੋਂਦ ਦਾ ਪ੍ਰਮਾਣ ਦੇਣ ਲਈ ਆਪਣੇ ਅੰਦਰ ਦੀ ਸੰਵੇਦਨਾ ਦੀ ਗੁਲਾਮੀ ਨੂੰ ਪਰੇ ਕਰਕੇ ਤੇ ਆਪਣੀ ਸਥਿਤੀ ਪ੍ਰਤੀ ਜਾਗਰੂਕ ਹੋਣ ਲਈ ਸੰਘਰਸ਼ ਕਰਕੇ ਸਮਾਜ ਵਿੱਚ ਆਪਣਾ ਰੁੱਤਬਾ ਹਾਸਿਲ ਕਰਨ ਵਿਚ ਕਾਮਯਾਬ

ਹੋਈ ਹੈ। ਵਿਦਿਆ ਦੇ ਪਾਸਾਰ ਨੇ ਜਿਥੇ ਲੜਕੀਆਂ ਵਿੱਚ ਨਵੀਨ-ਚੇਤਨਾ ਲਿਆਂਦੀ ਹੈ ਉਥੇ ਸਮਾਜ ਦੇ ਹਰ ਖੇਤਰ ਵਿੱਚ ਔਰਤ ਮਰਦਾ ਦੇ ਬਰਾਬਰ ਆਪਣੀ ਨਿਵੇਕਲੀ ਪਛਾਣ ਬਣਾਉਣ ਵਿੱਚ ਕਾਮਯਾਬ ਹੋਈ ਹੈ। ਇਸ ਸੰਬੰਧੀ ਸਤੀਸ਼ ਕੁਮਾਰ ਦਾ ਵਿਚਾਰ ਹੈ;

ਪੰਜਾਬੀ ਸਮਾਜ ਵਿੱਚ ਨਾਰੀ, ਧੀ, ਪਤਨੀ ਤੇ ਮਾਂ ਦੇ ਰੂਪ ਵਿੱਚ ਅਹਿਮ ਭੂਮਿਕਾ ਨਿਭਾਉਂਦੀ ਹੈ। ਤੇ ਸੰਵੇਦਨਾਵਾਂ ਦੇ ਹੱਥੋਂ ਜਿਬਾਹ ਵੀ ਹੁੰਦੀ ਹੈ ਪ੍ਰੰਤੂ ਉਸ ਦੀ ਚੇਤਨਾ ਉਸਨੂੰ ਸੰਵੇਦਨਾਵਾਂ ਦੀ ਗੁਲਾਮੀ ਤੱਜ ਕੇ ਆਪਣੇ ਹੱਕਾਂ ਪ੍ਰਤੀ ਜਾਗਰੂਕ ਕਰਨ ਵਲ ਤੋਰਦੀ ਹੈ।

ਸੋ ਅੱਜ ਨਾਰੀ ਨੇ ਆਪਣੇ ਅੰਦਰ ਦੀ ਸੰਵੇਦਨਾ ਦੀ ਗੁਲਾਮੀ, ਪਰੇ ਕਰਕੇ ਆਪਣੀ ਵੱਖਰੀ ਸ਼ਖਸ਼ੀਅਤ ਦੀ ਪਛਾਣ ਸੰਬੰਧੀ ਜੋ ਚੇਤਨਾ ਪੈਦਾ ਕੀਤੀ ਹੈ ਉਹੀ ਉਸ ਦੀ ਸ੍ਵੈ-ਚੇਤਨਾ ਭਾਵ,ਚੇਤੰਨ ਹੋਣ ਦਾ ਪ੍ਰਮਾਣ ਹੈ। ਸਮਾਜ ਦੇ ਹਰ ਖੇਤਰ ਵਿਚ ਨਾਰੀ ਮਰਦਾਂ ਦੇ ਬਰਾਬਰ ਆਪਣਾ ਕਾਰਜ ਬਾਖੂਬੀ ਨਿਭਾਅ ਰਹੀ ਹੈ ਤੇ ਸਾਹਿਤ ਦੇ ਖੇਤਰ ਵਿੱਚ ਨਾਰੀ ਪਿਛੇ ਨਹੀਂ ਰਹੀ। ਸਾਹਿਤ ਸਿਰਜਨਾਂ, ਸਾਹਿਤ ਅਲੋਚਨਾ ਦੋਹਾਂ ਹੀ ਖੇਤਰਾਂ ਵਿੱਚ ਨਾਰੀ ਦੀਆਂ ਵਿਲੱਖਣ ਪ੍ਰਾਪਤੀਆਂ ਹਨ ਜੋ ਉਸ ਦੀ ਨਿਵੇਕਲੀ ਪਛਾਣ ਬਣਾਉਂਦੀਆਂ ਹਨ।

ਪੰਜਾਬੀ ਸਾਹਿਤ ਵਿੱਚ ਨਾਰੀ ਲੇਖਿਕਾਵਾਂ ਨੇ ਸਾਹਿਤ ਦੇ ਹਰ ਰੂਪ ਵਿਚ ਰਚਨਾਵਾਂ ਲਿਖੀਆਂ ਹਨ। ਅੰਮ੍ਰਿਤਾ ਪ੍ਰੀਤਮ, ਦਲੀਪ ਕੌਰ ਟੀਵਾਣਾ, ਸ਼ਰਨ ਮੱਕੜ, ਬਲਜੀਤ ਬੱਲੀ, ਸਵਰਨ ਚੰਦਨ, ਮਨਜੀਤਪਾਲ ਕੌਰ, ਰਾਜਵੰਤ ਕੌਰ ਪ੍ਰਭਜੋਤ ਕੌਰ, ਸੁਖਵਿੰਦਰ ਅੰਮ੍ਰਿਤ ਆਦਿ ਦੀਆਂ ਰਚਨਾਵਾਂ ਵਿੱਚ ਨਾਰੀ ਦੀਆਂ ਸੰਵੇਦਨਾਵਾਂ ਪੇਸ਼ ਕਰਨ ਦੇ ਨਾਲ ਸਮਾਜ ਵਿਚ ਨਾਰੀ ਦੀ ਸਮਾਜਕ, ਆਰਥਿਕ, ਸਭਿਆਚਾਰਕ ਸਥਿਤੀ ਨੂੰ ਵੀ ਪ੍ਰਗਟਾਉਂਦੀਆ ਹਨ ਤੋਂ ਇਸੇ ਹੀ ਤਰ੍ਹਾਂ ਮਰਦ ਲੇਖਕਾਂ ਨੇ ਵੀ ਨਾਰੀ ਦੇ ਅੰਦਰਲੇ ਜਜਬੇ ਨੂੰ ਪੇਸ਼ ਕਰਨ ਦਾ ਉਪਰਾਲਾ ਕੀਤਾ ਹੈ।

ਪੰਜਾਬੀ ਨਾਟਕ-ਸਾਹਿਤ ਵਿਚ ਨਾਰੀ-ਚੇਤਨਾ ਦਾ ਪ੍ਰਗਟਾਵਾ ਮੁੱਢਲੇ ਨਾਟਕਕਾਰ ਈਸ਼ਵਰ ਚੰਦਰ ਨੰਦਾ ਦੀਆਂ ਰਚਨਾਵਾਂ ਸੁਹਾਗ, ਸੁਭੱਦਰਾ, ਵਰ-ਘਰ ਨਾਰੀ ਦੀ ਸਮਾਜ ਵਿਚ ਸਮਾਜਕ ਆਰਥਿਕ ਸਥਿਤੀ ਪ੍ਰਗਟਾਉਂਦੀਆਂ ਹਨ। ਇਸ ਤੋਂ ਇਲਾਵਾ ਹਰਚਰਨ ਸਿੰਘ ਦਾ 'ਸ਼ੋਭਾ ਸ਼ਕਤੀ, ਮਨ ਦੀਆਂ ਮਨ' 'ਚ, ਬਲਵੰਤ ਗਾਰਗੀ ਦਾ ਸੁਲਤਾਨ ਰੱਜੀਆਂ, ਧੂਣੀ ਦੀ ਅੱਗ' ਆਤਮਜੀਤ ਦਾ ਮੈਂ ਤਾ ਇਕ ਸਾਰੰਗੀ ਹਾਂ, ਅਮਰੀਕ ਸਿੰਘ ਦਾ 'ਅਨੀਤਾ ਦਾ ਫੈਸਲਾ ਅਦਿ ਨਾਟ-ਰਚਨਾਵਾਂ ਵਿੱਚ ਨਾਰੀ ਦੀ ਆਪਣੇ ਹੱਕਾਂ ਪ੍ਰਤੀ ਜਾਗਰੂਕ ਹੋਣ ਦੀ ਸਥਿਤੀ ਪੇਸ਼ ਹੋਈ ਹੈ। ਭਾਵੇਂ ਮੁਢਲੇ ਨਾਟਕਾਂ ਵਿਚ ਨਾਰੀ-ਚੇਤਨਾ ਦੀਦ੍ਰਿਸ਼ਟੀ ਕਿਸੇ ਦੂਸਰੇ ਪਾਤਰ ਰਾਹੀਂ ਪੇਸ਼ ਹੋਈ ਹੈ ਪਰ ਆਪਣੀ ਸ੍ਵੈ ਹੋਂਦ ਦਾ ਪ੍ਰਮਾਣ ਹੁਣ ਦੇ ਨਾਟਕਾਂ ਵਿੱਚ ਵਧੇਰੇ ਪ੍ਰਸਤੁਤ ਹੋਇਆ ਹੈ। ਇਸ ਸੰਬੰਧੀ ਡਾ. ਸਤੀਸ਼ ਕੁਮਾਰ ਵਰਮਾ ਦਾ ਵਿਚਾਰ ਹੈ;

ਮੁੱਢਲੇ ਪੰਜਾਬੀ ਨਾਟਕ ਵਿੱਚ ਨਾਰੀ-ਪਾਤਰ ਦੀ ਚੇਤਨਾ ਸ੍ਰੀ ਵਿਕਸਿਤ ਨਹੀਂ ਹੁੰਦੀ ਸਗੋਂ ਸਹਿਯੋਗੀ ਕਾਰਨ ਉਸਦੀ ਚੇਤਨਾ ਦੇ ਵਿਕਾਸ ਵਿੱਚ ਅਹਿਮ ਭੂਮਿਕਾ ਨਿਭਾਉਂਦੇ ਹਨ ਜਿਵੇਂ 'ਸੁਹਾਗ' ਵਿਚਲੀ ਮੇਲੇ ਦੇ ਚੇਤਨ ਵਿਹਾਰ ਦੇ ਪਿਛੋਕੜ ਵਿੱਚ ਉਸਦੀ ਸਹੇਲੀ ਬਸੰਤ ਹੈ।

ਪਰੰਤੂ ਅੱਜ ਦੇ ਪੰਜਾਬੀ ਨਾਟਕਾਂ ਵਿੱਚ ਔਰਤ ਦੀਆਂ ਸਮਾਜਕ ਆਰਥਿਕ ਪ੍ਰਸਥਿਤੀਆਂ ਨੂੰ ਹੀ ਨਹੀਂ ਨਾਟਕਕਾਰਾਂ ਪ੍ਰਗਟਾਇਆ ਹੈ ਸਗੋਂ ਉਸ ਦੀ ਬੌਧਿਕ, ਮਾਨਸਿਕ ਅਤੇ ਸਮਾਜ ਦੇ ਹਰ ਖੇਤਰ ਵਿੱਚ ਅੱਗੇ ਵੱਧਣ ਦੀ ਸ਼ਕਰੀ ਨੂੰ ਵੀ ਬਿਆਨ ਕੀਤਾ ਹੈ।

ਇਸ ਖੋਜ-ਪੱਤਰ ਵਿੱਚ ਨਵੇਂ ਉੱਭਰ ਰਹੇ ਨਾਟਕਕਾਰ ਸਵਰਾਜਬੀਰ ਨੇ ਵੀ ਨਾਰੀ ਦੇ ਵਿਭਿੰਨ ਪਹਿਲੂਆਂ ਨੂੰ, ਭਾਵ ਉਸ ਦੀ ਅਗੰਮੀ ਸੋਚ ਨੂੰ, ਰਾਜਨੀਤੀ ਵਿੱਚ ਹਿੱਸਾ ਲੈਣ ਨੂੰ, ਡੇਰੇ ਦੀ ਪਦਵੀ ਲੈ ਕੇ ਮਾਤਾ ਸਾਹਿਬ ਦੇ ਰੂਪ 'ਚ। ਪਿੰਡ ਵਿੱਚ ਬੰਦਿਆਂ ਦੇ ਬਰਾਬਰ ਸੱਥ ਵਿੱਚਲੇ ਰੁੱਤਬੇ ਨੂੰ ਬਿਆਨ ਕਰਨ ਦੇ ਨਾਲ-ਨਾਲ ਸੱਤਾ, ਇੱਜਤ ਤੇ ਰੁੱਤਬੇ ਦੀ ਖਾਤਰ ਇਕ ਔਰਤ ਦਾ ਦੂਸਰੀ ਔਰੋਤ ਤੇ ਕੀਤਾ ਗਿਆ ਸ਼ੋਸ਼ਣ, ਨਾਰੀ ਰਿਸ਼ਤਿਆ ਵਿੱਚ ਉਪਜੀ ਕੜਵਾਹਟ ਅਤੇ ਮਾਂ ਦੀ ਮਮਤਾ ਦੇ ਕਤਲ ਨੂੰ ਬਿਆਨ ਕਰਕੇ ਨਾਰੀ ਦੀ ਸਮਾਜ ਵਿੱਚ ਅਸਲ ਹੋਂਦ ਦੀ ਪੇਸ਼ਕਾਰੀ ਕੀਤੀ ਹੈ। ਇਹਨਾ ਵਿਭਿੰਨ ਪਹਿਲੂਆ ਦੇ ਅਧਾਰ ਤੇ ਹੀ ਸਵਰਾਜਬੀਰ ਦੇ ਨਾਟਕ ਮੇਦਨੀ ਵਿੱਚ ਜੋ ਪੇਸ਼ ਹੋਏ ਹਨ, ਉਹਨਾਂ ਸੰਬੰਧੀ ਚਰਚਾ ਸਮਾਜ ਸਭਿਆਚਾਰਕ ਸੰਦਰਭ ਵਿਚ ਕਰਨੀ ਹੈ ਜੋ ਇਸ ਪ੍ਰਕਾਰ ਹੈ।

ਸਵਰਾਜਬੀਰ ਨਾਟਕ ਖੇਤਰ ਚੌਥੀ ਪੀੜ੍ਹੀ ਦੇ ਨਾਟਕਕਾਰਾਂ ਡਾ. ਸ਼ਤੀਸ਼ ਕੁਮਾਰ ਵਰਮਾ, ਪਾਲੀ ਭੁਪਿੰਦਰ,

ਕੇਵਲ ਧਾਲੀਵਾਲ, ਰਾਜਵੰਤਮਾਨ ਆਦਿ 'ਚ ਵਿਸ਼ੇਸ਼ ਸਥਾਨ ਰੱਖਦਾ ਹੈ। ਉਸ ਨੇ ਥੋੜ੍ਹੇ ਹੀ ਸਮੇਂ ਵਿੱਚ ਸਾਹਿਤ-ਖੇਤਰ ਵਿੱਚ ਪ੍ਰਵੇਸ਼ ਪ੍ਰਸਿੱਧੀ ਕਰਕੇ ਹਾਸਿਲ ਕੀਤੀ ਹੈ। ਉਸ ਦੇ ਸਾਹਿਤ ਖੇਤਰ ਵਿਚ ਪ੍ਰਵੇਸ਼ ਕਰਨ ਸੰਬੰਧੀ ਡਾ. ਰਜਨੀਸ਼ ਬਹਾਦਰ ਲਿਖਦੇ ਸਵਰਾਜਬੀਰ ਕਵਿਤਾ ਦੇ ਮਾਧਿਅਮ ਰਾਹੀਂ ਸਿਰਜਣਾ ਦੇ ਖੇਤਰ ਵਿੱਚ ਆਪਣੀ ਆਪਣੀ ਰਾਤ÷ (ਕਾਵਿ-ਸੰਗ੍ਰਹਿ), ਨਾਲ (1985) ਵਿੱਚ ਪ੍ਰਵੇਸ਼ ਕਰਦਾ ਹੈ। ਸ਼ਾਇਦ ਉਸ ਦੀ ਸ਼ਖਸ਼ੀਅਤ ਅਤੇ ਵਿਚਾਰਧਾਰਾ ਨੂੰ ਪੂਰੇ ਜਲੌਅ ਵਿੱਚ ਕਵਿਤਾ ਪੇਸ਼ ਕਰਨ ਤੋਂ ਅਸਮਰਥ ਹੋਵੇ ਇਸੇ ਲਈ ਉਹ ਨਾਟਕ ਵਲ ਨੂੰ ਮੁੜਦਾ ਹੈ ਅਤੇ ਨਾਟਕ ਵਿੱਚ ਕਵਿਤਾ ਨੂੰ ਜੁਗਤ ਦੇ ਤੌਰ ਤੇ ਵਰਤਦਾ ਹੈ। ਉਹ ਆਪਣੇ ਨਾਟਕਾਂ ਧਰਮਗੁਰੂ (1999), ਕ੍ਰਿਸ਼ਨ (2001), ਸ਼ਾਇਰੀ (2003) ਰਾਹੀਂ ਭਾਰਤੀ ਮਿਥਿਹਾਸ, ਇਤਿਹਾਸ ਸਾਹਮਣੇ ਕਈ ਪ੍ਰਸ਼ਨ ਖੜ੍ਹੇ ਕਰਦਾ ਹੈ।*

ਸੋ ਪੰਜਾਬੀ ਨਾਟਕ ਖੇਤਰ ਵਿਚ ਸਵਰਾਜਬੀਰ ਨੇ ਨਾਟਕ ਸਾਹਿਤ ਨੂੰ ਜਿਥੇ ਇਤਿਹਾਸ ਤੇ ਮਿਥਿਹਾਸ ਦੀ ਪੇਸ਼ਕਾਰੀ ਦੇ ਨਵੇਂ ਪ੍ਰਸੰਗ ਪ੍ਰਦਾਨ ਕੀਤੇ ਹਨ ਉਥੇ ਸਮਾਜ-ਸਤਿਆਚਾਰ ਦੇ ਬੌਧਿਕ, ਆਰਥਿਕ, ਧਾਰਮਿਕ ਪਸਾਰਾਂ ਨੂੰ ਕਾਵਿਕ-ਦ੍ਰਿਸ਼ਟੀ ਅਤੇ ਰੰਗਮੰਚੀ ਦ੍ਰਿਸ਼ਟੀ ਰਾਹੀਂ ਪੇਸ਼ ਕਰਕੇ ਨਵੇਂ ਵਿਚਾਰ ਵੀ ਪ੍ਰਦਾਨ ਕੀਤੇ ਹਨ। ਇਸ ਤੋਂ ਬਿਨਾ ਨਾਰੀ ਦੀ ਸਮਾਜ ਵਿੱਚ ਪੇਸ਼ ਸਥਿਤੀ ਨੂੰ ਉਸਨੇ ਮੇਦਨੀ ਤੇ ਸ਼ਾਇਰੀ ਨਾਟਕ ਰਾਹੀਂ ਪੇਸ਼ ਕਰਕੇ ਇਹ ਦਰਸਾਇਆ ਹੈ ਕਿਆਧੁਨਿਕ ਸਮੇਂ ਵਿੱਚ ਨਾਰੀ ਦੀਆਂ ਵਿਲੱਖਣ ਸਥਿਤੀਆਂ ਹਨ ਜੋ ਸਮਾਜ ਵਿੱਚ ਉਸ ਨੂੰ ਆਪਣਾ ਮਰਦਾਂ ਦੇ ਬਰਾਬਰ ਦਰਜਾ ਬਣਾਉਣ ਵਿੱਚ ਵਿਸ਼ੇਸ਼ ਯੋਗਦਾਨ ਪਾਉਂਦੀਆਂ ਹਨ।

ਮੇਦਨੀ ਨਾਟਕ ਸਵਰਾਜਬੀਰ ਦਾ 2002 ਵਿੱਚ ਲਿਖਿਆ ਹੋਇਆ ਤੀਸਰਾ ਨਾਟਕ ਹੈ।ਅਸਲ ਵਿੱਚ ਮੇਦਨੀ ਇਕ ਕੁੜੀ ਦੀ ਕਹਾਣੀ ਹੈ ਪਰ ਮਿਥਿਹਾਸਿਕ ਪ੍ਰਸੰਗ ਵਿੱਚ ਮੇਦਨੀ ਲਈ ਧਰਤੀ, ਪ੍ਰਿਥਵੀ, ਪ੍ਰਿਥ ਆਦਿ ਸ਼ਬਦ ਵਰਤੇ ਜਾਂਦੇ ਹਨ ਜਿਨ੍ਹਾਂ ਮੁਤਾਬਕ 'ਮੇਦਨੀ' ਮਧੂ ਤੇ ਕੈਂਟਰ ਦਾਨਵਾਂ ਦਾ ਜੰਮਿਆ ਹੋਇਆ ਲਹੂ ਤੇ ਮਿਝ ਹੈ। ਨਾਟਕ ਵਿਚ ਇਹੀ ਨੁਕਤਾ ਸਾਹਮਣੇ ਆਇਆ ਹੈ ਕਿ ਜਿਸ ਤਰ੍ਹਾਂ ਲਹੂ ਤੇ ਮਿਲ ਦੀ ਸਥਿਤੀ ਵਿੱਚ ਧਰਤੀ ਪਿਸਦੀ ਹੈ ਇਸੇ ਤਰ੍ਹਾਂ ਮੇਦਨੀ ਜਾਂ ਕੁੜੀ ਪਿਸਦੀ ਹੈ ਤੇ ਨਾਟਕ ਦੀ ਪਾਤਰ ਮਨਦੀਪ ਦੀ ਜਿੰਦਗੀ ਦੀ ਵੇਦਨਾ ਵੀ ਇਸ ਮੇਦਨੀ ਵਾਂਗ ਹੀ ਹੈ ਇਸ ਸੰਬੰਧੀ ਨਾਟਕ ਵਿੱਚ ਇਸ ਤਰ੍ਹਾਂ ਪ੍ਰਗਟਾਇਆ ਗਿਆ ਹੈ;

ਪੁਰਾਤਨ ਗ੍ਰੰਥ ਦਸਦੇ ਨੇ..... ਆਦਿ ਕਾਲ ਦੀ ਗੱਲ ਹੈ, ਜਦੋਂ ਇਹ ਪ੍ਰਿਥਵੀ ਨਹੀਂ ਸੀ ਸਿਰਜੀ ਗਈ.... ਹਰ ਪਾਸੇ ਪਾਣੀ ਹੀ ਪਾਣੀ ਸੀ।.... ਸੱਤਾ ਤੇ ਤਾਕਤ ਲਈ ਓਸ ਵੇਲੇ ਹੋਇਆ.... ਸ੍ਰਿਸ਼ਟੀ ਦਾ ਪਹਿਲਾ ਮਹਾਂਯੁੱਧ! ਇਕ ਪਾਸੇ ਭਗਵਾਨ ਵਿਸਨੂੰ ਅਤੇ ਦੂਸਰੇ ਪਾਸੇ ਅਖਾਉਤੀ ਦਾਨਵ ਮਧੂ ਅਤੇ ਕੈਂਟਰ, ਭਿਅੰਕਰ ਮਹਾਂਯੁੱਧ ਤੋਂ ਬਾਅਦ ਵਿਸ਼ਨੂੰ ਨੇ ਮਧੂ ਤੇ ਕੈਂਟਡ ਨੂੰ ਮਾਰ ਮੁਕਾਇਆ ਮਧੂ ਅਤੇ ਕੈਂਟਰ ਦਾ ਲਹੂ ਤੇ ਮਿੱਝ ਪਾਣੀ ਵਿੱਚ ਡੂਲੈ ਕੇ ਜੰਮ ਗਏ ਤੇ ਇਸ ਜਮਾਉ ਦੀ ਪ੍ਰਿਥਵੀ ਬਣੀ। ਮਿੱਡ ਦੀ ਬਣੀ ਹੋਣ ਕਾਰਨ ਇਸ ਦਾ ਨਾਂ ਪਿਆ.... ਮੇਦਨੀ। ਲਹੂ ਤੇ ਮਿੱਡ ਦੀ ਬਣੀ ਇਸ ਮੇਦਨੀ ਉੱਤੇ ਮਨੁੱਖ ਆਪਸ ਵਿਚ ਲੜਦੇ ਰਹੇ। ਜਰ, ਜੋਰੂ ਤੇ ਜ਼ਮੀਨ ਲਈ। ਤਾਕਤ ਤੇ ਸੱਤਾ ਦੇ ਲਈ।.... ਮਾਨ ਤੇ ਗੁਮਾਨ ਲਈ।... ਸ਼ੁਹਰਤ ਲਈ। ਇਸ ਤਰ੍ਹਾਂ ਲਹੂ ਤੇ ਮਿਡ ਵਹਿੰਦੇ ਰਹੇ ਅਤੇ ਇਸ ਪ੍ਰਿਥਵੀ ਇਸ ਮੇਦਨੀ ਵਿੱਚ ਸਮਾ ਜਾਂਦੇ ਰਹੇ। ਇਸ ਮੇਦਨੀ ਤੇ ਉੱਤੇ ਹੋਏ ਪਸ਼ੂ ਪੁਣੇ ਦੀ ਇੱਕ ਹੋਰ ਗਾਥਾ.....।'

ਇਸ ਤਰ੍ਹਾਂ ਮੇਦਨੀ ਨਾਟਕ ਦੀ ਪਾਤਰ ਮਨਦੀਪ ਦੀ ਸਥਿਤੀ ਇਸ ਧਰਤੀ ਮੇਦਨੀ ਵਰਗੀ ਹੀ ਹੈ ਜਿਹੜੀ ਸੱਤਾ ਤੇ ਤਾਕਤ ਹੇਠ, ਮਾਨ ਤੇ ਗੁਮਾਨ ਹੇਠ ਪਿਸਦੀ ਹੈ ਉਸ ਦੀਆਂ ਉਮੰਗਾਂ ਤੇ ਸਧਰਾਂ ਦਾ ਘਾਣ ਕੀਤਾ ਜਾਂਦਾ ਹੈ। ਹਰੇਕ ਸਮਾਜ ਅਤੇ ਸਭਿਆਚਾਰ ਵਿੱਚ ਪਿਆਰ ਕਰਨਾ ਜਾਂ ਆਪਣੇ ਲਈ ਆਪ ਵਰ ਢੂੰਡਣਾ ਵਿਵਰਜਿਤ ਮੰਨੇ ਗਏ ਹਨ ਇਸ ਲਈ ਸਮਾਜ ਵਿੱਚ ਔਰਤ ਦਾ ਪਿਆਰ ਕਰਨਾ ਤੇ ਸ੍ਵੈ ਆਜਾਦ ਹੋ ਕੇ ਪਿਆਰ ਨੂੰ ਪਾਉਣਾ ਮਾਨਵੀ ਕਦਰਾਂ-ਕੀਮਤਾਂ ਦਾ ਵਿਰੋਧ ਕਰਨਾ ਹੈ। ਨਾਟਕਕਾਰ ਨੇ ਨਾਟਕ ਦੀ ਪਾਤਰ ਮਨਦੀਪ ਦੀ ਸੱਤਾ ਤੇ ਤਾਕਤ, ਹੇਠ ਪਿਆਰ ਵਿੱਚ ਪਿਸਦੀ ਹੋਈ ਦੀ ਸਥਿਤੀ ਬਿਆਨ ਕੀਤੀ ਹੈ।

'ਮਨਦੀਪ ਪਿੰਡ ਦੇ ਮੁੰਡੇ ਹਰਮੀਤ ਨੂੰ ਪਿਆਰ ਕਰਦੀ ਹੈ ਪਰ ਮਾਂ ਸੁਰਜੀਤ ਕੋਰ ਨੂੰ ਉਸਦਾ ਹਰਮੀਤ ਨਾਲ ਪਿਆਰ ਕਰਨਾ ਕਬੂਲ ਨਹੀਂ ਕਿਉਂਕਿ ਉਹ ਇਕ ਗਰੀਬ ਅਤੇ ਆਰਥਿਕ ਪੱਖੋਂ ਘੱਟ ਭੁਇੰ ਵਾਲਾ ਹੈ। ਇਸ ਲਈ ਮਾਂ ਆਪਣੀ ਸਮਾਜ ਵਿੱਚ ਇੱਜਤ ਤੇ ਰੁੱਤਬੇ ਦੀ ਖਾਤਿਰ ਧੀ ਨੂੰ ਕਿਤੇ ਵੱਡੇ ਘਰਾਣੇ ਵਿੱਚ ਵਿਆਹੁਣਾ ਚਾਹੁੰਦੀ ਹੈ ਮਨਦੀਪ ਨੂੰ ਪਿਆਰ ਕਰਨ ਤੋਂ ਰੋਕਦੀ ਹੈ

ਨਾਟਕ ਵਿੱਚ ਇਸ ਸੰਬੰਧੀ ਲਿਖਿਆ ਹੈ;

**ਸੁਰਜੀਤ ਕੌਰ** : ਤੇ ਤੂੰ ਕੁੜੀਏ। ਮੇਰੀ ਗਲ ਧਿਆਨ ਨਾਲ ਸੁਣ ਲੈ, ਜੇ ਦੁਬਾਰਾ ਉਸ ਨਖੱਤ ਨੂੰ ਮਿਲੀ ਤਾਂ ਤੇਰੀਆਂ ਲੱਤਾਂ ਵੱਢ ਦਿਆਂਗੀ। ਸਤਿਗੁਰਾਂ ਫੁਰਮਾਇਆ *ਕਲਰ ਖੇਤੀ ਬੀਜੀਐ ਕਿਉਂ ਲਾਹਾ ਪਾਵੈ। ਇਹ ਹਰਮੀਤ ਵੀ ਕੱਲਰ ਏ ਕੱਲਰ। ਕੁਝ ਨਹੀਂ ਲਭਣਾ ਉਹਦੇ ਕੋਲੇ।'

ਭਾਵੇਂ ਸੁਰਜੀਤ ਕੌਰ ਉਸਨੂੰ ਹਰਮੀਤ ਨਾਲ ਮਿਲਣ ਤੋਂ ਰੋਕਦੀ ਹੈ ਪਰ ਮਨਦੀਪ ਆਪਣੇ ਪਿਆਰ ਨੂੰ ਪਾਉਣ ਦਾ ਦ੍ਰਿੜ ਇਰਾਦਾ ਰੱਖਦੀ ਹੈ ਇਸ ਲਈ ਉਹ ਹਰਮੀਤ ਨੂੰ ਮਿਲਦੀ ਰਹਿੰਦੀ ਹੈ। ਏਥੇ ਮਨਦੀਪ ਦਾ ਇਹ ਇਕ ਸੁਪਨਾ ਸਿਰਜਨਾ ਤੇ ਉਸ ਸੁਪਨੇ ਦੀ ਪੂਰਤੀ ਲਈ ਸਮਾਜਕ ਕਦਰਾਂ-ਕੀਮਤਾ ਦਾ ਵਿਰੋਧ ਕਰਨਾ ਹੈ ਮਨਦੀਪ ਦੇ ਇਹ ਬੋਲ ਉਸਦੀ ਪਿਆਰ ਨੂੰ ਪਾਉਣ ਦੀ ਦ੍ਰਿੜਤਾ, ਵਿਸ਼ਵਾਸ ਅਤੇ ਸੁਪਨੇ ਦੇ ਲਿਖਾਇਕ ਹਨ ਜਦੋਂ ਉਸਦੀ ਸਹੇਲੀ ਨਿਰਮਲ ਕਹਿੰਦੀ ਹੈ ਕਿ "ਪ੍ਰੀਤਾਂ ਵਾਲਿਆਂ ਦੀਆਂ ਕਿਸਮਤਾਂ ਹੀ ਨਿੱਖੁਟੀਆਂ ਹੁੰਦੀਆਂ ਹਨ" ਤੇਰੀ ਮਾਂ ਨੇ ਤੁਹਾਨੂੰ ਮਿਲਣ ਨਹੀਂ ਦੇਣਾ ਤੇ ਕਹਾਣੀ ਖਤਮ ਤਾਂ ਮਨਦੀਪ ਬੜੇ ਵਿਸ਼ਵਾਸ ਨਾਲ ਕਹਿੰਦੀ ਹੈ: ਮੈਂ ਮਨਦੀਪ ਆਂ ਮੈਂ ਕਿਤੇ ਹੋਣ ਦਿੰਦੀ ਆ ਕਹਾਣੀ ਖਤਮ÷। ਇਸ ਤਰ੍ਹਾਂ ਆਧੁਨਿਕ ਨਾਰੀ ਪਿਆਰ ਪਾਉਣ ਲਈ ਆਪਣੇ ਮਾਂ-ਬਾਪ ਵਿਰੁੱਧ ਬਗਾਵਤ ਵੀ ਕਰਨ ਨੂੰ ਤਿਆਰ ਹੈ। ਇਸ ਲਈ ਪਿਆਰ ਪ੍ਰਾਪਤੀ ਲਈ ਕੀਤਾ ਗਿਆ ਸੰਘਰਸ਼ ਹਰੇਕ ਸਮਾਜ ਤੇ ਸਭਿਆਚਾਰ ਵਿੱਚ ਮੌਜੂਦ ਹੈ। ਭਾਵੇਂ ਮਨਦੀਪ ਦਾ ਵਿਰੋਧ ਕੋਈ ਵੱਡੇ ਪੱਧਰ ਤੇ ਨਹੀਂ ਹੁੰਦਾ ਕਿਉਂਕਿ ਪੂੰਜੀਵਾਦੀ ਸਮਾਜ ਵਿੱਚ ਅਜਿਹੀਆਂ ਘਟਨਾਵਾਂ ਆਮ ਵੇਖਣ ਨੂੰ ਮਿਲਦੀਆਂ ਹਨ ਜੋ ਪਿਆਰ ਕਰਨ ਵਾਲਿਆ ਲਈ ਦੁਖਾਂਤਕ ਹਨ ਤੇ ਇਹੋ ਜਿਹਾ ਦੁਖਾਂਤ ਅੰਤਰਜਾਤੀ ਵਿਆਹ ਕਰਨ ਲਈ ਆਰਥਿਕ ਨਾ ਬਰਾਬਰੀ ਕਰਕੇ ਹੀ ਹੁੰਦਾ ਹੈ।

ਮਨਦੀਪ ਦਾ ਪਿਆਰ ਵਿੱਚ ਅਟੱਲ ਵਿਸ਼ਵਾਸ ਉਸ ਵੇਲੇ ਨਜ਼ਰ ਆਉਂਦਾ ਹੈ ਜਦੋਂ ਉਹ ਹਰਮੀਤ ਨੂੰ ਕਹਿੰਦੀ ਹੈ, "ਇਸ ਵਾਰੀ ਤਾਂ ਹੀਰ ਰਾਂਝੇ ਨੂੰ ਮਿਲਕੇ ਰਹੇਗੀ. ਮਿਲਕੇ ਰਹੇਗੀ। ਇਸ ਤਰ੍ਹਾ ਦੋਵੇਂ ਮਿਲਦੇ ਰਹਿੰਦੇ ਹਨ ਤੇ ਮਨਦੀਪ ਹਰਮੀਤ ਦੇ ਬੱਚੇ ਦੀ ਮਾਂ ਬਣਨ ਵਾਲੀ ਹੁੰਦੀ ਹੈ। ਇਸ ਗੱਲ ਦਾ ਪਤਾ ਜਦੋਂ ਉਸਦੀ ਮਾਂ ਨੂੰ ਪਤਾ ਲਗਦਾ ਹੈ ਤਾਂ ਉਹ ਗੁੱਸੇ ਤੇ ਕਰੋਧ ਵਿੱਚ ਆਕੇ ਮਨਦੀਪ ਨੂੰ ਮਾਰਦੀ ਕੁੱਟਦੀ ਹੈ ਤੇ ਉਸਨੂੰ ਆਬਾਰਸ਼ਨ ਕਰਾਉਣ ਲਈ ਕਹਿੰਦੀ ਹੈ ਪਰ ਮਨਦੀਪ ਨਹੀਂ ਮੰਨਦੀ ਕਿਉਂਕਿ ਇਸ ਤਰ੍ਹਾਂ ਕਰਨਾ ਉਹ ਪਾਪ ਸਮਝਦੀ ਹੈ। ਮਾਂ ਸੁਰਜੀਤ ਕੌਰ ਆਪਣੇ ਰੁੱਤਬੇ, ਮਾਣ ਤੇ ਸੱਤਾ ਵਿਚ ਬਦਨਾਮੀ ਨਾਂ ਹੋਣ ਦੀ ਖਾਤਿਰ ਤੇ ਸਮਾਜਕ ਕਦਰਾਂ-ਕੀਮਤਾਂ ਦੀ ਆੜ ਹੇਠ ਆਪਣੀ ਇੱਜਤ ਬਚਾਉਣ ਲਈ ਆਪਣੀ ਭੈਣ ਬਚਿੰਤ ਕੌਰ ਦੀ ਸਹਾਇਤਾ ਨਾਲ ਬੜੀ ਹੁਸ਼ਿਆਰੀ ਅਤੇ ਚਲਾਕੀ ਨਾਲ ਮਨਦੀਪ ਦਾ ਆਬਾਰਸ਼ਨ ਕਰਵਾ ਦਿੰਦੀ ਹੈ ਉਹ ਤੜਫਦੀ, ਕੂਕਦੀ ਕੁਰਲਾਂਦੀ ਹੈ ਪਰ ਉਸ ਦੀ ਫਰਿਆਦ ਸੁਣਨ ਵਾਲਾ ਕੋਈ ਨਹੀਂ ਹੁੰਦਾ। ਏਥੇ ਨਾਰੀ ਦੀ ਸਥਿਤੀ ਦੁਖਾਂਤ ਮਈ ਹੈ, ਉਹ ਆਪਣੀ ਮਰਜੀ ਨਾਲ ਜਿੰਦਗੀ ਜੀਅ ਨਹੀਂ ਸਕਦੀ ਤੇ ਸਮਾਜ ਉਸਦੇ ਪਿਆਰ ਵਿੱਚ ਰੋੜਾ ਬਣ ਜਾਂਦਾ ਹੈ।

-ਭਾਵੇਂ ਸਮਾਜ ਪਿਆਰ ਕਰਨ ਵਾਲਿਆ ਨੂੰ ਜੀਣ ਨਹੀਂ ਦਿੰਦਾ ਤੇ ਪਿਆਰ ਕਰਨ ਵਾਲੇ ਨੂੰ ਕਤਲ ਜਾਂ ਖੁਦਕੁਸ਼ੀ ਵਰਗੇ ਰਾਹ ਅਪਨਾਉਣ ਲਈ ਮਜ਼ਬੂਰ ਕਰ ਦਿੰਦਾ ਹੈ। ਸੁਰਜੀਤ ਕੌਰ ਮਰਦ ਪ੍ਰਧਾਨ ਸਮਾਜ ਦੀਆਂ ਕਦਰਾਂ-ਕੀਮਤਾਂ ਨੂੰ ਅਪਨਾਉਂਦੀ ਹੋਈ ਧੀ ਨੂੰ ਮਰਵਾਉਣ ਦੀ ਚਾਲ ਚਲਦੀ ਹੈ ਉਹ ਅਮੋਲਕ ਸਿੰਘ ਤੇ ਸੁਰਜਨ ਸਿੰਘ ਨਾਲ ਮਿਲਕੇ ਪਾਰਟੀ ਨੂੰ ਬਦਨਾਮੀ ਤੋਂ ਬਚਾਉਣ ਲਈ ਧੀ ਦਾ ਕਤਲ ਇਸ ਤਰ੍ਹਾਂ ਕਰਾਉਂਦੀ ਹੈ ਕਿ ਉਹ ਖੁਦਕੁਸ਼ੀ ਨਜਰ ਆਉਂਦਾ ਹੈ। ਏਥੇ ਇਕ ਔਰਤ ਦੂਸਰੀ ਔਰਤ ਦੀ ਦੁਸ਼ਮਣ ਬਣਦੀ ਹੈ ਨਾਟਕ ਚ ਲਿਖਿਆ ਹੈ:ਕਤਲ ਤੇ ਖੁਦਕੁਸ਼ੀ ਦੇ ਵੱਖ-ਵੱਖ ਤਰ੍ਹਾਂ ਦੇ ਸਮਾਜੀ ਵਰਤਾਰੇ ਹਨ.... ਦੋਹਾਂ ਵਿੱਚ ਮਨੁੱਖ ਦੀ ਹੋਂਦ ਖਤਮ ਹੋ ਜਾਂਦੀ ਹੈ.... ਕਤਲ ਵਿੱਚ ਕੋਈ ਦੂਸਰਾ ਜਾ ਦੂਸਰੇ ਵਿਅਕਤੀ ਕਿਸੇ ਦੀ ਜਿਸਮਾਨੀ ਹੋਂਦ ਨੂੰ ਖਤਮ ਕਰਦੇ ਹਨ ਜਦ ਕੇ ਖੁਦਕੁਸ਼ੀ ਵਿੱਚ ਸਮਾਜ ਜਾਂ ਪਰਿਵਾਰ ਜਾ ਕੋਈ ਖਾਸ ਵਿਅਕਤੀ ਜਾਂ ਸਥਿਤੀਆਂ ਖੁਦਕੁਸ਼ੀ ਕਰਨ ਵਾਲੇ ਵਿਕਅਤੀ ਤੇ ਉਸਦੀ ਰੂਹ ਨੂੰ ਇਸ ਤਰ੍ਹਾਂ ਵਲੂੰਧਰ ਦਿੰਦੇ ਹਨ ਕਿ ਉਹ ਆਪਣੇ ਸਰੀਰ, ਰਿਸ਼ਤਿਆ ਨਾਤਿਆ ਤੇ ਜ਼ਿੰਦਗੀ ਨੂੰ ਅਰਥਹੀਣ ਸਮਝਣ ਲਗ ਪੈਂਦਾ ਹੈ।"

ਇਸ ਤਰ੍ਹਾਂ ਨਾਟਕ ਵਿੱਚ ਪ੍ਰੇਮ/ਪਿਆਰ ਕਰਨ ਵਾਲੇ ਨੂੰ ਸਮਾਜ ਇਸ ਤਰ੍ਹਾਂ ਜਕੜ ਦਿੰਦਾ ਹੈ ਤੇ ਉਸਨੂੰ ਕਤਲ ਕਰਵਾਉਂਦਾ ਹੈ। ਮਨਦੀਪ ਦੀ ਹੱਤਿਆ ਸਮਾਜਕ ਪੱਧਰ 'ਤੇ ਹੋਣੀਵਾਦੀ ਹੱਤਿਆ ਹੈ।

ਇਕ ਪਾਸੇ ਨਾਟਕ ਵਿੱਚ ਪ੍ਰੇਮ ਵਿਆਹ ਨੂੰ ਸਮਾਜ ਔਰਤ

ਦੀ ਸ੍ਵੈ ਸੁਤੰਤਰਤਾ ਦੀ ਆਜ਼ਾਦੀ ਨਹੀਂ ਦਿੰਦਾ ਪਰ ਦੂਸਰੇ ਪਾਸੇ ਦੂਸਰੀ ਔਰਤ ਦੇ ਅਵੈਧ ਸਬੰਧਾ ਨੂੰ ਔਰਤ ਦੀ ਸ੍ਵੈ ਹੋਂਦ ਦਾ ਮਸਲਾ ਦੱਸਿਆ ਗਿਆ ਹੈ ਜਿਥੇ ਸੁਰਜੀਤ ਕੌਰ ਅਪਾਨੀ ਧੀ ਦੇ ਪਿਆਰ ਨੂੰ ਆਰਥਿਕਤਾ ਦੀ ਤਕੜੀ ਵਿੱਚ ਤੋਲਦੀ ਤੇ ਉਸਨੂੰ ਖਤਮ ਕਰਕੇ ਹੀ ਰਹਿੰਦੀ ਹੈ ਪਰ ਦੂਸਰੇ ਪਾਸੇ ਉਹ ਆਪਣੇਅਤੇ ਡੇਰੇ ਦੇ ਸੰਤ ਨਿਰੰਜਨ ਸਿੰਘ ਨਾਲ ਹੋਏ ਮੁਹੱਬਤੀ ਰਿਸ਼ਤੇ ਨੂੰ ਪ੍ਰਵਾਨ ਕਰਦੀ ਹੈ ਜਿਹੜਾ ਕਿ ਸਮਾਜਕ ਬੰਧਨਾਂ ਦੇ ਬਿਲਕੁਲ ਉਲਟ ਹੈ। ਸੁਰਜੀਤ ਕੌਰ ਦੇ ਸੰਤਾ ਨਾਲ ਅਨੈਤਿਕ ਸੰਬੰਧਾਂ ਦਾ ਕਾਰਨ ਹੀ ਉਹ ਡੇਰੇ ਦੀ ਗੱਦੀ ਸੰਭਾਲਦੀ ਹੈ। ਡੇਰੇ ਵਿੱਚ ਕੋਈ ਅਧਿਆਤਮਿਕ ਜਾਂ ਧਾਰਮਿਕ ਦ੍ਰਿਸ਼ ਨਹੀਂ ਪ੍ਰਗਟਾਇਆ ਗਿਆ ਸਗੋਂ ਪ੍ਰੇਮ ਸੰਬੰਧ ਹੀ ਨਜ਼ਰ ਆਉਂਦੇ ਹਨ। ਇਸ ਸੰਬੰਧੀ ਦੋਹਾਂ ਵਿੱਚ ਹੋਈ ਵਾਰਤਾਲਾਪ ਤੋਂ ਸਿੱਧ ਹੁੰਦਾ ਹੈ ਕਿ;

**ਸੰਤ ਨਿਰੰਜਨ ਸਿੰਘ :** (ਸੁਰਜੀਤ ਕੌਰ ਸੰਤਾਂ ਦੇ ਪੈਰੀ ਹੱਥ ਲਾ ਕੇ ਭੇਜੇ ਦਰੀ ਉੱਤੇ ਬੈਠਣ ਲਗਦੀ ਹੈ ਪਰ ਸੰਤ ਉਸਨੂੰ ਪੈਰੀ ਪੈਣ ਤੋਂ ਰੋਕਦਾ ਹੈ ਤੇ ਬੁੱਕਲ ਵਿੱਚ ਲੈ ਕੇ ਆਪਣੇ ਕੋਲ ਨਾਲ ਦਿਵਾਨ ਉੱਤੇ ਬਿਠਾਉਂਦਾ ਹੈ) ਨਹੀਂ ਬੀਬਾ, ਨਹੀਂ। ਤੇਰਾ ਸਥਾਨ ਏਥੇ ਨਹੀਂ।...ਮੇਰੇ ਕੋਲ ਐ....ਏਥੇ।

**ਸੰਤ ਨਿਰੰਜਨ ਸਿੰਘ :** ਮੈਂ ਤੇ ਬੀਬੀ ਤੇਰੇ ਤੇਆਪਣੇ ਬਾਰੇ ਅਲੱਗ-ਅਲੱਗ ਸੋਚਿਆ ਈ ਨਈਂ। (ਸੁਰਜੀਤ ਕੌਰ ਸੰਤਾਂ ਦੀ ਬਾਂਹ 'ਚ ਸਿਮਟ ਜਾਂਦੀ ਹੈ)... "ਨੈਹੂੰ ਲੱਗਾ ਸੁੱਧ ਬੁੱਧ ਭੁਲੀ ਤੇਰੇ ਬਾਝ ਸਭ ਗੱਲਾਂ ਊਣੀਆ।"

**ਸੁਰਜੀਤ ਕੌਰ :**

"ਤੁਹਾਡੀ ਮਿਹਰ ਚਾਹੀਦੀ ਐ ਜੀ।"

**ਸੁਰਜੀਤ ਕੌਰ :** ਮੈਂ ਤੁਹਾਡਾ ਪਰਛਾਵਾ ਆ ਜੀ। ਜਿਸ ਤਰ੍ਹਾਂ ਹੁਕਮ ਕਰੋਗੇ ਮੈਂ ਉਸੇ ਤਰ੍ਹਾਂ ਕਰਾਂਗੀ।"

ਨਾਟਕ ਵਿੱਚ ਇਹ ਵਿਚਾਰ ਵੀ ਸਾਹਮਣੇ ਆਉਂਦਾ ਹੈ ਕਿ ਡੇਰੇ ਦੇ ਸੰਤ ਧਰਮ ਦੇ ਬਾਹਰੀ ਰੂਪ ਨੂੰ ਅਪਨਾ ਰਾਜਸੀ ਸੱਤਾ ਨਾਲ ਜੋੜਦੇ ਹਨ ਅਤੇ ਔਰਤਾਂ ਨੂੰ ਵਸ ਵਿੱਚ ਕਰਕੇ ਉਹਨਾ ਦਾ ਸ਼ੋਸ਼ਣ ਕਰਦੇ ਹਨ। ਸੁਰਜੀਤ ਕੌਰ ਦਾ ਡੇਰੇ ਨਾਲ ਸੰਬੰਧ ਆਪਨੀ ਸ੍ਵੈ ਦੀ ਹੋਂਦ ਨੂੰ ਉੱਚਾ ਕਰਨ 'ਚ ਹੈ। ਏਥੇ ਇਹ ਵਿਚਾਰ ਵੀ ਦ੍ਰਿੜ ਹੁੰਦਾ ਹੈ ਕਿ ਮਰਦ ਤੋਂ ਬਿਨਾ ਔਰਤ ਤੇ ਔਰਤ ਤੋਂ ਬਿਨਾ ਮਰਦ ਅਧੂਰੇ ਹਨ। ਸੁਰਜੀਤ ਕੌਰ ਦੀ ਪਤੀ ਨਾਲ ਕੜਵਾਹਟ ਭਾਵੇਂ ਨਿੱਜੀ ਮਸਲਾ ਹੈ ਪਰ ਸੰਤਾਂ ਨਾਲ ਉਸਦੇ ਸੰਬੰਧ ਸ੍ਵੈ ਹੋਂਦ ਨੂੰ ਉਚੇਰਾ ਬਨਾਉਣਾ ਦਾ ਮਸਲਾ ਹੈ। ਇਸ ਤਰ੍ਹਾਂ ਮਰਦ ਪ੍ਰਧਾਨ ਸਮਾਜ ਵਿੱਚ ਔਰਤ ਕੇਵਲ ਇੱਛਾ ਰਹਿਤ ਭੋਗਣ ਯੋਗ ਵਸਤੂ ਹੀ ਹੈ ਜਿਹੜੀ ਮਰਦਾਂ ਦੀ ਅਧੀਨਗੀ ਨੂੰ ਸਹਿਜੇ ਹੀ ਕਬੂਲ ਲੈਂਦੀ ਹੈ ਨਾਟਕ ਵਿਚ ਅਨੈਤਿਕ ਪਿਆਰ ਸੰਬੰਧ ਦਾ ਪ੍ਰਗਟਾਵਾ ਇਸ ਪ੍ਰਕਾਰ ਹੋਇਆ ਹੈ; ਤ੍ਰਾਸਦੀ ਇਹ ਹੈ ਕਿ ਮਰਦ ਪ੍ਰਧਾਨ ਸਮਿਆਂ ਲੰਘਦੀ ਹੋਈ ਔਰਤ ਵੀ ਅਚੇਰ ਅਤੇ ਸੁਚੇਤ ਤੌਰ ਤੇ ਮਰਦ ਪ੍ਰਧਾਨ ਸਮਾਜ ਦੀ ਸ੍ਰੇਸਟਰਾ ਨੂੰ ਸਵੀਕਾਰ ਕਰ ਲੈਂਦੀ ਹੈ ਅਤੇ ਉਸ ਦੇ ਗੁਣ ਜਾਨ ਕਰਦੀ ਹੋਈ ਆਪਨੀ ਹੋਣ ਸਥਿਤੀ ਨੂੰ ਸਵੀਕਾਰਦੀ ਹੈ।"

ਇਸ ਤਰ੍ਹਾਂ ਸੁਰਜੀਤ ਕੌਰ ਦੇ ਸੰਤ ਨਾਲ ਸੰਬੰਧ ਹੋਣ ਕਰਕੇ ਹੀ ਉਹ ਪਿੰਡ ਦੀ ਸਰਪੰਚ, ਬਲਾਕ ਸੰਮਤੀ ਦੀ ਚੇਅਰਮੈਨ, ਤੇ ਐਮ.ਐਲ.ਏ. ਤੇ ਡੇਰੇ ਦੀ ਮਾਤਾ ਸਾਹਿਬ ਬਣਦੀ ਹੈ। ਇਸ ਲਈ ਉਹ ਆਪਨੇ ਪਰਿਵਾਰ ਨੂੰ ਵੀ ਪਿਛੇ ਛੱਡ ਦਿੰਦੀ ਹੈ। ਇਕ ਥਾਂ ਨਾਟਕ 'ਚ ਕਹਿੰਦੀ ਹੈ;

**ਸੁਰਜੀਤ ਕੌਰ :** ਵੇ ਸਰਦਾਰ ਜੀ, ਜੇ ਘਰ ਵੱਡਾ ਕਰਨਾ ਹੋਏ ਤਾਂ ਚੁਗਾਠ ਤਾਂਹ ਚੁੱਕਣੀ ਹੀ ਪੈਂਦੀ ਟੈ।... ਇਹ ਚੁਬਾਰੇ ਐਵੇਂ ਨਹੀਂ ਬਣ ਗਏ। ਇਹ ਮੇਰੀ ਹਿੰਮਤ ਏ। ਜੱਟੀ ਦੀ ਐਵੇਂ ਨਹੀਂ ਪਿੰਡ ਦੀ ਸਰਪੰਚਣੀ ਬਣੀ ਸਰਦਾਰ ਅਮੋਲਕ ਸਿੰਘ ਹੋਰੀ ਤਾ ਬਲਾਕ ਸੰਮਤੀ ਦੀਆਂ ਚੋਣਾ ਲਈ ਵੀ ਕਹਿ ਗਏ ਨੇ।"

ਨਾਟਕ ਵਿੱਚ ਔਰਤ ਦੀ ਅਗੰਮੀ ਸੋਚ ਭਾਵ ਰਾਜਨੀਤੀ ਵਿੱਚ ਭਾਗ ਲੈਣਾ ਵੀ ਪ੍ਰਗਟਾਇਆ ਹੈ। ਆਧੁਨਿਕ ਸਮਾਜ ਵਿੱਚ ਵਿਚਰਦੀ ਹੋਈ ਔਰਤ ਨੇ ਆਪਣੇ ਆਪ ਨੂੰ ਇਨ੍ਹਾਂ ਮਜਬੂਤ ਬਣਾ ਲਿਆ ਹੈ ਕਿ ਮਰਦਾਂ ਦੇ ਬਰਾਬਰ ਰਾਜਨੀਤੀ ਦੇ ਖੇਤਰ ਵਿੱਚ ਹਿੱਸਾ ਲੈਂਦੀ ਹੈ। ਆਪਨੀ ਹਓਮੈਂ, ਬਲ ਤੇ ਸ਼ਕਤੀ ਨਾਲ ਰਾਜਨੀਤੀ ਦੀਆਂ ਗੁੱਝੀਆਂ ਚਾਲਾਂ ਨੂੰ ਸਮਝਦੀ ਹੈ ਤੇ ਸੱਤਾ ਤੇ ਤਾਕਤ ਪਾਉਣ ਲਈ ਰਾਹ ਵਿਚਲੀਆਂ ਮੁਸ਼ਕਲਾਂ ਨੂੰ ਵੀ ਬੜੀ ਹਿੰਮਤ ਨਾਲ ਹਟਾ ਲੈਂਦੀ ਹੈ। ਨਾਟਕ 'ਚ ਸੁਰਜੀਤ ਇੱਕ ਦ੍ਰਿੜ ਇਰਾਦੇ ਵਾਲੀ, ਸੱਤਾ ਤੇ ਸ਼ਕਤੀ ਵਾਲੀ ਮਜਬੂਤ ਔਰਤ ਵਜੋਂ ਪੇਸ਼ ਹੋਈ ਹੈ। ਭਾਵੇਂ ਉਸਦਾ ਰਾਜਨੀਤੀ ਵਿੱਚ ਹਿੱਸਾ ਲੈਣ ਪਿਛੇ ਉਪਜੇ ਕਾਰਨਾਂ ਨੂੰ ਵੀ ਨਾਟਕ ਵਿੱਚ ਵੀ ਉਸ ਆਪ ਦਸਿਆ ਹੈ ਕਿ ਉਸਦਾ ਪਤੀ ਨਸ਼ੇੜੀਆਂ ਸੀ ਤਿੰਨ ਸਾਲ ਉਸਦਾ ਮੁਕਮਲਾ ਲੈਣ ਨਹੀਂ ਸੀ ਆਇਆ ਉਹ ਠੀਕ-ਠੀਕ ਕੇ ਥੱਕ ਗਈ ਤੇ ਜਦੋਂ ਆਪਣੇ ਸਹੁਰੇ ਆਈ ਤਾਂ ਪਤੀ ਦਾ ਪਰਿਵਾਰਿਕ ਜ਼ਿੰਮੇਵਾਰੀਆਂ ਤੋਂ ਕਿਨਾਰਾ ਕਰਨਾ ਹੀ ਉਸਦੀ ਜ਼ਿੰਦਗੀ ਦਾ ਦੁਖਾਂਤ ਬਣ

ਗਿਆ। ਏਸੇ ਕਰਕੇ ਉਸ ਨੇ ਆਪਣੀ ਭਾਵਨਾਤਮਕ ਸਾਂਝ ਨੂੰ ਪੂਰਿਆ ਕਰਨ ਲਈ ਡੇਰੇ ਵਾਲੇ ਸੰਤਾਂ ਦਾ ਸਹਾਰਾ ਲਿਆ। ਤੇ ਪਹਿਲਾਂ ਪਿੰਡ ਦੀ ਸਰਪੰਚ ਬਣ ਏਥੋਂ ਹੀ ਉਸਦੀ ਰਾਜਨੀਤਿਕ ਜਿੰਦਗੀ ਦਾ ਆਗਾਜ ਹੋਇਆ ਫਿਰ ਉਹ ਪਿਛਾਂਹ ਵਲ ਨਹੀਂ ਮੁੜਦੀ। ਉਹ ਸੰਤ ਨਿਰੰਜਨ ਸਿੰਘ, ਅਮੋਲਕ ਸਿੰਘ ਤੇ ਸੁਰਜਨ ਸਿੰਘ ਵਰਗੇ ਲੋਕ ਹੀ ਉਸ ਲਈ ਸਭ ਕੁਝ ਹਨ ਤੇ ਉਹਨਾਂ ਦੇ ਇਸ਼ਾਰਿਆਂ ਤੇ ਚਲਦੀ ਹੋਈ ਬਲਾਕ ਸੰਮਤੀ ਦੀ ਚੇਅਰਮੈਨ, ਐਮ.ਐਲ ਏ ਦੀਆਂ ਚੋਣਾਂ ਵਿੱਚ ਹਿੱਸਾ ਲੈਣਾ ਅਤੇ ਡੇਰੇ ਦੀ ਗੱਦੀ ਸੰਭਾਲਣ ਦਾ ਸਫਰ ਜਿਥੇ ਔਰਤ ਦਾ ਹਰ ਖੇਤਰ ਵਿੱਚ ਮਰਦਾਂ ਬਰਾਬਰ ਖੜ੍ਹੇ ਹੋਣਾ ਦਸਿਆ ਹੈ ਉਥੇ ਔਰਤ ਦੀ ਅਗੰਮੀ ਸੋਚ ਦਾ ਨਤੀਜਾ ਹੈ।"

ਇਸ ਤਰ੍ਹਾਂ ਸੁਰਜੀਤ ਕੌਰ ਸੱਤਾ ਤੇ ਸਿਆਸਤ ਦਾ ਅੰਗ ਬਨਣ ਉਪਰੰਤ ਮਾਨਵੀ ਕਦਰਾਂ-ਕੀਮਤਾਂ ਤੋਂ ਕੋਰੀ ਹੋ ਜਾਂਦੀ ਹੈ ਤੇ ਇਹਨਾਂ ਸਮਾਜਕ ਮਰਯਾਦਾਵਾਂ ਨੂੰ ਤੋੜ ਕੇ ਰਾਜ ਸੱਤਾ ਦਾ ਆਨੰਦ ਮਾਣਦੀ ਹੈ ਰਾਜ ਸੱਤਾ ਦੀ ਭੁੱਖ ਪਿਛੇ ਹੀ ਆਪਣੀ ਧੀ ਦਾ ਕਤਲ ਕਰਾਉਂਦੀ ਹੈ। ਇਹ ਰਾਜਨੀਤਿਕ ਦਾਅ-ਪੇਚ ਹੀ ਉਸ ਸੰਤ ਨਿਰੰਜਨ ਸਿੰਘ ਦੁਆਰਾ ਹੀ ਸਮਝਾਏ ਜਾਂਦੇ ਹਨ;

ਜਿਥੇ ਨਿਮਰਤਾ ਵਰਤਣੀ ਚਾਹੀਦੀਐ, ਉਥੇ ਨਿਮਰਤਾ ਵਰਤਣੀ ਐ। ਜਿਥੇ ਸਖਤੀ ਚਾਹੀਦੇ ਐ ਉਥੇ ਸਖ਼ਤੀ... ਜਿਥੇ ਅਸ਼ੀਰਵਾਦ ਉਥੇ ਅਸ਼ੀਰਵਾਦ ਤੇ ਜਿਥੇ ਭਵਾਨੀ ਦੀ ਲੋੜ ਹੋਵੇ ਉਥੇ ਭਵਾਨੀ...ਦੁਨੀਆਂ ਦਾ ਕੋਈ ਕਰਮ ਪੁੰਨ ਪਾਪ ਨਹੀਂ ਐ ਇਸ ਲਈ ਜਿਹੜਾ ਕੰਮ ਕਰਨ ਦੀ ਲੋੜ ਹੋਵੇ ਉਹੀ ਕਰਨਾ ਈ ਕਰਨਾ ਐ।"

ਇਹਨਾਂ ਰਾਜਨੀਤਿਕ ਦਾਅ ਪੇਚ ਦੇ ਆਸਰੇ ਹੀ ਉਹ ਅਮੋਲਕ ਸਿੰਘ ਤੇ ਸੁਰਜਨ ਸਿੰਘ ਨਾਲ ਮਿਲ ਕੇ ਬੜੀ ਚਲਾਕੀ ਨਾਲ ਧੀ ਦਾ ਕਤਲ ਇਸ ਤਰ੍ਹਾਂ ਕਰਾਉਂਦੀ ਹੈ ਕਿ ਉਹ ਵੇਖਣ ਨੂੰ ਖੁਦਕਸ਼ੀ ਹੀ ਨਜਰ ਆਉਂਦਾ ਹੈ। ਏਥੇ ਔਰਤ ਦਾ ਰਾਜਨੀਤੀ ਵਿੱਚ ਹਿੱਸਾ ਲੈਣਾ ਅੱਗੇ ਵਧਣ ਦਾ ਪ੍ਰਤੀਕ ਤਾਂ ਹੈ ਪਰ ਨਾਲ ਹੀ ਆਪਣੀ ਸ਼ਕਤੀ ਦਾ ਰੁੱਤਬੇ ਦਾ ਗਲਤ ਪ੍ਰਯੋਗ ਕਰਨਾ ਸਮਾਜਕ ਮਰਯਾਦਾ ਦੇ ਉੱਲਟ ਹੈ। ਨਾਟਕਕਾਰ ਨੇ ਰਾਜਨੀਤੀ ਵਿਚ ਫੈਲੇ ਕੂੜ, ਪਾਪ ਨੂੰ ਬਿਆਨ ਕੀਤਾ ਹੈ।

ਸੁਰਜੀਤ ਕੌਰ ਦਾ ਰਾਜਨੀਤੀ ਵਿੱਚ ਹਿੱਸਾ ਲੈ ਕੇ ਕੇਵਲ ਆਪਣੀ ਸਥਿਤੀ ਨੂੰ ਉਚਿਆ ਚੁੱਕਣਾ ਹੈ ਤੇ ਹਉਮੈ ਤੇ ਹੰਕਾਰ ਵਿੱਚ ਗ੍ਰਸਥ ਹੋਣਾ ਹੈ ਨਾ ਕਿ ਲੋਕ ਸੇਵਾ ਪਿਛੇ ਕਿਸੇ ਦਾ ਕੰਮ ਕਾਜ ਸੰਵਾਰਨਾ- ਸੁਰਜੀਤ ਕੌਰ ਦੀ ਅਜਿਹੀ ਮਾਨਸਿਕਤਾ ਤੇ ਭਾਵ ਮਨਦੀਪ ਨਾਲ ਹੋਈ ਇਸ ਵਾਰਤਾਲਾਪ ਤੋਂ ਹੁੰਦੇ ਹਨ :-

ਮੇਰੇ ਵਲ ਵੇਖ! ਕੁਝ ਸਿੱਖ ਮੇਰੇ ਤੇ ਤੋਂ ਇਕ ਪਾਸੇ ਬਲਾਕ ਦੀ ਚੇਅਰਮੈਨਤੇ ਦੂਸਰੇ ਪਾਸੇ ਡੇਰੇ ਦੀ ਗੱਦੀ, ਹਰ ਪਾਸੇ ਸੋਭਾ, ਵਾਹ-ਵਾਹ ਹਰ ਪਾਸੇ ਸਲਾਮਾਂ, ਗੱਡੀਆਂ, ਪੁਲਸੀਏ, ਸਰਦਾਰ, ਤਹਿਸੀਲਦਾਰ, ਨੰਬਰਦਾਰ, ਪਟਵਾਰੀ ਐਮ.ਐਲ.ਏ. ਐਮ.ਪੀ. ਕਿਹੜਾ ਉੱਚੀ ਪੱਗ ਵਾਲਾ ਐ ਜਿਹੜਾ ਮੇਰੇ ਸਾਹਮਣੇ ਨਿਉਂਦਾ ਨਹੀਂ।"

ਇਸ ਤਰ੍ਹਾਂ ਸੁਰਜੀਤ ਕੌਰ ਦੀ ਸਥਿਤੀ ਅਜਿਹੇ ਨਿਜ਼ਾਮ ਵਾਲੀ ਹੈ ਜਿਸ ਵਿੱਚ ਉਹ ਰਾਜਨੀਤਿਕ ਖੇਤਰ ਵਿੱਚ ਹਿੱਸਾ ਲੈਣਾ ਆਪਣੇ ਤੌਰ ਤੇ ਅਗੇ ਆਉਣਾ ਇਕ ਯੋਗਦਾਨ ਹੈ ਪਰ ਉਹ ਕੇਵਲ ਹਉਮੈ ਅਹੰਕਾਰ ਵਿੱਚ ਆਪਣੀ ਸ਼ੋਭਾ ਪਾਉਂਦੀ ਹੈ। ਇਸ ਸੰਬੰਧੀ ਡਾ. ਪਰਮਿੰਦਰ ਸਿੰਘ ਲਿਖਦੇ ਹਨ:-

ਇਸ ਸੰਦਰਭ ਵਿੱਚ ਦੇਖਿਆ ਸੁਰਜੀਤ ਕੌਰ ਦਾ ਚੋਣਾ ਲੜਨਾ, ਮਰਦ ਪ੍ਰਧਾਨ ਸਮਾਜ ਵਿੱਚ ਔਰਤ ਦੀ ਆਜਾਦੀ ਅਤੇ ਸਵੈਮਾਣ ਦਾ ਇਜ਼ਹਾਰ ਨਾ ਹੋ ਕੇ ਸ਼ਕਤੀ ਪ੍ਰਦਰਸ਼ਨ ਦਾ ਇਕ ਵਿਹਾਰਕ ਪ੍ਰਗਟਾਅ ਬਣ ਕੇ ਹੀ ਰਹਿ ਗਿਆ ਹੈ ਸੁਰਜੀਤ ਕੌਰ ਦੀ ਸਥਿਤੀ ਇਕ ਅਜਿਹੇ ਨਿਜਾਮ ਦੀ ਨੁਮਾਇੰਦਗੀ ਕਰਨ ਵਾਲੀ ਹੈ ਜਿਸ ਦਾ ਵਿਚਾਰਧਾਰਕ ਅਧਾਰ ਹਉਮੈਂ, ਅਹੰਕਾਰ, ਧੱਕੜ ਤੇ ਮੁਖ ਤੌਰ ਤੇ ਸਵਾਰਥੀ ਸ਼ਕਤੀ ਦਾ ਸੰਕਲਪ ਹੈ।"

ਪੰਜਾਬੀ ਸਮਾਜ ਆਦਿ ਕਾਲ ਤੋਂ ਹੀ ਮਰਦ ਪ੍ਰਧਾਨ ਸਾਮਜ ਰਿਹਾ ਹੈ। ਔਰਤ ਦੀ ਸਥਿਤੀ ਵਿੱਚ ਕੋਈ ਪਰਿਵਰਤਨ ਨਹੀਂ ਹੋਇਆ ਕਿਉਂਕਿ ਉਸ ਦੁਆਲੇ ਸਮਾਜਕ ਨਿਯਮ ਹੀ ਉਸਰੇ ਹੋਏ ਹਨ। ਪਰ ਮੇਦਨੀ ਨਾਟਕ ਵਿੱਚ ਨਾਟਕਕਾਰ ਨੇ ਔਰਤ ਦੀ ਹੋਂਦ ਨੂੰ ਸੁਰਜੀਤ ਕੌਰ ਦੇ ਰਾਹੀਂ ਔਰਤ ਤੋਂ ਮਰਦ ਬਨਣ ਵਿੱਚ ਰੂਪਾਂਤਰਿਤ ਕੀਤਾ ਹੈ। ਭਾਵ ਉਹ ਮਰਦ ਪ੍ਰਧਾਨ ਸਮਾਜ ਦੀ ਸਥਾਪਤੀ ਪ੍ਰਵਾਨ ਕਰਦੀ ਹੋਈ ਔਰਤ ਰੂਪ ਵਿੱਚ ਮਰਦ ਬਣ ਜਾਂਦੀ ਹੈ। ਜਦੋਂ ਸੰਤ ਨਿਰੰਜਨ ਸਿੰਘ ਨੂੰ ਆਪਣਾ ਅੰਤਿਮ ਸਮਾਂ ਨੇੜੇ ਆਇਆ ਨਜ਼ਰ ਆਉਂਦਾ ਹੈ ਤਾਂ ਡੇਰੇ ਦੀ ਗੱਦੀ ਉੱਪਰ ਬਿਠਾਉਣ ਲਈ ਉਹ ਸੁਰਜੀਤ ਕੌਰ ਦਾ ਸਹਾਰਾ ਲੈਂਦਾ ਹੈ। ਉਹ ਸੁਰਜੀਤ ਕੌਰ ਨੂੰ ਪੂਰਨ ਮਰਦ ਬਣਨ ਲਈ ਕਹਿੰਦਾ ਹੈ ਕਿਉਂਕਿ ਉਸਨੇ ਡੇਰੇ ਦੀ ਗੱਦੀ ਸੰਭਾਲਣੀ ਹੈ ਭਾਵੇਂ ਸੁਰਜੀਤ ਕੌਰ ਆਪਣੇ

ਆਪ ਨੂੰ ਔਰਤ ਜਾਤ ਕਰਕੇ ਨੀਵਾਂ ਸਮਝਦੀ ਹੈ ਤੇ ਡੇਰੇ ਦੀਗੱਦੀ ਤੇ ਬੈਠਣ ਤੇ ਝੋਲਦੀ ਹੈ ਪਰ ਸੰਤਾਂ ਦੁਆਰਾ ਦਿੱਤੀ ਹਿੰਮਤ ਤੇ ਹੱਲਾਸ਼ੇਰੀ ਉਸਨੂੰ ਮਰਦ ਬਨਣ ਵਿੱਚ ਸਹਾਇਕ ਹੁੰਦੀ ਹੈ- ਸੰਤਾਂ ਤੇ ਸੁਰਜੀਤ ਕੌਰ ਦੀ ਇਸ ਸੰਬੰਧੀ ਹੋਈ ਵਾਰਤਾਲਾਪ :-

**ਸੰਤ ਨਿਰੰਜਨ ਸਿੰਘ** : ਉਹ ਇਹ ਹੈ ਕਿ ਮੇਰੇ ਤੋਂ ਬਾਅਦ, ਇਸ ਡੇਰੇ ਦਾ ਭਾਰ ਵੀ ਤੇਰੇ ਮੰਦਿਆ ਨੇ ਸਾਂਭਣਾ ਐ।

**ਸੁਰਜੀਤ ਕੌਰ** : ਪਰ ਜੀ ਮੈਂ ਔਰਤ ਜਾਤ, ਇਹ ਸਭ ਕੁਝ ਕਰ ਲਵਾਂਗੀ।

**ਸੰਤ ਨਿਰੰਜਨ ਸਿੰਘ** : ਔਰਤ ਨਹੀਂ, ਤੂੰ ਮਰਦ ਏ। ਮਰਦ। ਜਿਸ ਨੇ ਸਾਡੇ ਨਾਲ ਸਤਸੰਗ ਕੀਤਾ ਉਹ ਮਰਦ ਹੋਇਆ। ਸੰਪੂਰਨ ਮਰਦ।

**ਸੁਰਜੀਤ ਕੌਰ** : ਪਰ ਜੀ ਮੈਂ ਔਰਤ ਜਾਤ।

**ਸੰਤ ਨਿਰੰਜਨ ਸਿੰਘ** : ਫਿਰ ਉਹੀ ਗਲ। ਔਰਤ ਜਾਤ। ਔਰਤ ਜਾਤ! ਔਰਤ ਹੋਣ ਤੇ ਸਵਾਬ ਐ, ਸਵਾਬ ਐ ਬੀਬਾ, ਸਬਬ ਐ! ਤੂੰ ਮਰਦ ਐ। ਮਰਦ ਬਣਾ!!"

ਏਥੇ ਮਰਦ ਬਣਨ ਪਿਛੇ ਇਹ ਦਰਸਾਉਂਦਾ ਹੈ ਕਿ ਔਰਤ ਦਾ ਮਰਦ ਬਣਕੇ ਆਪਣੀ ਰਜ਼ਾ ਦੀ ਆਪ ਮਾਲਕ ਹੋਣਾ ਤੇ ਸੁਰਜੀਤ ਕੌਰ ਵਰਗੀ ਔਰਤ ਦੀ ਸ੍ਵੈ ਆਜਾਦ ਹੋਣ ਦੀ ਸੁਤੰਤਰਤਾ ਮਰਦ ਬਣਨ ਵਿੱਚ ਹੀ ਦਰਸਾਈ ਹੈ।

ਸੰਤਾਂ ਦੀ ਮੌਤ ਤੋਂ ਬਾਅਦ ਡੇਰੇ ਦੀ ਪੱਦਵੀ ਸੰਭਾਲਣਾਂ ਸਮੇਂ ਪਗੜੀ ਬੰਨਣ ਦੀ ਪ੍ਰਕਿਰਿਆ ਔਰਤਾਂ ਦਾ ਮਰਦਾਂ ਦੇ ਬਰਾਬਰ ਆਪਣਾ ਰੁੱਤਬਾ ਖੜਾ ਕਰਨਾ ਹੈ- ਨਾਟਕ ਚ ਲਿਖਿਆ ਹੈ :-

ਸਿਰ ਤੇ ਪਗੜੀ ਸਜਾਓ
ਇਹਨੂੰ ਮਰਦ ਬਣਾਓ
ਇਹ ਹੈ ਮਾਤਾ ਸਾਹਿ
ਮਰਦਾਂ ਚੋਂ ਮਰਦ
ਇਹ ਹੈ ਪੂਰਨ ਮਰਦਾ

ਸੁਰਜੀਤ ਕੌਰ ਦਾ ਮਰਦ ਬਣਨਾ ਉਸਦੇ ਔਰਤ ਹੋਣ ਦੇ ਹੱਕ ਨੂੰ ਖੋਹਣਾ ਹੈ ਪਰ ਏਥੇ ਉਸਦੀ ਆਪ ਮਰਦ ਬਨਣ ਦੀ ਇਛਾ ਵੀ ਹੈ ਕਿਉਂਕਿ ਮਰਦ ਬਨਣ ਵਿਚ ਔਰਤ ਆਪਣੇ ਰਿਸ਼ਤਿਆਂ ਨੂੰ ਤੋੜ ਕੇ ਆਪਣੇ ਆਪਨੂੰ ਮਰਦ ਰੂਪ ਵਿੱਚ ਰੁਪਾਂਤ੍ਰਿਤ ਕਰਕੇ ਆਪਣੀ ਹਸਤੀ ਨੂੰ ਖੜਾ ਕਰਨ ਦੇ ਨਾਲ ਨਾਲ ਮਰਦਾਂ ਦੀ ਹੋਂਦ ਨੂੰ ਨੀਵਾ ਵਿਖਾਉਣਾ ਵੀ ਹੈ।

ਡਾ. ਸਰਬਜੀਤ ਸਿੰਘ ਲਿਖਦੇ ਹਨ :-

ਸਮਾਜ ਵਿੱਚ ਰੁੱਤਬੇ ਨੂੰ ਅਜੇ ਵੀ ਮਰਦ ਸਰੂਪ ਵਿੱਚ ਮਹੱਤਤਾ ਪ੍ਰਾਪਤ ਹੈ ਸੁਰਜੀਤ ਕੌਰ ਨੂੰ ਪੱਗ ਰਾਹੀਂ ਮਰਦਾਵੇਂ ਰੂਪ ਵਿੱਚ ਰੂਪਾਂਤਰਿਤ ਕਰਨਾ ਅਜੇ ਵੀ ਔਰਤ ਦੀ ਹੋਂਦ ਨੂੰ ਮੰਨਣ ਤੋਂ ਅਵਚੇਤਨੀ ਗੰਢ ਕਰਕੇ ਇਨਕਾਰੀ ਹੋਣਾ ਹੈ।" 'ਸੱਥ' ਪੰਜਾਬੀ ਸਭਿਆਚਾਰ ਦਾ ਮਹੱਤਵਪੂਰਨ ਅੰਗ ਹੈ। ਇਹ ਪਿੰਡਾਂ ਦੀ ਰਹਿਣੀ ਬਹਿਣੀ ਦਾ ਅਜਿਹਾ ਹਿੱਸਾ ਹੈ ਜਿਸ ਵਿੱਚ ਪਿੰਡ ਦੇ ਬੁੱਢੇ, ਜਵਾਨ, ਬੱਚੇ ਪਿੱਪਲ ਜਾਂ ਬੋਹੜਾਂ ਹੇਠ ਬੈਠ ਕੇ ਪਿੰਡ ਨਾਲ ਸੰਬੰਧਿਤ ਮਸਲਿਆ ਸੰਬੰਧੀ ਚਰਚਾ ਕਰਦੇ ਹਨ ਇਸ ਸੰਬੰਧੀ ਸਵਰਾਜਬੀਰ ਲਿਖਦੇ ਹਨ :-

ਸੱਥ ਪੰਜਾਬ ਦੇ ਪਿੰਡਾਂ ਦੀ ਰਹਿਤਲ ਦਾ ਹਿੱਸਾ ਹੈ। ਸਮਾਜ ਵਿਗਿਆਨ ਦੀ ਦ੍ਰਿਸ਼ਟੀ ਤੋਂ ਇਹ ਪੁਰਾਤਨ ਸੰਸਥਾ ਹੈ। ਏਥੇ ਮੁੱਦੇ ਠੇਰੇ, ਅਧਖੜ ਅਤੇ ਜਵਾਨ ਸਾਰੇ ਰਲ ਮਿਲ ਕੇ ਮਹਿਫ਼ਲ ਲਾਉਂਦੇ ਹਨ, ਪਰ ਏਥੇ ਜਿਆਦਾ ਦੇਰ ਬਹਿਣਾ ਬਜ਼ੁਰਗ ਦੇ ਹਿੱਸੇ ਆਇਆ ਹੈ। ਇਨ੍ਹਾਂ ਬਜ਼ੁਰਗਾਂ ਦਾ ਵਰਤਾਓ ਬਹੁਪਰਤੀ ਹੁੰਦਾ ਹੈ। ਉਹਨਾਂ ਕੋਲ ਇੱਕ ਪਾਸੇ ਜਿੰਦਗੀ ਨੂੰ ਜੀਅ ਹੰਢਾ ਕੇ ਮਿਲੀ ਸਿਆਣਪ ਤੇ ਦਾਨਾਈ ਹੁੰਦੀ ਹੈ ਤੇ ਦੂਜੇ ਪਾਸੇ ਆਪਣੇ ਵਾਰਿਸਾਂ ਦੀ ਬਣ ਰਹੀ ਨਵੀਂ-ਦੁਨੀਆਂ ਵਿੱਚ ਅਰਥਹੀਣ ਹੁੰਦੇ ਜਾਣ ਦਾ ਸਨਕੀਪੁਣਾ ਵੀ।"

ਸੋ ਸੱਥ ਪੰਜਾਬੀ ਸਭਿਆਚਾਰ ਦਾ ਅਜਿਹਾ ਸਥਾਨ ਹੈ ਜਿਥੇ ਬੰਦਿਆਂ ਦੁਆਰਾ ਹਰੇਕ ਘਟਨਾ ਦਾ ਪ੍ਰਗਟਾਵਾ ਲੋਕਾਂ ਦੁਆਰਾ ਕੀਤਾ ਜਾਂਦਾ ਹੈ। ਏਥੇ ਪਿੰਡ ਦੇ ਹਰ ਵਰਗ ਦੇ ਲੋਕ ਇਕੱਤਰ ਹੋ ਕੇ ਘਟਨਾ ਪ੍ਰਤੀ ਆਪਣਾ ਪ੍ਰਤੀਕਰਮ ਦਰਸਾਉਂਦੇ ਹਨ ਇਸ ਸੱਥ ਵਿੱਚ ਔਰਤਾਂ ਨੂੰ ਜਾਣ ਦੀ ਮਨਾਈ ਹੁੰਦੀ ਸੀ ਭਾਵ ਉਹਨਾਂ ਦਾ ਸੱਥ ਵਰਗੇ ਸਥਾਨ ਵਿੱਚ ਜਾਣਾ ਵਿਵਰਜਿਤ ਮੰਨਿਆ ਗਿਆ ਹੈ। ਪਰ ਸਵਰਾਜਬੀਰ ਦੇ ਨਾਟਕ ਵਿੱਚ ਪੇਸ਼ ਹੋਈ ਸੱਥ ਪਰੰਪਰਾਗਤ ਵਿਚਾਰਾਂ ਨੂੰ ਤੋੜਦੀ ਹੈ ਤੇ ਉਸਦੇ ਨਾਟਕ ਵਿੱਚ ਔਰਤਾਂ ਸੱਥ ਵਿੱਚ ਸ਼ਾਮਿਲ ਹੁੰਦੀਆਂ ਹਨ। ਭਾਵੇਂ ਅਜਿਹਾ ਕਰਨ ਪਿੱਛੇ ਨਾਟਕੀ ਲੋੜਾਂ ਨੂੰ ਕਾਰਕ ਦੱਸਿਆ ਹੈ। ਏਥੇ ਔਰਤ ਦਾ ਸੱਥ ਵਰਗੇ ਸਮੂਹਕ ਕਾਰਜ ਵਿੱਚ ਭਾਗ ਲੈਣਾ ਸਮਾਜ ਵਿੱਚ ਮਰਦਾਂ ਦੇ ਬਰਾਬਰ ਖੜੇ ਹੋਣ ਦਾ ਸੂਚਕ ਹੈ। ਇਸ ਸੰਬੰਧੀ ਸਵਰਾਜਬੀਰ ਦਾ ਵਿਚਾਰ ਹੈ :

ਨਾਟਕ ਵਿੱਚ ਪੇਸ਼ ਹੋਈ ਸੱਥ ਪਿੰਡਾਂ ਦੀ ਸੱਥ ਤੋਂ ਕੁਝ ਵਖਰੀ ਹੈ ਇਸ ਵਿੱਚ ਕੁਝ ਔਰਤਾਂ ਨੂੰ ਵੀ ਥਾਂ ਦਿੱਤੀ ਗਈ ਹੈ। ਇਸਦਾ ਪਹਿਲਾ ਕਾਰਨ ਨਾਟਕ ਦੇ ਨਾਟਕੀ ਮੰਤਵਾਂ ਨੂੰ ਪੂਰਾ ਕਰਨਾ ਹੈ ਜਿਵੇਂ ਲੋਰੀਆਂ ਗਾਉਣਾ, ਬੱਚੇ ਦੇ ਬੋਲਾਂ ਨੂੰ ਆਵਾਜ ਦੇਣਾ, ਤੀਵੀਆਂ ਵਾਲੇ ਸੰਵਾਦ ਬੋਲਣਾ ਜਲੂਸ ਅਤੇ ਹੋਰ ਇਕੱਠਾਂ ਵਾਲੇ ਦ੍ਰਿਸ਼ਾਂ ਵਿੱਚ ਤੀਵੀਆਂ ਦਾ ਰੋਲ ਕਰਨਾ ਆਦਿ। ਪਰ ਇਸ ਦਾ ਦੂਸਰਾ ਤੇ ਵੱਡਾ ਮੰਤਵ ਮਨੁੱਖੀ ਰਹਿਤਲ ਨੂੰ ਸੰਪੂਰਨ ਕਰਨਾ ਹੈ ਜਿਸ ਵਿੱਚ ਮਰਦ ਅਤ ਤੀਵੀਆਂ ਬਰਾਬਰ ਦੇ ਹਿੱਸੇਦਾਰ ਹਨ। ਕਾਇਨਾਤ ਦੇ ਪੂਰੇ ਰੰਗ ਦੋਹਾਂ ਦੇ ਮਿਲਣ ਤੋਂ ਹੀ ਬਣਦੇ ਹਨ।(2)

ਸੋ ਨਾਟਕਕਾਰ ਨੇ ਸਮਾਜ ਵਿੱਚ ਔਰਤ ਦੀ ਮਰਦਾਂ ਦੇ ਬਰਾਬਰ ਹੋਣ ਦੀ ਸਥਿਤੀ ਨੂੰ ਬਿਆਨ ਕਰਨ ਦੇ ਨਾਲ-ਨਾਲ ਆਧੁਨਿਕ ਯੁੱਗ ਵਿੱਚ ਔਰਤ ਦੀ ਅਣਖ ਨੂੰ ਨਵੇਂ ਸੰਦਰਭ ਵਿਚ ਪੇਸ਼ ਕੀਤਾ ਹੈ। ਔਰਤਾਂ ਤੇ ਮਰਦਾਂ ਦਾ ਇੱਕਠੇ ਹੋ ਕੇ ਹੱਥਾਂ ਵਿਚ ਲਾਲਟੈਨ ਫੜ੍ਹਕੇ, ਗੁਆਚੀ ਹੋਈ ਚੀਜ ਨੂੰ ਲਭਣਾ ਅਤੇ ਔਰਤ ਦੇ ਮੂੰਹੋਂ ਮੇਦਨੀ ਭਾਵ ਧਰਤੀ ਦੇ ਰੂਪ ਵਿੱਚ ਕੁੜੀ ਦੀ ਹੋਂਦ ਬਾਰੇ ਦਸਣਾ, ਸਥ ਦਾ ਹੀ ਸਰੂਪ ਹੈ।

ਨਾਟਕਕਾਰ ਨੇ ਔਰਤ ਦੀ ਅਣਹੋਣੀ ਤੋਂ ਹੋਣੀ ਦੇ ਭਾਵ ਹੀ ਪ੍ਰਗਟ ਕੀਤੇ ਹਨ। ਅਜੋਕੇ ਸਮੇਂ ਵਿੱਚ ਵਿਚਰਦੀ ਹੋਈ ਔਰਤ ਬੰਧਨਾਂ ਵਿਚ ਜਕੜੇ ਹੋ ਕੇ ਨਹੀਂ ਰਹਿ ਸਕਦੀ। ਉਹ ਆਪਣੇ ਅਸਤਿਤਵ ਨੂੰ ਸਮਾਜ ਵਿੱਚ ਪੁਨਰ ਜਨਮ ਲੈ ਕੇ ਵੀ ਸਥਾਪਤ ਕਰਨ ਦੀ ਸ਼ਕਤੀ ਰਖਦੀ ਹੈ। ਇਸ ਤਰ੍ਹਾਂ ਉਹ ਸਥਾਪਤ ਕਦਰਾਂ-ਕੀਮਤਾਂ ਦਾ ਵਿਸਥਾਪਨ ਕਰਦੀ ਹੈ।ਜਦੋਂ ਨਾਟਕ ਵਿੱਚ ਸੁਰਜੀਤ ਕੌਰ ਆਪਣੀ ਧੀ ਨੂੰ ਪਿਆਰ ਕਰਨ ਤੋਂ ਰੋਕਣ ਵਿਚ ਅਸਫਲ ਰਹਿੰਦੀ ਹੈ ਤਾਂ ਉਹ ਸਮਾਜ ਸਭਿਆਚਾਰਕ ਪ੍ਰਬੰਧ ਅਨੁਸਾਰ ਅਣਵਿਆਹੀ ਕੁੜੀ ਦੇ ਮਾਂ ਬਨਣ ਤੇ ਆਪਣੀ ਸਾਨ ਤੇ ਇਜਤ ਨੂੰ ਬਚਾਉਣ ਲਈ ਪਹਿਲਾਂ ਮਨਦੀਪ ਦਾ ਗਰਭਪਾਤ ਕਰਾਉਂਦੀ ਹੈ ਤੇ ਉਸਦਾ ਵਿਆਹ ਕਨੇਡਾ ਕਰਨਾ ਚਾਹੁੰਦੀ ਹੈ ਪਰ ਮਨਦੀਪ ਦੇ ਨਾਂ ਮੰਨਣ ਤੇ, ਪਾਰਟੀ ਵਿੱਚ ਹੁੰਦੀ ਬਦਨਾਮੀ ਤੋਂ ਬਚਣ ਲਈ ਉਹ ਅਮੋਲਕ ਸਿੰਘ ਤੇ ਸੁਰਜਨ ਸਿੰਘ ਦੁਆਰਾ ਦਿੱਤੇ ਸੁਝਾਅ ਅਨੁਸਾਰ ਬੁੜੀ ਚਲਾਕੀ ਤੇ ਹੁਸ਼ਿਆਰੀ ਨਾਲ ਉਸ ਦਾ ਕਤਲ ਕਰਵਾ ਦਿੰਦੀ ਹੈ ਤੇ ਦੇਖਣ ਨੂੰ ਖੁਦਕੁਸ਼ੀ ਨਜ਼ਰ ਆਉਂਦੀ ਹੈ। ਉਸਦਾ ਆਪਣੇ ਸਵਾਰਥ ਲਈ ਧੀ ਨੂੰ ਮਰਵਾਉਣ ਅਣਹੋਣੀ ਹੈ ਮਾਰਨ ਤੋਂ ਬਾਅਦ ਦੇਹ ਦਾ ਸੰਸਕਾਰ ਸਿਵਿਆ ਵਿੱਚ ਕੀਤਾ ਜਾਂਦਾ ਹੈ ਪਰੰਤੂ ਅਚਨਚੇਤ ਮੌਤ, ਅਨਿਆਈ ਮੌਤ ਵਿਅਕਤੀ ਦੇ ਚਰਿੱਤਰ ਨੂੰ ਪ੍ਰਗਟਾਉਂਦੀ ਹੈ ਜਿਸ ਨਾਲ ਸਮਾਜ ਵਿੱਚ ਇਸ ਸੰਬੰਧੀ ਕਈ ਕਥਾਵਾਂ ਚਲਦੀਆਂ ਹਨ। ਮਨਦੀਪ ਦੀ ਮੌਤ ਤੇ ਭਾਵੇਂ ਸਾਰੇ ਚੁੱਪ ਸਨ ਪਰ ਨਾਟਕਕਾਰ ਤੇ ਸੂਤਰਧਾਰ ਦੁਆਰਾ ਉਸਦੇ ਅਧੂਰੇ ਜੀਵਨ ਬਾਰੇ ਪੁਣਛਾਣ ਕਰਨੀ ਜਰੂਰੀ ਹੁੰਦੀ ਹੈ, ਉਹ ਸਿਰਿਆ ਵਿਚ ਜਾ ਕੇ ਲਾਸ਼ ਨੂੰ ਮੁੜ ਜਿੰਦਾ ਕਰਕੇ ਉਸਤੋਂ ਸੱਚ ਜਾਨਣ ਦੀ ਇੱਛਾ ਰੱਖਦੇ ਹਨ। ਇਸ ਤਰ੍ਹਾਂ ਲਾਸ਼ ਦੇ ਰੂਪ ਵਿਚ ਬੋਲਣਾ ਪਰੰਪਰਾ ਦੇ ਵਿਰੁੱਧ ਹੋਣੀ ਦਾ ਪ੍ਰਤੀਕ ਹੈ ਪਰ ਅੱਜ ਦੀ ਸਮਾਜ ਵਿੱਚ ਹੁਣ ਔਰਤ ਦੀ ਦਬੀ ਕੁਚਲੀ ਸਥਿਤੀ ਨਹੀਂ ਰਹੀ ਉਹ ਆਪਣੀ ਮਰੀ ਹੋਂਦ ਨੂੰ ਮੁੜ ਸੁਰਜੀਤ ਕਰਕੇ ਆਪਣੀ ਆਵਾਜ ਲੋਕਾਂ ਤੱਕ ਪਹੁੰਚਾਉਣ ਦੀ ਇਛਾ ਰਖਦੀ ਹੈ। ਔਰਤ ਦਾ ਕਬਰ ਵਿੱਚ ਬਾਹਰ ਆ ਕੇ ਆਪਣੀ ਪਛਾਣ ਬਨਾਉਣ ਸੰਬੰਧੀ ਲਿਖਿਆ ਹਨ :

ਨਾਟਕਕਾਰ :

ਲਾਗ :

ਵੇਦਨ ਖੋਲ ਸੁਣਾ ਧੀਏ.....

ਬਾਹਰ ਕਥਾ 'ਚੋਂ ਆ ਨਹੀਂ ਸਕਦੀ, ਆਪਣਾ ਦੁਖ ਸੁਣਾ ਨਹੀਂ ਸਕਦੀ। ਜੋ ਸੁਣਿਆ ਲੋਕ ਲੋਕਾਈ ਉਸ ਕਥਾ ਦੀ ਕੜੀ ਆ ਮੈਂ।

ਨਾਟਕਕਾਰ ਇਹ ਦੱਸਣਾ ਚਾਹੁੰਦਾ ਹੈ ਵਰਤਮਾਨ ਔਰਤ ਦੀ ਇਹ ਤ੍ਰਾਸਦੀ ਹੈ ਕਿ ਉਹ ਸਮਾਜ ਤੋਂ ਆਪਣਾ ਦੁਖ ਲਕਾਉਂਦੀ ਹੈ ਪਰ ਕਬਰ ਚ ਬਾਹਰ ਆ ਕੇ ਉਸ ਦੁਆਰਾ ਸੁਣਾਈ ਗਈ ਵੇਦਨਾ ਸਥਿਤੀ ਅਣਹੋਣੀ ਹੀ ਹੈ।

ਜਿਥੇ ਔਰਤ ਦਾ ਕਬਰ ਚੋਂ ਬਾਹਰ ਆਉਣਾ, ਜਾਂ ਇਤਿਹਾਸ ਵਿੱਚੋਂ ਔਰਤ ਦਾ ਦੁਬਾਰਾ ਜਨਮ ਲੈਣਾ ਸਮੁੱਚੇ ਇਤਿਹਾਸ ਨੂੰ ਹੀ ਬਦਲਣਾ ਹੈ ਤੇ ਨਾਲ ਹੀ ਉਥੇ ਵਰਤਮਾਨ ਵਿੱਚ ਔਰਤ ਦੀ ਨਿਵੇਕਲੀ ਹੋਂਦ ਤੇ ਪਛਾਣ ਵੀ ਬਨਾਉਣਾ ਹੈ। ਇਸ ਸੰਬੰਧੀ ਗੁਰਇਕਬਾਲ ਸਿੰਘ ਦਾ ਵਿਚਾਰ ਹੈ;

ਮਨਦੀਪ ਦਾ ਮੜੀ ਵਿੱਚੋਂ, ਕਥਾ ਵਿੱਚੋਂ ਬਾਹਰ ਆਉਣਾ ਸਥਾਪਿਤ ਅਤੇ ਵਿਸਥਾਪਤ ਪਰੰਪਰਾ ਤੋਂ ਵਿਦਰੋਹ ਦਾ ਸੂਚਕ ਹੈ ਸਮਕਾਲੀ ਸਮਾਜ ਵਿੱਚ ਔਰਤ ਹੁਣ ਬੰਧਨ ਯੁਕਤ ਮੜ੍ਹੀ ਜਾਂ ਕਬਰ ਨਹੀਂ ਹੈ ਤੇ ਨਾ ਹੀ ਉਸ ਰੂਪ ਵਿੱਚ ਦੁਹਰਾਉਂ ਕੀਤੇ ਜਾਣ ਸਕਣ ਵਾਲੀ ਇਛਾ ਰਹਿਤ ਕਥਾ ਹੈ। ਭਾਵ ਉਹ ਹੁਣ ਅਨਯ

ਨਹੀਂ ਵਿਅਕਤੀ ਸੁਤੰਤਰਤਾ ਦਾ ਪ੍ਰਤੀਕ ਹੈ। ਸੋ ਔਰਤ ਦਾ ਪੁਨਰ ਸਥਾਪਤ ਹੋਣਾ ਸਥਾਪਤ ਮਰਯਾਦਾਵਾਂ ਨੂੰ ਭੋਗ ਕਰਨਾ ਅਣਹੋਣੀ ਤੋਂ ਹੋਣੀ ਬਨਣਾ ਦੇ ਨਾਲ-ਨਾਲ ਸਮਕਾਲੀ ਦੌਰ ਵਿੱਚ ਆਪਣੀ ਪਛਾਣ ਬਨਾਉਣਾ ਹੈ।

ਪਿਤਾ-ਪੁਰਖੀ ਸਮਾਜ ਵਿੱਚ ਭਾਵੇਂ ਔਰਤ ਦਾ ਸਥਾਨ ਗੌਣ ਹੀ ਰਿਹਾ ਹੈ। ਭਾਵੇਂ ਸਮਾਜ ਵਲੋਂ ਮਾਤ-ਪ੍ਰਧਾਨ ਸਮਾਜ ਨੂੰ ਸਹਿਮਤੀ ਨਹੀਂ ਮਿਲੀ ਪਰ ਫਿਰ ਵੀ ਮਾਂ ਰੂਪ ਵਿੱਚ ਔਰਤ ਨੂੰ ਵਡਿਆਈ ਅਤੇ ਸਨਮਾਨ ਜਰੂਰ ਮਿਲਿਆ ਹੈ। ਇਸ ਸੰਬੰਧੀ ਸਵਰਾਜਬੀਰ ਦਾ ਵਿਚਾਰ ਹੈ :

ਮਾਂ ਰੂਪ ਨੂੰ ਜਿਆਦਾ ਵਡਿਆਉਣਾ ਤੇ ਸਨਮਾਨ ਦੇਣਾ ਮਰਦ ਪ੍ਰਧਾਨ ਸਮਾਜ ਦੁਆਰਾ ਉਸ ਔਰਤ ਦੇ ਉਸ ਪਾਸੇ ਨੂੰ ਸਵੀਕਾਰ ਕਰਨ ਦਾ ਤਰੀਕਾ ਹੈ ਜੋ ਪੁਜਦੀ ਹੱਦ ਤੱਕ ਜਾਂਦਾ ਹੈ। ਇਸ ਵਿਚ ਉਸਦਾ ਮਮਤਾ ਵਾਲਾ ਸਰੂਪ ਇਸ ਤਰ੍ਹਾਂ ਸਵੀਕਾਰ ਕੀਤਾ ਜਾਂਦਾ ਹੈ ਕਿ ਇਹ ਉਸਦੇ ਪੂਰੇ ਤ੍ਰੀਮਤਪਨ ਵਾਲੇ ਰੂਪ ਭਾਵ ਜਿਸ ਵਿੱਚ ਤਨ, ਮਨ ਅਤੇ ਰੂਹ ਦਾ ਸਾਰੀਆਂ ਖਾਹਿਸ਼ਾਂ ਅਤੇ ਸ਼ਕਤੀਆਂ ਸਮਾਜਕ, ਆਰਥਿਕ ਮਾਨਸਿਕ ਗੱਲ ਦੀ ਪੂਰੇ ਮਾਨਵੀ ਰੂਪ ਵਿੱਚ ਪ੍ਰਗਟ ਹੋ ਸਕਦੀਆਂ ਹਨ, ਦਾ ਪ੍ਰਤਿਵਾਦ ਬਣ ਜਾਂਦਾ ਹੈ।23

ਪਰ ਮੇਦਨੀ ਨਾਟਕ ਵਿਚ ਔਰਤ ਦੇ ਮਮਤਾਮਈ ਸਰੂਪ ਨੂੰ ਵਿਦਰੋਹ ਵਿੱਚ ਪ੍ਰਗਟਾਇਆ ਹੈ। ਹੁਣ ਮਾਂ ਧੀ ਦਾ ਰਿਸ਼ਤਾ ਮਮਤਾ, ਪਵਿੱਤਰਤਾ ਵਡਿਆਈ ਤੇ ਸਮਾਜ ਵਿੱਚ ਸਨਮਾਨ ਵਾਲਾ ਨਹੀਂ ਰਿਹਾ ਕਿਤੇ-ਕਿਤੇ ਇਸ ਵਿੱਚ ਦਰਾੜ ਪੈ ਗਈ ਨਜ਼ਰ ਆਉਂਦੀ ਹੈ। ਨਾਟਕ ਵਿਚ ਸੁਰਜੀਤ ਕੌਰ ਸੰਤ ਨਿਰੰਜਨ ਸਿੰਘ ਅਤੇ ਅਮੋਲਕ ਸਿੰਘ ਵਰਗੇ ਸੱਜਣਾ ਨਾਲ ਸੰਬੰਧ ਰਖਕੇ ਆਪਣੇ ਪਤੀ-ਪਤਨੀ ਦੇ ਰਿਸ਼ਤੇ ਵਿਚ ਗਿਰਾਵਟ ਲਿਆਉਣ ਦੇ ਨਾਲ ਧੀ ਦੇ ਰਿਸ਼ਤੇ ਨੂੰ ਵੀ ਤੋੜਦੀ ਹੈ। ਉਚੇ ਅਹੁਦੇ ਤੇ ਪਹੁੰਚੀ ਹੋਈ ਸੁਰਜੀਤ ਆਪਣੀ ਮਾਣ ਸ਼ਾਨ ਤੇ ਹੰਕਾਰ ਨੂੰ ਬਰਕਰਾਰ ਰੱਖਣ ਲਈ ਸਮਾਜ ਦੀਆਂ ਕਦਰਾਂ-ਕੀਮਤਾਂ ਦੀ ਨੁਮਾਇੰਦਗੀ ਕਰਦੀ ਹੈ ਕਿਉਂਕਿ ਧੀ ਦਾ ਗਰੀਬ ਹਰਮੀਤ ਨੂੰ ਪਿਆਰ ਕਰਨਾ ਉਸ ਦੀ ਨਜ਼ਰ ਵਿੱਚ ਸਥਾਪਿਤ ਮਰਯਾਦਾ ਦੀ ਉਲੰਘਣਾ ਕਰਨਾ ਹੈ ਪਰ ਧੀ ਵਲੋਂ ਆਪਣੇ ਪਿਆਰ ਨੂੰ ਪਾਉਣ ਲਈ ਕਈਆਂ ਵਿਰੁੱਧ ਕੀਤਾ ਵਿਦਰੋਹ ਉਸਨੂੰ ਪ੍ਰਵਾਨ ਨਹੀਂ। ਭਾਵੇਂ ਕੋਈ ਵੀ ਸਮਾਜ ਕਿਸੇ ਕੁਆਰੀ ਧੀ ਦਾ ਮਾਂ ਬੰਨਣਾ ਸਵੀਕਾਰ ਨਹੀਂ ਕਰਦਾ ਤਾਂ ਉਦੋਂ ਮਾਂ ਦੀ ਮਮਤਾ ਦਾ ਵਿਦਰੋਹ ਵੀ ਜਾਗਰਿਤ ਹੁੰਦਾ ਹੈ ਤੇ ਉਹ ਪਿੰਡ ਵਿਚ ਹੁੰਦੀ ਬਦਨਾਮੀ ਤੋਂ ਬਚਣ ਲਈ ਤੇ ਖਾਸ ਕਰਕੇ ਅਸੈਂਬਲੀ ਦੀਆਂ ਚੋਣਾ ਵਿੱਚ ਪਾਰਟੀ ਨੂੰ ਧੱਕਾ ਲੱਗਣ ਦਾ ਡਰ ਵਿਅਕਤ ਕਰਦੀ ਹੋਈ ਕਹਿੰਦੀ ਹੈ;

**ਸੁਰਜੀਤ ਕੌਰ** : ਕੀ ਨਹੀਂ ਕੀਤਾ ਤੂੰ ਖੇਹ ਪਵਾਈ ਐ ਮੇਰੇ ਸਿਰ ਚ ਸਾਰਾ ਇਲਾਕਾ ਇਹ ਬੂਹ ਕਰਨ ਡਿਹਾ ਏ....। ਜੇ ਗਲ ਖਿਲਰ ਗਈ ਤਾਂ ਸਾਂਭੀ ਨਹੀਂ ਜਾਣੀ।

**ਸੁਰਜੀਤ ਕੌਰ** : ਬਦਨਾਮੀ ਤੇ ਮੇਰੀ ਹੋਣ ਡਈ ਏ ਨਾ, ਅੱਜ ਸਵੇਰੇ-ਸਵੇਰੇ ਅਮੋਲਕ ਸਿੰਘ ਆਏ ਸਨ, ਕਹਿੰਦੇ ਸੁਰਜੀਤ ਕੌਰੇ ਜਮਾਨਾ ਬੁਰਾ ਏ ਵਾ ਦਾ ਰੁਖ ਦੇਖ, ਇਲੈਕਸ਼ਨ ਆਉਣ ਵਾਲੇ ਨੇ।*

ਸੁਰਜੀਤ ਕੌਰ ਆਪਣੇ ਰੁੱਤਬੇ ਤੇ ਇੱਜਤ ਨੂੰ ਬਚਾਉਣ ਲਈ ਰਿਸ਼ਤਿਆਂ ਦਾ ਮੋਹ ਤਿਆਗ ਦਿੰਦੀ ਹੈ ਤੇ ਧੀ ਨੂੰ ਮਾਰਨ ਲਈ ਪਹਿਲਾ ਡਰਦੀ ਹੈ ਪਰ ਛੇਤੀ ਹੀ ਆਪਣੇ ਵਿਚਾਰ ਬਦਲ ਧੀ ਦਾ ਕਤਲ ਕਰਵਾਉਂਦੀ ਹੈ। ਉਹ ਸੋਚਦੀ ਹੈ; ਇਹ ਕੀ ਕਰਨ ਲਗੀਆਂ ਮੈਂ ਉਹ ਮੇਰੀ ਧੀ ਐ... ਧੀ ਮੇਰੇ ਲਹੂ ਮਾਸ ਦਾ ਟੁਕੜਾ, ਖੇਹ ਪਵਾਈ ਉਹਨੇ ਮੇਰੇ ਸਿਰ ਵਿੱਚ, ਵੱਟਾ ਲਾਇਆ ਮੇਰੇ ਨਾ ਨੂੰ । ਦੋਸ਼ੀ ਨੂੰ ਡੰਨ ਦੇਣਾ ਈ ਪੈਂਦਾ ਏ। ਰਿਸ਼ਤਿਆਂਨਾਤਿਆ ਦਾ ਮੋਹ ਛੱਡਣਾ ਈ ਪੈਂਦਾ ਏ... ਇਹਦਾ ਖਾਤਮਾ ਕਰਨਾ ਦੀ ਪੈਣਾ... ਬਲ ਦਾ ਆਸਰਾ ਲੈਣਾ ਈ ਪੈਣਾ।2"

ਸੁਰਜੀਤ ਕੌਰ ਆਪਣੀ ਮਾਣ ਮਰਯਾਦਾ ਦੀ ਖਾਤਿਰ ਉਹ ਕੁਝ ਕਰ ਜਾਂਦੀ ਹੈ ਭਾਵ (ਧੀ ਦਾ ਕਤਲ) ਜਿਸ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ ਨਾਟਕ ਦੀ ਇਸ ਦੁਖਾਂਤਮਈ ਸਥਿਤੀ ਵਿਚਲੀ ਅਵਸਥਾ ਨੂੰ ਨਾਟਕਕਾਰ ਲਿਖਦਾ ਨਾਟਕ ਮੇਦਨੀ ਇਕ ਕੁੜੀ ਦੀ ਕਹਾਣੀ ਹੈ ਜਿਸ ਦੀਆਂ ਖਾਹਿਸ਼ਾਂ ਤੇ ਇਛਾਵਾਂ ਦਾ ਦਮਨ ਕੀਤਾ ਜਾਂਦਾ ਹੈ। ਤ੍ਰਾਸਦੀ ਇਹ ਹੈ ਕਿ ਦਮਨ ਕਰਨ ਵਾਲੀ ਉਸਦੀ ਮਾਂ ਹੈ। ਉਹ (ਮਾਂ) ਮਰਦ ਪ੍ਰਧਾਨ ਸਮਾਜ ਦੀਆਂ ਕੀਮਤਾਂ ਨੂੰ ਸਵੀਕਾਰ ਕਰਦੀ ਹੈ ਤੇ ਉਹਨਾਂ ਦੁਆਰਾ ਸਵੀਕਾਰਿਆ ਜਾਂਦਾ ਰੂਪ ਵੀ ਹੈ ਇਹ ਮਾਂ ਰੂਪ ਉਹਨਾਂ ਕਦਰਾਂ-ਕੀਮਤਾਂ (ਜਿਨ੍ਹਾਂ ਵਿੱਚ ਤਾਕਤ ਅਤੇ ਸੱਭਾ ਸਮਾਜ, ਧਰਮ ਅਤੇ ਆਰਥਿਕਤਾ ਨਾਲ ਬੱਤੀਆਂ ਹੋਈਆਂ ਹਨ), ਨੂੰ ਆਪਣੇ ਆਪ ਤੇ ਲਾਗੂ ਕਰਦੀ ਹੈ, ਪਰ ਨਾਲ-ਨਾਲ ਇਹਨਾਂ ਕਦਰਾਂ-ਕੀਮਤਾਂ ਨੂੰ ਆਪਣੇ ਧੀ ਉਪਰ ਵੀ ਠੋਸਦੀ ਹੈ। ਏਹੀ ਔਰਤ ਦੀ ਸਥਿਤੀ ਵਿਚਲਾ ਵਿਰੋਧਾਭਾਸ ਹੈ

ਤੇ ਏਹੀ ਇਸ ਨਾਟਕ ਵਿਚਲਾ ਵਿਰੋਧਾਭਾਸ ਵੀ।

ਸੁਰਜੀਤ ਕੌਰ ਦੀ ਜ਼ਿੰਦਗੀ ਵਿੱਚ ਮਨੁੱਖੀ ਰਿਸ਼ਤਿਆਂ ਦੀ ਕੋਈ ਸਾਂਝ ਨਹੀਂ ਉਹ ਆਪਣੀ ਹੀ ਹਓਮੇਂ ਦੀ ਸਥਿਤੀ ਵਿੱਚ ਗ੍ਰਸਥ ਹੋ ਕੇ ਮਾਂ ਰੂਪੀ ਮਮਤਾ ਦਾ ਗਲਾ ਘੋਟਦੀ ਹੈ।

ਅਸਲ ਵਿਚ ਇਨਸਾਨੀਅਤ ਦੇ ਨਾਤੇ ਧੀਆਂ ਦਾ ਕਤਲ ਔਰਤ ਦੀ ਹਸਤੀ ਨੂੰ ਮਿਟਾਉਣਾ ਹੈ, ਉਸ ਦੀਆਂ ਉਮੰਗਾਂ ਤੇ ਖਾਹਸ਼ਾਂ ਨੂੰ ਜਾਤ-ਪਾਤ ਦੀ ਕੌੜੀ ਸੋਚ ਵਿਚ ਨਾਪਣਾ ਹੈ। ਇਸ ਸੰਬੰਧੀ ਜਗਜੀਤ ਸਿੰਘ ਆਨੰਦ ਲਿਖਦੇ ਹਨ :

ਮੇਦਨੀ ਨੇ ਮਸਲਾ ਬੜਾ ਤਿੱਖਾ ਉਠਾਇਆ ਹੈ ਜਿਸਦਾ ਦੂਰ ਪਿਛੇ ਤੋਂ ਲੈ ਕੇ ਅੱਜ ਦੀ ਹਰ ਨਵੀਂ ਸਵੇਰ ਨੂੰ ਸਾਹਮਣਾ ਕਰਨਾ ਪੈਂਦਾ ਹੈ। ਧੀਆਂ-ਧਿਆਣੀਆਂ ਦੀਆਂ ਸੱਧਰਾਂ ਕੁਚਲਣ, ਉਹਨਾਂ ਦੀਆਂ ਮੰਗਾਂ ਉਮੰਗਾਂ ਨੂੰ ਜਾਤਾਂ ਗੋਤਾਂ ਦੀ ਸੌੜੀ ਸੋਚ ਹੇਠ ਮਧੋਲਣ, ਧਰਮ ਦੇ ਪਲੰਘ ਉੱਤੇ ਆਸ਼ਣ ਵਿਛਾ ਕੇ ਹਾਸਿਲ ਕੀਤੀ ਝੂਠੀ ਅਹਿਮ ਨੂੰ ਕਾਇਮ ਰੱਖਣ ਖਾਤਿਰ ਜਿਗਰ ਦੇ ਟੁਕੜੇ ਨੂੰ ਆਤਮਘਾਤ ਦੇ ਰਾਹ ਤੇ ਪਾਉਣ ਵਰਗਾ ਕਿੰਨ੍ਹਾ ਕੁਝ ਆਲੇ-ਦੁਆਲੇ ਵਾਪਰ ਰਿਹਾ ਹੈ ਜਿਸਦੀ ਮੇਰਨੀ ਘੁੰਡ ਚੁਕਾਈ ਹੈ।"

ਇਸ ਤਰ੍ਹਾਂ ਨਾਟਕ ਵਿੱਚ ਪੇਸ਼ ਹੋਏ ਇਹ ਨਾਰੀ ਸੰਬੰਧੀ ਕੁਝ ਆਧਾਰ ਹਨ ਜਿੰਨ੍ਹਾਂ ਵਿੱਚ ਨਾਰੀ ਦੀ ਅਗੰਮੀ ਸੋਚ ਰਾਜਨੀਤੀ 'ਚ ਭਾਗ ਲੈਣਾ, ਸੰਥ ਵਰਗੀ ਸੰਸਥਾ ਵਿੱਚ ਬਰਾਬਰੀ ਦਾ ਦਰਜਾ ਰਖਣਾ, ਔਰਤ ਰੂਪ ਨੂੰ ਮਰਦ ਚ ਰੁਪਾਂਤ੍ਰਿਤ ਕਰਨਾ, ਖਮਤਾਮਈ ਦੁਖਾਂਤ, ਹੋਣੀ-ਅਣਹੋਣੀ ਦੇ ਪਹਿਲੂ, ਔਰਤ ਦਾ ਔਰਤ ਦੇ ਸ਼ੋਸ਼ਣ ਆਦਿ ਪਹਿਲੂ ਪੇਸ਼ ਹੋਏ ਹਨ ਜੋ ਸਮਕਾਲੀ ਸਮਾਜ ਦੀ ਪੇਸ਼ਕਾਰੀ ਕਰਦੇ ਹਨ।

ਹਵਾਲੇ ਅਤੇ ਟਿੱਪਣੀਆਂ

1. ਸਮਦਰਸ਼ੀ, ਦਲਿਤ ਚੇਤਨਾ ਵਿਸ਼ੇਸ਼ ਅੰਕ, ਪੰਨਾ 93.

2. ਸਤੀਸ਼ ਕੁਮਾਰ ਵਰਮਾ, ਪੰਜਾਬੀ ਨਾਟਕ ਦਾ ਇਤਿਹਾਸ, ਪੰਨਾ 176.

3. ਸਤੀਸ਼ ਕੁਮਾਰ ਵਰਮਾ, ਪੰਜਾਬੀ ਨਾਟਕ ਸਾਹਿਤ ਦਾ ਇਤਿਹਾਸ, ਪੰਨਾ 175.

4. ਮਿਥ ਤੇ ਵਰਤਮਾਨ, ਪੰਨਾ 36

5. ਮੇਦਨੀ, ਪੰਨਾ 18.

6. ਉਹੀ, ਪੰਨਾ 27.

7. ਉਹੀ, ਪੰਨਾ 10.

8. ਉਹੀ, ਪੰਨਾ 35.

9. ਉਹੀ, ਪੰਨਾ 32.

10. ਉਹੀ, ਪੰਨਾ 36.

11. ਉਹੀ, ਪੰਨਾ 12.

12. ਉਹੀ, ਪੰਨਾ 27.

13. ਉਹੀ, ਪੰਨਾ 36.

14. ਉਹੀ, ਪੰਨਾ 42.

15. ਉਹੀ, ਪੰਨਾ 87.

16. ਉਹੀ, ਪੰਨਾ 37.

17. ਉਹੀ, ਪੰਨਾ 39.

18. ਮਿਥ ਤੇ ਵਰਤਮਾਨ, ਪੰਨਾ 188.

19. ਉਹੀ, ਪੰਨਾ 13.

20. ਉਹੀ, ਪੰਨਾ 15.

21. ਉਹੀ, ਪੰਨਾ 53

22. ਮਿਥ ਤੇ ਵਰਤਮਾਨ, ਪੰਨਾ 31.

23. ਮੇਦਨੀ, ਪੰਨਾ 12.

24. ਉਹੀ, ਪੰਨਾ 26.

25. ਉਹੀ, ਪੰਨਾ 48.

26. ਉਹੀ, ਪੰਨਾ 12.

27. ਪੰਨਾ, ਪੰਨਾ 102.

ਸਹਾਇਕ ਪੁਸਤਕ ਸੂਚੀ

ਸਵਰਾਜਬੀਰ, ਮੇਦਨੀ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ, 2002.

ਸਰਬਜੀਤ ਸਿੰਘ (ਡਾ.) ਸੰਪ. ਮਿਥ ਅਤੇ ਵਰਤਮਾਨ (ਸਵਰਾਜਬੀਰ ਦਾ ਨਾਟ-ਪਰਿਪੇਖ) ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ, 2005.

ਸਮਦਰਸ਼ੀ, ਦਲਿਤ ਚੇਤਨਾ ਵਿਸ਼ੇਸ਼ ਅੰਕ, ਪੰਜਾਬੀ ਅਕਾਦਮੀ, ਦਿੱਲੀ।

ਵਰਮਾ, ਸਤੀਸ਼ ਕੁਮਾਰ, ਪੰਜਾਬੀ ਨਾਟਕ ਦਾ ਇਤਿਹਾਸ, ਪੰਜਾਬੀ ਅਕਾਦਮੀ ਦਿੱਲੀ, 2005.

# ਭਾ ਜੀ ਥੋੜ੍ਹੀ ਦੇਰ ਹੋਰ ਠਹਿਰ ਜਾ

- ਮੁਨੀਸ਼ ਤਾਲਿਬ

ਇਹ ਕਹਾਣੀ ਲਿਖਣ ਦਾ ਮੌਕਾ ਮੈਨੂੰ 2018 ਵਿੱਚ ਮਿਲਿਆ। ਇਸ ਦਾ ਪਿਛੋਕੜ 2001 ਤੋਂ ਬਾਅਦ ਦਾ ਹੈ ਇਹ ਕਹਾਣੀ ਦਾ ਪਲਾਟ ਅਮੀਰ ਪਰਿਵਾਰ ਨਾਲ ਸਬੰਧਤ ਹੈ ਇਹ ਅੱਜ ਦੇ ਜ਼ਮਾਨੇ ਵਿੱਚ ਘੱਟ ਰਹੇ ਪਿਆਰ ਤੇ ਮੁੱਕ ਰਹੀ ਸਾਂਝ, ਭਰਾਵਾਂ, ਭਾਬੀਆ ਵਿੱਚ ਬੇਇਤਬਾਰੀ, ਤੇ ਬੇਇਤਫਾਕੀ ਦੀ ਕਹਾਣੀ ਹੈ। ਕਿਤੇ ਨਾ ਕਿਤੇ ਇਸ ਕਹਾਣੀ ਵਿੱਚ ਇਨਸਾਨ ਦੀ ਪਦਾਰਥਵਾਦੀ ਸੋਚ ਨੂੰ ਉਜਾਗਰ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ ਤਾਂ ਕਿ ਪਾਠਕ ਆਪਣੇ ਅੰਦਰ ਬੈਠੇ ਉਸ ਲੋਭੀ ਸ਼ਖਸ ਤੋਂ ਇਹ ਸਵਾਲ ਕਰਨ ਕਿ ਸੱਚ ਹੀ ਉਸ ਨੂੰ ਮਾਈਆਂ ਦੀ ਉਨੀ ਜ਼ਰੂਰਤ ਹੈ ਜਿੰਨੀ ਉਹ ਸੋਚਦਾ ਹੈ। ਕੀ ਧੰਨ ਸੱਚ ਇਨਸਾਨ ਨੂੰ ਸੁੱਖੀ ਰੱਖ ਸਕਦਾ ਹੈ। ਜਿਹਨਾਂ ਨੂੰ ਕੁਦਰਤ ਨੇ ਬੇਅੰਤ ਨਿਆਮਤਾਂ ਦੀ ਬਖ਼ਸ਼ੀਸ਼ ਕੀਤੀ ਹੈ ਉਹ ਕਿਉਂ ਉਸ ਨੂੰ ਭੁੱਲ ਕੇ ਖ਼ੁਦੀ ਦਾ ਸ਼ਿਕਾਰ ਹੋ ਜਾਂਦੇ ਹਨ ਤੇ ਛੇਕੜਲੇ ਸਮੇਂ ਹੱਥ ਮਲਦੇ ਰਹਿੰਦੇ ਹਨ। ਸ਼ਾਇਦ ਇਸ ਗੱਲ ਦਾ ਜਵਾਬ ਇਸ ਕਹਾਣੀ ਦੇ ਅੰਤ ਵਿੱਚ ਮਿਲ ਜਾਵੇ। ਆਉ ਹੁਣ ਇਸ ਕਹਾਣੀ ਨੂੰ ਪੜ੍ਹੀਏ ਤੇ ਵਿਚਾਰ ਕਰੀਏ।ਇਸ ਕਹਾਣੀ ਦੇ ਪਾਤਰਾਂ ਵਿੱਚ ਮਹਿੰਦਰ ਸਿੰਘ, ਅਵਤਾਰ ਐਰ, ਉਸ ਦੇ ਬੇਟੇ ਹਰਮਨਜੀਤ ਸਿੰਘ (ਹਨੀ) ਗਗਨਦੀਪ ਸਿੰਘ (ਗੈਰੀ) ਵੱਡੀ ਨੂੰਹ ਰਾਜਵਿੰਦਰ ਕੌਰ (ਰੋਜ਼ੀ) ਛੋਟੀ ਨੂੰਹ ਕੁਲਦੀਪ ਕੌਰ(ਦੀਪ) ਸੰਜੀਵ (ਬਿੱਟੂ ) ਦੋਸਤ ਮੁੱਖ ਪਾਤਰ ਹਨ ਮੇਰੀ ਇਨ੍ਹਾਂ ਪਾਤਰਾਂ ਨਾਲ ਦਿਲੋਂ ਹਮਦਰਦੀ ਹੈ ਤੇ ਮੇਰਾ ਮੰਤਵ ਕੇਵਲ ਪਾਠਕਾਂ ਨੂੰ ਸੇਧ ਦੇਣ ਦਾ ਹੈ। ਇਹ ਕਹਾਣੀ ਇੱਕ ਕਾਲਪਨਿਕ ਕਹਾਣੀ ਹੈ ਇਸ ਦਾ ਸੰਬੰਧ ਕਿਸੇ ਵੀ ਘਟਨਾ ਨਾਲ ਜੋੜ ਕੇ ਨਾਂ ਵੇਖਿਆ ਜਾਵੇ ਅਗਰ ਇਸ ਤਰ੍ਹਾਂ ਹੁੰਦਾ ਹੈ ਤਾਂ ਇਹ ਮਹਿਜ਼ ਇਤਫਾਕ ਤੋਂ ਵੱਧ ਕੁਝ ਵੀ ਨਹੀਂ।

**ਕਹਾਣੀ**

ਸਰਦਾਰ ਮਹਿੰਦਰ ਸਿੰਘ ਬੜੀ ਕਾਹਲੀ ਕਾਹਲੀ ਨਰਾਜ਼ਗੀ ਜਿਹੀ ਵਿਚ ਆਪਣੇ ਦਫਤਰ ਵਿੱਚ ਦਾਖਲ ਹੁੰਦਾ ਹੈ। ਉਸਦੇ ਹੱਥ ਦੇ ਵਿੱਚ ਦੋ ਮੋਬਾਈਲ ਫੜੇ ਹੁੰਦੇ ਹਨ। ਉਸ ਦਾ ਛੋਟਾ ਜਿਹਾ ਚਿੱਟਾ ਦਾੜ੍ਹਾ ਅਤੇ ਛੋਟੀ ਜਿਹੀ ਪਗੜੀ ਇਕ ਸ੍ਰੀ ਸਾਹਿਬ ਅਤੇ ਅੱਖਾਂ ਤੇ ਗੋਲ ਜਿਹਾ ਚਸ਼ਮਾ ਇਹ ਦਰਸਾਉਂਦਾ ਹੈ ਕੀ ਉਹ ਸ਼ਹਿਰੀ ਅਰੋੜਾ ਸਿੱਖ ਹੈ। ਮਹਿੰਦਰ ਸਿੰਘ 65 ਸਾਲ ਦੀ ਉਮਰ ਦਾ ਇਕ ਵਪਾਰੀ ਹੋਣ ਦੇ ਨਾਲ ਨਾਲ ਚੁਸਤ ਦਿਮਾਗ ਆਦਮੀ ਹੈ। ਜ਼ਿਆਦਾ ਕਿਸੇ ਨਾਲ ਗੱਲ ਨਾ ਕਰਨ ਦਾ ਨਾਟਕ ਕਰਨ ਵਾਲਾ, ਹਿਸਾਬ ਕਿਤਾਬ ਦੇ ਵਿੱਚ ਪੱਕਾ, ਗਾਹਕ ਦੇ ਨਾਲ ਸਿੱਧੀ ਗੱਲ ਕਰਨ ਵਾਲਾ ਇਨਸਾਨ ਹੈ।

ਇੱਕ ਦਮ ਦੋ ਆਦਮੀ ਦਫਤਰ ਵਿੱਚ ਦਾਖਲ ਹੁੰਦੇ ਹਨ ਤੇ ਸਤ ਸ਼੍ਰੀ ਆਕਾਲ ਬੁਲਾ ਕੇ ਬੈਠ ਜਾਂਦੇ ਹਨ। ਮਹਿੰਦਰ ਸਿੰਘ ਉੱਚੀ ਆਵਾਜ਼ ਦੇ ਵਿੱਚ ਆਪਣੇ ਨੌਕਰ ਨੂੰ ਪਾਣੀ ਲਿਆਉਣ ਨੂੰ ਕਹਿੰਦਾ ਹੈ ਤੇ ਟੇਬਲ ਤੇ ਪੇਨ ਨੂੰ ਮਾਰ ਕੇ ਇਥੇ ਕਪੜਾ ਮਾਰਨ ਨੂੰ ਕਹਿੰਦਾ ਹੈ। ਇਸ ਤੋਂ ਬਾਅਦ ਉਹ ਬਿੱਟੂ ਨੂੰ ਪੁੱਛਦਾ ਹੈ ਹਾਂਜੀ ਕੀ ਸੇਵਾ ਕਰੀਏ। ਬਿਟੂ ਦੇ ਨਾਲ ਆਇਆ ਕੁਲਵੰਤ ਆਖਦਾ ਹੈ ਕੂਲਰ ਚਾਹੀਦੇ ਹਨ। ਚਾਹੀਦੇ ਵੀ ਘੱਟੋ ਘੱਟ 12 ਪੀਸ। ਇਨਾ ਸੁਣਦੇ ਹੀ ਮਹਿੰਦਰ ਆਪਣੇ ਨੌਕਰ ਨੂੰ ਕਹਿੰਦਾ ਹੈ ਚਾਹ ਲਿਆ ਦੋ ਕੱਪ ਤੇ ਜੋ ਪਿਛਲੇ ਗੋਦਾਮ ਵਿੱਚ ਪਏ ਹੋਏ ਉਹ ਵਿਖਾ ਦੇ। ਇਹ ਸੁਣਦੇ ਹੀ ਨੌਕਰ ਤੁਰ ਪਿਆ ਨਾਲ ਨਾਲ ਉਹ ਦੋਵੇਂ ਗੱਲਾਂ ਬਾਤਾਂ ਦੇ ਵਿੱਚ ਪਤਾ ਚਲਦਾ ਹੈ ਮਹਿੰਦਰ ਸਿੰਘ ਇਕ ਅਰੋੜਾ ਸਿੱਖ ਅਤੇ ਉਸ ਦਾਕਾਰੋਬਾਰ ਬਹੁਤ ਵੱਡਾ ਹੈ।

ਬਿੱਟੂ ਗੱਲਾਂ ਕਰਦੇ ਕਰਦੇ ਮਹਿੰਦਰ ਸਿੰਘ ਅਤੇ ਕੁਲਵੰਤ ਨੂੰ ਉੱਥੇ ਬੈਠਾ ਛੱਡ ਕੇ ਹੋਲੀ ਜਿਹੇ ਬਾਹਰ ਆ ਜਾਂਦਾ ਹੈ। ਉਹ ਦੇਖਦਾ ਹੈ ਇਕ ਸ਼ਾਨਦਾਰ ਛੋਟਾ ਜਿਹਾ ਬੰਗਲਾ ਬਨਿਆ ਹੋਇਆ ਹੈ। ਉਸਦੇ ਬਾਹਰ ਤਿੰਨ ਗੱਡੀਆਂ ਲੱਗੀਆਂ ਹੋਈਆਂ ਹਨ। ਤਿੰਨੋਂ ਗੱਡੀਆਂ ਮਹਿੰਗੀਆਂ ਹਨ। ਇੱਕ ਛੋਟਾ ਜਿਹਾ ਭਈਆ ਉਹਨਾਂ ਗੱਡੀਆਂ ਤੇ ਪਾਣੀ ਮਾਰ ਰਿਹਾ ਹੈ। ਇਸ ਤੋਂ ਬਾਅਦ ਉਹ ਬਾਹਰ ਨਿਕਲਦਾ ਹੈ ਅਤੇ ਦੇਖਦਾ ਹੈ ਖੱਬੇ ਪਾਸੇ ਇਕ ਸ਼ੈਡ ਬਣੀ ਹੈ ਅਤੇ ਸੱਜੇ ਹੱਥ ਇੱਕ ਸ਼ਾਨਦਾਰ ਬੰਗਲਾ ਬਿੱਟੂ ਗੌਰ ਨਾਲ ਬੰਗਲਾ ਦੇਖਣ ਦੀ ਕੋਸ਼ਿਸ਼ ਕਰਦਾ ਹੈ ਤੇ ਮਨ ਵਿੱਚ ਸੋਚਦਾ ਹੈ ਯਾਰ ਇਹਨਾਂ ਲੋਕਾਂ ਦੀ ਜ਼ਿੰਦਗੀ ਕਿੰਨੀ ਕੁ ਵਧੀਆ ਹੈ। ਹਾਲੇ ਉਹ ਸੋਚਦਾ ਹੀ ਹੈ ਤੇ ਇਸ ਤੇ ਬਾਅਦ ਗੇਟ ਖੁੱਲਦਾ ਹੈ। ਇਕ ਹਲਕੀ ਦਾੜ੍ਹੀ ਮੁੱਛਾਂ ਵਾਲਾ ਸਿਰ ਤੋਂ ਪਗੜੀ ਧਾਰੀ ਕੋਈ 5.7ਫੁੱਟ ਲੰਬਾ ਗੱਭਰੂ ਹੌਲੀ ਹੌਲੀ ਦਫ਼ਤਰ ਵੱਲ ਤੁਰਿਆ ਆ ਰਿਹਾ ਹੈ ਉਸ ਦੇ ਹੱਥ ਵਿੱਚ ਮਹਿੰਗੀ ਪ੍ਰਫਿਊਮ ਦੀ ਬੋਤਲ ਫ਼ੜੀ ਹੈ। ਬਿੱਟੂ ਨੇ ਉਸ ਨੂੰ ਸਤਿ ਸ੍ਰੀ ਅਕਾਲ ਬੁਲਾਈ ਤਦ ਪਤਾ ਲੱਗਦਾ ਹੈ ਕਿ ਉਹ ਮਹਿੰਦਰ ਸਿੰਘ

ਦਾ ਛੋਟਾ ਬੇਟਾ ਹਨੀ ਹੈ। ਉਹ ਹਲਕੀ ਜਿਹੀ ਮੁਸਕਾਨ ਕਰਕੇ ਅੰਦਰ ਚਲਾ ਗਿਆ।

ਉਸ ਨੇ ਆਪਣੇ ਪਿਤਾ ਦੇ ਕੋਲ ਚੈੱਕ ਬੁੱਕ ਮੰਗੀ ਅਤੇ ਬੈਠ ਗਿਆ। ਉਸ ਤੋਂ ਬਾਅਦ ਕੁਲਵੰਤ ਨੇ ਕੂਲਰਾ ਦੀ ਪੇਮੈਂਟ ਕਰਕੇ ਦੋਵੇਂ ਆ ਗਏ। ਕੁਲਵੰਤ ਬਿੱਟੂ ਦਾ ਦੋਸਤ ਸੀ ਜੋ ਕਿ ਪਿੰਡੋਂ ਆਇਆ ਸੀ। ਉਸ ਦਾ ਪਿੰਡ ਵਿੱਚ ਬਿਜਲੀ ਦੇ ਸਾਮਾਨ ਦਾ ਕਾਰੋਬਾਰ ਹੈ। ਉਸ ਨੂੰ ਪਤਾ ਚੱਲਿਆ ਸੀ ਕਿ ਸੰਜੀਵ (ਬਿੱਟੂ) ਇੱਥੇ ਕਿਸੇ ਫਿਜ਼ੀਓਥਰੈਪੀ ਸੈਂਟਰ ਦੇ ਵਿੱਚ ਟਰੇਨਰ ਹੈ ਤੇ ਉਹ ਇੱਥੇ ਹੀ ਰਹਿੰਦਾ ਹੈ। ਬਿੱਟੂ ਇੱਕ ਚੰਗਾ ਪੜ੍ਹਿਆ ਲਿਖਿਆ ਨੌਜਵਾਨਅਤੇ ਚੰਗੀ ਸਿਹਤ ਦਾ ਮਾਲਕ ਸੀ।

ਕੋਈ ਇੱਕ ਸਾਲ ਬਾਅਦ ਕੁਲਵੰਤ ਸਿੰਘ ਦੁਬਾਰਾ ਸ਼ਹਿਰ ਆਇਆ ਤੇ ਸਜੀਵ (ਬਿੱਟੂ) ਨਾਲ ਫੇਰ ਮਹਿੰਦਰ ਸਿੰਘ ਦੀ ਫੈਕਟਰੀ ਵੱਲ ਦੋਵੇਂ ਮੋਟਰਸਾਈਕਲ ਤੇ ਚੱਲ ਪਏ ਰਾਹ ਦੇ ਵਿੱਚ ਇਧਰ ਉਧਰ ਦੀਆਂ ਗੱਲਾਂ ਕਰਦੇ ਕਰਦੇ ਉਹਨਾਂ ਨੂੰ ਪਤਾ ਵੀ ਨਾ ਲੱਗਿਆ ਕੀ 3 ਕਿਲੋਮੀਟਰ ਸਫ਼ਰ ਤੋ ਬਾਅਦ ਫੈਕਟਰੀ ਦੇ ਅੰਦਰ ਕਦੋਂ ਵੜ ਗਏ। ਉਥੇ ਆਵਾਜ਼ ਦੇਣ ਤੇ ਨੌਕਰ ਆਇਆ ਤੇ ਮੰਹਿਦਰ ਸਿੰਘ ਦੇ ਬਾਰੇ ਪੁੱਛਣ ਤੇ ਪਤਾ ਚੱਲਿਆ ਕੀ ਸਰਦਾਰ ਸਾਹਿਬ ਅੱਜ ਠੀਕ ਨਹੀਂ ਅੰਦਰ ਪਏ ਹਨ, ਦਸੋ ਤੁਹਾਨੂੰ ਕੀ ਕੰਮ ਹੈ। ਇਸ ਉਪਰੰਤ ਕੁਲਵੰਤ ਨੇ ਕਿਹਾ ਅਸੀਂ ਤੁਹਾਡੇ ਕੋਲ ਪਿਛਲੇ ਸਾਲ ਦੇ ਕੂਲਰ ਚੁੱਕੇ ਸੀ। ਪਿਛਲੀ ਵਾਰ ਵੀ ਲਏ ਸਨ ਤੇ ਇਸ ਵਾਰ ਵੀ ਸਾਨੂੰ ਚਾਹੀਦੇ ਹਨ। ਉਸਨੇ ਦਫਤਰ ਦੇ ਵਿੱਚ ਬੈਠਣ ਨੂੰ ਕਿਹਾ ਇਸ ਤੋਂ ਬਾਅਦ ਇੱਕ ਨੌਜਵਾਨ ਲੜਕਾ ਦਫਤਰ ਦੇ ਅੰਦਰ ਆਉਂਦਾ ਹੈ। ਉਸਦੇ ਹੱਥ ਵਿੱਚ ਇੱਕ ਮਹਿੰਗਾ ਫੋਨ ਇੱਕ ਹੱਥ ਵਿੱਚ ਚਾਬੀ ਅਤੇ ਦਾੜ੍ਹੀ ਕੱਟੀ ਹੋਈ ਅੱਖਾਂ ਮੋਟੀਆਂ ਮੋਟੀਆਂ ਕੋਈ 6 ਫੁੱਟ ਕੱਦ ਸਿਰ ਤੇ ਟੋਪੀ ਰੋਹਬਦਾਰ ਦਿੱਖ ਵਾਲੇ ਸੁਨੱਖੇ ਗੱਭਰੂ ਨੇ ਆ ਕੇ ਉਹਨਾਂ ਨੂੰ ਸਤਿ ਸ੍ਰੀ ਅਕਾਲ ਬੁਲਾਉਂਦਾ ਹੈ, ਤੇ ਕੁਰਸੀ ਤੇ ਆ ਕੇ ਬੈਠ ਜਾਂਦਾ ਹੈ। ਉਹ ਉਹਨੂੰ ਸਰਦਾਰ ਸਾਹਿਬ ਦੀ ਸਿਹਤ ਦਾ ਪੁੱਛਦੇ ਹਾਂ ਤੇ ਉਹ ਦੱਸਦਾ ਹੈ ਥੋੜੇ ਦਿਨਾਂ ਤੋਂ ਸਿਹਤ ਠੀਕ ਨਹੀਂ। ਇਸ ਤੋਂ ਬਾਅਦ ਪਤਾ ਚੱਲਦਾ ਹੈ ਕਿ ਇਹ ਉਹਨਾਂ ਦਾ ਵੱਡਾ ਪੁੱਤਰ ਗਗਨਦੀਪ ਸਿੰਘ (ਗੈਰੀ) ਹੈ ਜਿਸ ਨੂੰ ਸਾਰੇ ਗੈਰੀ ਭਾਜੀ ਕਹਿੰਦੇ ਹਨ। ਉਹਨਾਂ ਪੇਮੈਂਟ ਕੀਤੀ ਤੇ ਤੁਰਨ ਲੱਗੇ ਤਾਂ ਮਹਿੰਦਰ ਸਿੰਘ ਹੌਲੀ ਹੌਲੀ ਸੋਟੀ ਦੇ ਆਸਰੇ ਆਪਣੀ ਕੋਠੀ ਚ ਬਾਹਰ ਆ ਰਿਹਾ ਸੀ। ਉਸਦੇ ਇੱਕ ਹੱਥ ਦੇ ਵਿੱਚ ਸੋਟੀ ਸੀ ਦੂਜੇ ਹੱਥ ਦੇ ਵਿੱਚ ਕੁਝ ਪੈਸੇ ਸਨ ਜੋਕਿ ਉਹ ਭਈਏ ਨੂੰ ਦੇ ਰਿਹਾ ਸੀ ਤਾਂ ਕਿ ਉਹ ਜਾ ਕੇ ਬਾਜ਼ਾਰ ਤੋਂ ਕੋਈ ਸਮਾਨ ਲੈ ਕੇ ਆਵੇ। ਉਹ ਮਹਿੰਦਰ ਸਿੰਘ ਨੂੰ ਜਦੋਂ ਮਿਲੇ ਉਸ ਦੀ ਸਿਹਤ ਦਾ ਹਾਲ ਪੁੱਛਿਆ। ਉਸ ਨੇ ਦੋਹਾਂ ਦੀ ਪਛਾਣ ਨਹੀਂ ਕੀਤੀ, ਫਿਰ ਬੋਲਿਆ, ਮੇਰੀ ਸਿਹਤ ਨੂੰ ਕੀ ਗੋਲੀ ਵੱਜੀ ਮੈਂ ਤਾਂ ਫੇਰ ਵੀ ਤੁਰਿਆ ਫਿਰਦਾ ਪਰ ਮੇਰੀ ਘਰਵਾਲੀ ਨੂੰ ਲੱਕ ਦੀ ਦਿੱਕਤ ਹੈ। ਬਸ ਕੀ ਦੱਸਾਂ ਤੈਨੂੰ, ਬਿੱਟੂ -ਅੰਕਲ ਜੀ ਤੁਸੀਂ ਕੀ ਇਲਾਜ ਕਰਵਾ ਰਹੇ ਹੋ ਅੰਟੀ ਜੀ ਦਾ।

ਮਹਿੰਦਰ ਸਿੰਘ -ਇੱਕ ਇਲਾਜ ਕੀ ਦਸਾਂ।

ਬਿੱਟੂ -ਬਿਦੰ ਕੁ ਠਹਿਰ ਕੇ ਮੈਨੂੰ ਮਿਲਾਉ ਅੰਕਲ ਜੀ ਮੈਂ ਤੁਹਾਡਾ ਹੱਲ ਕਰ ਸਕਦਾ।

ਮਹਿੰਦਰ ਸਿੰਘ ਅੰਦਰ ਵੜ ਗਿਆ ਉਥੇ ਆਵਾਜ਼ ਦਿੰਦਾ ਅਵਤਾਰ ਕੌਰ ਇਨ੍ਹਾਂ ਆਂਖ ਕੇ ਬਿੱਟੂ ਅਤੇ ਕੁਲਵੰਤ ਵੱਲ ਦੇਖਿਆ ਅਤੇ ਬਾਹਰ ਵਰਾਂਡੇ ਵਿੱਚ ਬੈਠਨ ਨੂੰ ਆਖਦਾ। ਬਿੱਟੂ ਜਿਸ ਕੋਠੀ ਨੂੰ ਬਾਹਰੋ ਕਈ ਸਾਲਾਂ ਤੋਂ ਵੇਖ ਰਿਹਾ ਸੀ ਅੱਜ ਉਸਦੇ ਅੰਦਰ ਬੈਠਾ ਸੀ ਅਤੇ ਇੱਧਰ ਉੱਧਰ ਵੇਖ ਰਿਹਾ ਸੀ। ਕੁਝ ਦੇਰ ਬਾਅਦ ਮਹਿੰਦਰ ਸਿੰਘ ਨੇ ਸੰਜੀਵ ਬਿੱਟੂ ਨੂੰ ਅੰਦਰ ਆਵਾਜ਼ ਮਾਰੀ ਅੰਦਰ ਦਾ ਨਜ਼ਾਰਾ ਇਕ ਚੰਗੇ ਉੱਚ ਦਰਜੇ ਦੇ ਮਕਾਨ ਵਰਗਾ ਸੀ। ਕਾਫੀ ਲੱਕੜ ਦੀ ਫਿਟਿੰਗ ਤੇ ਚੰਗੇ ਵੱਡੇ ਵੱਡੇ ਸੋਫੇ ਵਿਚਕਾਰ ਇੱਕ ਦੀਵਾਨ ਜਿੱਥੇ ਇੱਕ ਬਹੁਤ ਭਾਰੀ ਔਰਤ ਬੈਠੀ ਹੈ। ਉਸ ਦਾ ਭਾਰ ਇੱਕ ਕੁਇੰਟਲ ਤੋਂ ਉਪਰ ਅੱਖਾਂ ਗੋਲ ਅਤੇ ਦਰਮਿਆਨੇ ਕੱਦ ਤੇ ਗੋਰੇ ਪੱਕਾ ਰੰਗ, ਜਿਸ ਦਾ ਨਾਮ ਅਵਤਾਰ ਕੌਰ ਸੀ। ਇਸ ਨੂੰ ਮੁਹੱਲੇ ਦੀਆਂ ਅਤੇ ਸਹੇਲੀਆਂ ਕੂਲਰ ਵਾਲੀ ਅੰਟੀ ਆਖਦੀਆਂ ਸੀ। ਮਹਿੰਦਰ ਸਿੰਘ ਨੇ ਕਿਹਾ ਕਾਕਾ ਇਹ ਤੇਰੀ ਆਂਟੀ ਆ ਇਹਨੂੰ ਪੁੱਛ ਕੀ ਤਕਲੀਫ ਆ ਤੇ ਦੱਸ ਕੀ ਕਰੇਗਾ। ਬਿੱਟੂ ਨੇ ਪੁੱਛਿਆ ਮਾਤਾ ਜੀ ਕੀ ਤਕਲੀਫ ਹੈ ਤਾਂ ਉਸ ਨੇ ਦੱਸਿਆ ਵੀ ਉਸ ਕੋਲ ਚੱਲਣ ਫਿਰਨਾ ਵੀ ਔਖਾ ਹੈ ਅਤੇ ਗੋਡਿਆਂ ਤੇ ਲੱਕ ਅਤੇ ਗਠੀਆ ਤੇ ਸ਼ੂਗਰ ਦੀ ਬਹੁਤ ਤਕਲੀਫ ਹੈ। ਸੰਜੀਵ ਨੇ ਕਿਹਾ ਅੰਕਲ ਜੀ ਇਹਨਾਂ ਦੀ ਕਸਰਤ ਹੋਇਆ ਕਰੇਗੀ ਤੇ ਇਹਨਾਂ ਦੇ ਲੱਕ ਦੀਆਂ ਅਤੇ ਲੱਤਾਂ ਦੀਆਂ ਕਸਰਤਾਂ ਕਰਨੀਆਂ ਪੈਣਗੀਆਂ। ਮਹਿੰਦਰ ਸਿੰਘ ਕਾਕਾ ਤੂੰ ਜਿੰਦਾਂ ਮਰਜ਼ੀ ਕਰ ਇਹਨੂੰ ਚਲਦਾ ਕਰ। ਏਨੇ ਨੂੰ ਵੱਡੀ ਨੂੰ ਰਾਜਵਿੰਦਰ ਕੌਰ(ਰੋਜੀ) ਆਪਣੇ ਦੋਵਾਂ ਬੱਚਿਆਂ ਨੂੰ ਲੈ ਕੇ ਪੌੜੀਆਂ ਉਤਰ ਕੇ ਆਏ ਬਿਟੂ ਨੇ ਉਸ ਨੂੰ ਸਤਿ ਸ੍ਰੀ ਅਕਾਲ ਬੁਲਾਏ ਉਸਨੇ ਵੀ ਜਵਾਬ ਚ ਸਿਰ ਹਿਲਾ ਦਿੱਤਾ ਅਤੇ ਰਸੋਈ ਦੇ ਵਿੱਚ ਵੜ ਗਈ। ਉਹ ਇਕ ਖ਼ੂਬਸੂਰਤ ਔਰਤ ਸੀ। ਗੋਰੇ ਰੰਗ ਦੀ ਪਤਲੀ ਜਿਹੀ ਨੈਣਾਂ ਵਿੱਚ ਕਜਲਾ ਤੇ ਪੈਰਾਂ ਵਿੱਚ ਝਾਂਜਰਾਂ ਦੀ

ਛਣਕਾਰ ਵਾਲੀ ਰੋਜ਼ੀ ਨੇ ਆਪਣੇ ਅੰਦਰ ਆਉਂਦੇ ਹੀ ਬਿਟੂ ਨੂੰ ਪਹਿਲੀ ਨਜ਼ਰੇ ਦੂਜੀ ਬਾਰ ਵੇਖਣ ਨੂੰ ਮਜਬੂਰ ਕਰ ਦਿੱਤਾ। ਹੁਣ ਬਿਟੂ ਗੱਲ ਤਾਂ ਅਵਤਾਰ ਕੌਰ ਤੇ ਮਹਿੰਦਰ ਸਿੰਘ ਨਾਲ ਕਰ ਰਿਹਾ ਸੀ ਪਰ ਤਸੁਬਰ ਉਹ ਰੋਜ਼ੀ ਦਾ ਆਪ ਮੁਹਾਰਾ ਆਈ ਜਾਵੇ ਉਸ ਦੀ ਰਸੋਈ ਵਿੱਚ ਛਣ ਛਣ ਨੇ ਉਸ ਨੂੰ ਪ੍ਰਭਾਵਿਤ ਕੀਤਾ ਉਸ ਦਾ ਆਪਣੇ ਬੱਚਿਆਂ ਨੂੰ ਅੰਗਰੇਜ਼ੀ ਵਿੱਚ ਡਾਟਣਾ ਤੇ ਮੁਲਾਇਮ ਸ਼ੈਲੀ ਵਿਚ ਗੱਲ ਦਾ ਅੰਦਾਜ਼ ਬਿਟੂ ਨੂੰ ਆਕਰਸ਼ਿਤ ਕਰਨ ਲੱਗਾ। ਰਾਜਵਿੰਦਰ ਰੋਜ਼ੀ ਮਹਿੰਦਰ ਸਿੰਘ ਦੀ ਛੋਟੀ ਨੂੰਹ ਸੀ। ਹਨੀ ਉਸਦਾ ਘਰ ਵਾਲਾ ਸੀ। ਉਸਦੇ ਦੋ ਲੜਕੇ ਇੱਕ ਲੜਕੀ ਸੀ। ਦੋਹਾਂ ਦਾ 2004 ਦੇ ਵਿੱਚ ਪ੍ਰੇਮ ਵਿਆਹ ਹੋਇਆ ਸੀ ਇਹ ਦੋਵੇਂ ਇਕੱਠੇ ਕਾਲਜ ਦੇ ਵਿੱਚ ਪੜਦੇ ਸਨ ਰੋਜ਼ੀ ਇੱਕ ਹਿੰਦੂ ਪਰਿਵਾਰ ਦੇ ਨਾਲ ਸਬੰਧ ਰੱਖਦੀ ਸੀ। ਉਸ ਦਾ ਪਹਿਲਾ ਨਾਮ ਸਨੇਹ ਲਤਾ ਸੀ। ਵਿਆਹ ਤੋਂ ਬਾਅਦ ਉਸ ਨੂੰ ਬਦਲ ਦਿੱਤਾ ਗਿਆ। ਉਸ ਦਾ ਬਾਪ ਮਿਲਟਰੀ ਦੇ ਵਿੱਚ ਹੌਲਦਾਰ ਰਿਟਾਇਰ ਸੀ ਤੇ ਉਸ ਦਾ ਕਾਰੋਬਾਰ ਛੋਟਾ ਮੋਟਾ ਸੀ।

ਇਧਰ ਹਨੀ ਨੂੰ ਰੋਜ਼ੀ ਦੇ ਨਾਲ ਪਿਆਰ ਹੋਣ ਦੇ ਨਾਲ ਤੇ ਲੜਕੀ ਸੋਹਣੀ ਸੁਨੱਖੀ ਹੋਣ ਦੇ ਕਾਰਨ ਦੋਵਾਂ ਪਰਿਵਾਰਾਂ ਨੇ ਵਿਆਹ ਦੇ ਲਈ ਹਾਂ ਕਰ ਦਿੱਤੀ। ਪਰ ਇਸ ਵਿਆਹ ਤੋਂ ਹਮੇਸ਼ਾ ਪਹਿਲੇ ਦਿਨ ਤੋਂ ਹੀ ਹਨੀ ਦਾ ਵੱਡਾ ਭਰਾ ਗੈਰੀ ਖੁਸ਼ ਨਹੀਂ ਸੀ। ਉਸ ਨੂੰ ਆਪਣੀ ਭਾਬੀ ਪਹਿਲੇ ਦਿਨ ਤੋਂ ਜਾਦੂਗਰਨੀ ਲਗਦੀ ਸੀ।

ਇਸ ਤੋਂ ਬਾਅਦ ਗੈਰੀ ਦੀ ਘਰਵਾਲੀ ਕੁਲਦੀਪ ਕੌਰ ਦੀਪ ਕਮਰੇ ਵਿੱਚ ਦਾਖਲ ਹੁੰਦੀ ਹੈ। ਉਸ ਨੇ ਆਉਣ ਤੇ ਬਿਟੂ ਨੇ ਸਤ ਸ੍ਰੀ ਅਕਾਲ ਬੁਲਾਈ ਤੇ ਬੈਠ ਗਿਆ। ਦੀਪ ਸਾਦ ਮੁਰਾਦੀ ਸੁੰਦਰਤਾ ਵਾਲੀ ਸੀ ਉਹ ਪੜੀ ਲਿਖੀ ਐਮ ਏ ਕੀਤੀ ਲੜਕੀ ਸੀ। ਉਸ ਵਿੱਚ ਕੋਈ ਰੋਜ਼ੀ ਵਾਂਗ ਦਿਖਾਵਾ ਨਹੀਂ ਸੀ। ਉਹ ਚੁੱਪ ਚਾਪ ਰਸੋਈ ਵਿੱਚ ਗਈ ਤੇ ਆਪਣਾ ਕੰਮ ਕਰ ਕੇ ਬਾਹਰ ਆ ਕੇ ਦੋਹਾਂ ਕੁੜੀਆਂ ਨੂੰ ਉਪਰ ਲੈ ਗਈ। ਉਸ ਦੇ ਵਿੱਚ ਵਿਖਾਵਾ ਨਹੀਂ ਸੀ ਅਤੇ ਆਕਰਸ਼ਕ ਖਿੱਚ ਨਦਾਰਦ ਸੀ। ਪਰ ਉਸ ਦੇ ਥੱਲੇ ਆਉਣ 'ਤੇ ਰੌਲਾਂ ਘੱਟ ਤੇ ਘੁਸਰ ਮੁਸਰ ਜ਼ਿਆਦਾ ਸੀ। ਇੱਕ ਚੁੱਪ ਤੇ ਸੌ ਸੁਖ ਵਾਲੀ ਕਹਾਵਤ ਵਧੇਰੇ ਢੁਕਦੀ ਸੀ। ਕੰਮਵਾਲੀ ਨਿੰਮੀ ਚਾਹ ਲੈ ਆਈ ਤੇ ਬਿਟੂ,ਮਹਿੰਦਰ ਸਿੰਘ ਤੇ ਅਵਤਾਰ ਕੌਰ ਆਪਸ ਵਿੱਚ ਚੰਗੇ ਘੁਲ ਮਿਲ ਗਏ। ਬਿੱਟੂ ਨੇ 2000 ਰੁਪਏ ਦੀ ਮੰਗ ਕੀਤੀ ਮਹੀਨੇ ਦੇ ਸ਼ਡਿਊਲ ਦੀ ਪਰ ਵੱਡੇ ਬੰਦੇ ਦਾ ਦਿਲ ਛੋਟਾ ਜਿਹਾ ਹੁੰਦਾ ਹੈ।

ਉਸ ਨੂੰ 1500 ਵਿੱਚ ਗੁਜ਼ਾਰ ਕਰਨਾ ਪਿਆ। ਪਰ ਮਹਿੰਦਰ ਸਿੰਘ ਦੇ ਮਿਲਾਪੜੇ ਸੁਭਾਅ ਕਾਰਨ ਉਹ ਖੁਸ਼ ਸੀ।

ਬਿੱਟੂ ਰੋਜ਼ਾਨਾ ਸਵੇਰੇ 10 ਵਜੇ ਉਥੇ ਪਹੁੰਚ ਜਾਂਦਾ ਸੀ ਅਤੇ ਆਪਣਾਂ ਕੰਮ ਕਰਦਾ ਸੀ। ਗੈਰੀ ਤੇ ਹਨੀ ਉਸ ਦੀ ਸ਼ਰੀਰਕ ਜੁੱਸੇ ਜਾਮੇ ਤੋਂ ਬੁਹਤ ਪ੍ਰਭਾਵਿਤ ਸਨ। ਦੋਹਾਂ ਦੀਆਂ ਘਰਵਾਲੀਆਂ ਰੋਜ਼ੀ ਤੇ ਦੀਪ ਵੀ ਬਿਟੂ ਕੋਲ ਆ ਕੇ ਕਈ ਵਾਰ ਕਸਰਤ ਬਾਰੇ ਗੱਲ ਕਰਦੀਆਂ ਸਨ।

ਸ਼ਇਦ ਹੀ ਕੋਈ ਦਿਨ ਹੋਣਾ ਜਿਸ ਦਿਨ ਬਿਟੂ ਖਾਂਦੇ ਪੀਤੇ ਬਗੈਰ ਉਸ ਘਰ ਵਿੱਚੋ ਬਾਹਰ ਆਇਆ ਹੋਣਾ। ਇਸ ਤਰ੍ਹਾਂ ਛੇ ਮਹਿਨੇ ਵਿੱਚ ਬਿੱਟੂ ਨੇ ਉਸ ਘਰ ਵਿੱਚ ਰਹਿਣ ਵਾਲੇ ਲੋਕਾਂ ਨੂੰ ਅੰਦਰ ਤੱਕ ਵੇਖ ਲਿਆ।

ਪੈਸੇ ਪੈਸੇ ਲਈ ਮਰਨ ਵਾਲੇ ਗਰੀਬ ਮਜ਼ਦੂਰਾ ਨੂੰ ਝਿੜਕਾਂ ਮਾਵਾਂ ਭੈਣਾਂ ਦੀਆਂ ਗਾਲਾਂ ਕੱਢਣਾ ਆਮ ਗੱਲ ਸੀ।ਮਹਿੰਦਰ ਸਿੰਘ ਨੇ ਆਪਣੇ ਜੀਵਨ ਵਿੱਚ ਤਬਦੀਲੀਆਂ ਵੇਖੀਆਂ ਸਨ। ਗਰੀਬੀ ਤੋਂ ਅਮੀਰੀ ਵੱਲ ਦਾ ਸਫ਼ਰ ਤੈਅ ਕੀਤਾ ਸੀ। ਇਸ ਕਰਕੇ ਪ੍ਰਮਾਤਮਾ ਦਾ ਨਾਮ ਲੈਣਾ ਨਹੀਂ ਭੁੱਲਦਾ ਸੀ। ਜਾ ਇਹ ਆਖ ਲਓ ਕਿ ਘਰੇਲੂ ਕਲੇਸ਼ ਅਤੇ ਬੀਮਾਰ ਹੋਣ ਕਾਰਨ ਪਤਨੀ ਦੇ ਬੀਮਾਰ ਹੋਣ ਕਾਰਨ ਅਤੇ ਪੈਸੇ ਕਾਰੋਬਾਰ ਵਿੱਚ ਉਤਰਾਅ ਚੜ੍ਹਾਅ ਨੇ ਪ੍ਰਮਾਤਮਾ ਦਾ ਨਾਮ ਜਪਣ ਨੂੰ ਮਜਬੂਰ ਕਰ ਦਿੱਤਾ। ਇੱਕ ਵਾਰ ਉਸ ਨੇ ਬਿੱਟੂ ਨੂੰ ਗੱਲ ਗੱਲ ਵਿੱਚ ਦਸਿਆ ਕਿ ਉਸ ਦੇ ਗੁਰੂ ਮਹਾਰਾਜ ਜਿਥੇ ਉਹ ਜਾਂਦੇ ਸਨ ਉਨ੍ਹਾਂ ਨੇ ਉਨ੍ਹਾਂ ਨੂੰ ਬਖਸ਼ ਕੀਤੀ ਹੈ ਕਿ ਉਹ ਜਿੰਨ੍ਹਾਂ ਚਿਰ ਜਿਉਂਦਾ ਹੈ ਤੇਰੇ ਘਰ ਬਾਰ ਵਿੱਚ ਬਰਕਤਾਂ ਰਹਿਣਗੀਆਂ। ਮਹਿੰਦਰ ਸਿੰਘ ਨੇ ਪੁੱਛਿਆ ਅਤੇ ਮੇਰੇ ਜਾਣ ਤੋਂ ਬਾਅਦ ਤਦ ਉਹ ਚੁੱਪ ਕਰਕੇ ਸਮਾਧੀ ਵਿੱਚ ਚੱਲ ਗਏ।

ਇਕ ਦਿਨ ਬਿੱਟੂ ਕਲਾਸ ਲਗਾਉਣ ਲਈ ਆਇਆ ਤਾਂ ਉਸ ਨੂੰ ਮਹਿੰਦਰ ਸਿੰਘ ਨੇ ਆਪਣੇ ਅੰਦਰ ਅਵਾਜ਼ ਮਾਰੀ ਕਿ ਮੇਰੇ ਰੂਮ ਵਿੱਚ ਆ ਜਾਉ। ਬਿੱਟੂ ਕੋਲ ਜਾ ਕੇ ਸਹਿਜ ਸੁਭਾਅ ਨਾਲ ਬੈਠ ਗਿਆ। ਮਹਿੰਦਰ ਸਿੰਘ ਦੇ ਮੁੱਖ ਮੰਡਲ ਤੇ ਚਿੰਤਾ ਸਾਫ਼ ਸੀ।

ਉਹ ਆਪਣੀ ਬਿਮਾਰੀ ਤੋਂ ਡਰ ਰਿਹਾ ਸੀ। ਸ਼ੂਗਰ ਅਤੇ ਬੀ ਪੀ ਨੇ ਉਸ ਦੀਆਂ ਦੋਵੇਂ ਕਿਡਨੀਆਂ ਨੂੰ ਖ਼ਰਾਬ ਕਰ ਦਿੱਤਾ ਸੀ। ਘਰ ਦੇ ਕਲੇਸ਼ ਦੋਵਾਂ ਨੋਹਾਂ ਦੇ ਵਿੱਚ ਅਣਬਣ ਭਰਾਵਾਂ ਵਿੱਚ

ਬੇਇਤਫਾਕੀ ਨੇ ਉਸ ਦੀ ਮਾਨਸਿਕਤਾ ਤੇ ਸਿਹਤ ਤੇ ਬੁਹਤ ਪ੍ਰਭਾਵ ਪਾਇਆ ਸੀ।

ਉਸ ਬਿੱਟੂ ਨੂੰ ਭਰੇ ਮਨ ਨਾਲ ਦੱਸਦੇ ਹੋਏ ਕਿਹਾ ਉਸ ਨੇ ਆਪਣੀ ਔਲਾਦ ਨੂੰ ਜੋ ਮੰਗਿਆ ਦਿੱਤਾ ਹੈ। ਇਹਨਾਂ ਜਿਸ ਕਾਰ ਗੱਡੀ ਤੇ ਹੱਥ ਰੱਖਿਆ ਉਹ ਲੈ ਕੇ ਦਿੱਤੀ ਪਰ ਅੱਜ ਮੈਨੂੰ ਗੁਰਦੇ ਦੀ ਲੋੜ ਹੈ ਤਾਂ ਉਹ ਇਹਨਾਂ ਕੋਲ ਨਹੀਂ। ਇੱਕ ਦੂਜੇ ਦੇ ਮੂੰਹ ਵੱਲ ਤੱਕਣ ਲਗਦੇ ਹਨ। ਹਿੰਦੂਸਤਾਨ ਦੇ ਕਾਨੂੰਨ ਅਨੁਸਾਰ ਇੱਕ ਵਿਅਕਤੀ ਆਪਣੀ ਕੇਵਲ ਆਪਣੇ ਪਰਿਵਾਰ ਤੋਂ ਵੀ ਅੰਗਦਾਨ ਲੈ ਸਕਦਾ ਹੈ। ਇੰਨਾਂ ਆਖਣ ਤੋਂ ਬਾਅਦ ਮਹਿੰਦਰ ਸਿੰਘ ਬਿੱਟੂ ਵੱਲ ਤੱਕਣ ਲੱਗਾ ਕਿ ਸ਼ਾਇਦ ਇਹ ਕੋਈ ਹੱਲ ਕਰੇ ਬਿੱਟੂ ਕੋਲ ਸਿਰਫ ਹੌਂਸਲਾ ਹੀ ਸਹੀ।

ਇਧਰ ਗੈਰੀ ਅਤੇ ਉਸਦੇ ਭਰਾ ਹਨੀ ਵਿੱਚ ਤਲਖ਼ ਵੱਧਦੀ ਗਈ ਇੱਕ ਦਿਨ ਗੁੱਸੇ ਵਿੱਚ ਆਏ ਗੈਰੀ ਨੇ ਹਨੀ ਤੇ ਰੋਟੀ ਦੇ ਟੇਬਲ ਤੇ ਬੈਠੇ ਨੇ ਪਾਣੀ ਦਾ ਗਿਲਾਸ ਉਛਾਲ ਕੇ ਮਾਰਿਆ। ਮਹਿੰਦਰ ਸਿੰਘ ਨੇ ਦੋਵਾਂ ਨੂੰ ਝਿੜਕਾਂ ਮਾਰ ਕੇ ਆਪਣਾ ਗੁੱਸਾ ਜ਼ਾਹਿਰ ਕੀਤਾ। ਉਸ ਦਿਨ ਤੋਂ ਬਾਅਦ ਉਸ ਪਰਿਵਾਰ ਨੇ ਇਕਠੇ ਬੈਠ ਕੇ ਰੋਟੀ ਨਹੀਂ ਖਾਧੀ। ਗੈਰੀ ਬਿੱਟੂ ਦੀ ਕਾਫੀ ਮਿਤਰਤਾ ਸੀ। ਬਿੱਟੂ ਨੂੰ ਗੈਰੀ ਅਕਸਰ ਪੈਸੇ ਦਾ ਵਿਖਾਵਾ ਕਰਦੇ ਹੋਏ ਨਜ਼ਰ ਆਉਂਦਾ ਸੀ। ਗੈਰੀ ਨੂੰ ਹਾਰ ਪਸੰਦ ਨਹੀਂ ਸੀ ਅਤੇ ਨਾ ਹੀ ਅਧੀਨਤਾ ਪਰ ਮੌਕਾ ਵੇਖ ਕੇ ਉਹ ਪਾਸਾ ਵੀ ਬਦਲ ਲੈਂਦਾ ਸੀ। ਮਹਿੰਦਰ ਸਿੰਘ ਦਾ ਆਪਣੇ ਛੋਟੇ ਪੁੱਤਰ ਹਨੀ ਨਾਲ ਕੁੱਝ ਜ਼ਿਆਦਾ ਝੁਕਾਅ ਗੈਰੀ ਨੂੰ ਵੱਟ ਚੜਾਉਂਦਾ ਸੀ। ਉਹ ਕਈ ਵਾਰ ਬਿੱਟੂ ਨੂੰ ਗੱਲ ਗੱਲ ਵਿੱਚ ਆਖਦਾਂ ਕੀ ਬੁੱਢੜਾ ਮਰੇ ਤਾਂ ਅੱਡੋ ਅੱਡ ਹੋਈਏ। ਆਪ ਏਹਨੇ ਤੁਰ ਜਾਣਾਂ ਤੇ ਸਿਆਪਾ ਸਾਡੇ ਗੱਲ ਪਾ ਜਾਣਾਂ। ਬਿੱਟੂ ਉਸ ਨੂੰ ਸ਼ਾਂਤ ਕਰਦਾ ਰਹਿੰਦਾ ਸੀ।

ਦਰਅਸਲ ਹਨੀ ਦੇ ਇੱਕ ਕੁੜੀ ਦੋ ਪੁੱਤਰ ਸਨ ਅਤੇ ਗੈਰੀ ਦੇ ਦੋ ਕੁੜੀਆਂ ਸਨ। ਦੋਵਾਂ ਨੋਹਾਂ ਵਿਚ ਇਸ ਗੱਲ ਦਾ ਅੰਦਰ ਹੀ ਅੰਦਰ ਕਲੇਸ਼ ਰਹਿੰਦਾ ਸੀ। ਦੂਜਾ ਮਹਿੰਦਰ ਸਿੰਘ ਨੇ ਕੋਈ ਪੰਜ ਤੋਂ ਛੇ ਕਰੋੜ ਦੀ ਪ੍ਰੋਪਰਟੀ ਇਧਰ ਉਧਰ ਛੋਟੇ ਮੋਟੇ ਪਲਾਟਾਂ ਵਿੱਚ ਵੰਡੀ ਹੋਈ ਸੀ ਅਤੇ ਆਪਣੇ ਬੱਚਿਆਂ ਨੂੰ ਵੀ ਕਈ ਮਸਲੇ ਦਸੇ ਨਹੀਂ ਸੀ। ਦੋ ਫੈਕਟਰੀਆਂ ਸਨ ਇਕ ਵਿੱਚ ਮਾਲ ਬਣਦਾ ਸੀ ਅਤੇ ਦੂਜੀ ਵਿੱਚ ਵੇਚਿਆ ਜਾਂਦਾ ਸੀ । ਨਵਾਂ -ਨਵਾਂ ਪੈਸਾ ਵੇਖੀਆਂ ਸੀ ਨਵੀਂ ਜੁੱਤੀ ਵਾਂਗ ਹਰ ਕਿਸੇ ਨੂੰ ਵਿਖਾਉਣ ਵਿੱਚ ਦਿਲਚਸਪੀ ਸੀ। ਬਿੱਟੂ ਸਾਧੂ ਬਿਰਤੀ ਵਾਲਾ ਬੰਦਾ ਸੀ। ਉਸ ਨੂੰ ਕਈ ਵਾਰ ਹਨੀ ਨਾਲ ਗੱਲਬਾਤ ਵਿਚ ਨਿਮਰਤਾ ਦਿਖਾਈ ਦਿੰਦੀ ਅਤੇ ਗੈਰੀ ਦੀ ਗੱਲਬਾਤ ਵਿਚ ਵਿਖਾਵਾ ਉਸ ਨੂੰ ਇਹ ਕੰਮ ਠੀਕ ਨਹੀਂ ਲੱਗਦੇ ਸਨ ਪਰ ਪੈਸੇ ਦੀ ਜ਼ਰੂਰਤ ਲਈ ਨੋਕਰੀ ਕਰ ਰਿਹਾ ਸੀ ਤੇ ਗੈਰੀ ਦੀਆਂ ਫੁਕਰੀਆਂ ਗੱਲਾਂ ਨੂੰ ਬਰਦਾਸ਼ਤ ਕਰ ਰਿਹਾ ਸੀ।

ਇਕ ਦਿਨ ਮਹਿੰਦਰ ਸਿੰਘ ਨੇ ਸੁਨੇਹਾ ਭੇਜਿਆ ਕਿ ਬਿੱਟੂ ਅਸੀਂ ਕੋਈ ਇੱਕ ਮਹੀਨੇ ਲਈ ਕਨੇਡਾ ਆਪਣੀ ਬੇਟੀ ਕੋਲ ਜਾ ਰਹੇ ਹਾਂ ਤੂੰ ਨਾ ਆਈਂ। ਇਹਨਾਂ ਦੀ ਬੇਟੀ ਕਨੇਡਾ ਵਿੱਚ ਸਰੀ ਇਲਾਕੇ ਵਿੱਚ ਆਪਣੀ ਫੈਮਲੀ ਨਾਲ ਰਹਿੰਦੀ ਸੀ ਜੋ ਵਿਆਹ ਤੋਂ ਬਾਅਦ ਉਥੇ ਸੈਟਲ ਹੋ ਗਈ ਸੀ। ਅਸੀਂ ਤੈਨੂੰ ਆ ਕੇ ਬੁਲਾ ਲਵਾਂਗੇ। ਬਿੱਟੂ ਨੂੰ ਉਮੀਦ ਸੀ ਕਿ ਉਹ ਦੁਬਾਰਾ ਯਾਦ ਕਰਨਗੇ।

ਬਿੱਟੂ ਨੂੰ ਗੈਰੀ ਦੇ ਘਰ ਵਿਚ ਗਏ ਨੂੰ ਦੋ ਸਾਲ ਹੋ ਗਏ ਪਿਛੋਂ ਉਸ ਦੇ ਪਿਤਾ ਦਾ ਸਾਇਆ ਉੱਠ ਗਿਆ। ਹੁਣ ਉਸ ਨੂੰ ਫਿਜ਼ਿਓਥਰੈਪੀ ਦੇ ਕੰਮ ਨੂੰ ਛੱਡ ਕੇ ਕਿਸੇ ਸਕੂਲ ਵਿੱਚ ਕਲਰਕ ਦੀ ਨੌਕਰੀ ਕਰਨ ਲੱਗ ਪਿਆ। ਇੱਕ ਦਿਨ ਉਸ ਨੂੰ ਰਣਜੀਤ ਕੌਰ ਜੋ ਕੀ ਸੈਂਟਰਲ ਬੈਂਕ ਵਿਚ ਸਰਵਿਸ ਕਰਦੀ ਇੱਕ ਅਧਖੜ ਉਮਰ ਦੀ ਔਰਤ ਮਿਲੀ। ਉਸ ਨੇ ਗੱਲਾਂ ਗੱਲਾਂ ਵਿੱਚ ਦੱਸਿਆ ਕਿ ਉਹ ਅਵਤਾਰ ਕੌਰ ਦੇ ਦੋ ਕੋਠੀਆਂ ਛੱਡ ਕੇ ਨਾਲ ਰਹਿੰਦੇ ਹਨ ਅਤੇ ਉਨਾਂ ਦੇ ਘਰ ਵੀ ਉਹਨਾਂ ਦਾ ਚੰਗਾ ਆਨਾ ਜਾਣਾ ਹੈ। ਉਹਨੇ ਦੱਸਿਆ ਕਿ ਪਿੱਛੇ ਜੇ ਉਹਨਾਂ ਦੇ ਲੜਕਿਆਂ ਦੀ ਬਹੁਤ ਲੜਾਈ ਹੋਈ। ਬਿੱਟੂ ਸਮਝਿਆ ਇਹ ਸ਼ਾਈਦ ਦੋਵੇਂ ਭਰਾ ਆਪਸ ਚ ਲੜੇ ਹੋਣਗੇ ਪਰ ਰਣਜੀਤ ਕੌਰ ਨੇ ਦੱਸਿਆ ਨਹੀਂ ਉਹਨਾਂ ਦੀ ਕਿਤੇ ਬਾਹਰਲੇ ਬੰਦਿਆਂ ਨਾਲ ਬਹੁਤ ਵੱਡੀ ਲੜਾਈ ਹੋਈ ਹੈ ਅਤੇ ਇਹ ਦੋਵੇਂ ਭਰਾ ਮਰਨੋ ਬਚੇ ਹਨ। ਬਿੱਟੂ ਆਪਣਾ ਕੰਮ ਨਿਬੇੜ ਕੇ ਸ਼ਾਮ ਨੂੰ ਮਹਿੰਦਰ ਸਿੰਘ ਦੇ ਘਰ ਚਲਾ ਗਿਆ। ਉੱਥੇ ਜਾ ਕੇ ਉਸਨੇ ਦੇਖਿਆ ਕਿ ਸਭ ਪੁਰਾਣੇ ਨੌਕਰ ਬਦਲੇ ਹੋਏ ਹਨ। ਘਰ ਦਾ ਮਾਹੌਲ ਉਸੇ ਪ੍ਰਕਾਰ ਹੀ ਹੈ। ਮਹਿੰਦਰ ਸਿੰਘ ਅੰਦਰ ਬੈਡ ਤੇ ਲੰਮੇ ਪਿਆ ਹੋਇਆ ਹੈ। ਅਵਤਾਰ ਕੌਰ ਬਾਹਰ ਦੀਵਾਨ ਤੇ ਬੈਠੀ ਹੈ ਬਿੱਟੂ ਨੇ ਜਾ ਕੇ ਸਤਿ ਸ੍ਰੀ ਅਕਾਲ ਬੁਲਾਈ ਸਾਰੀ ਗੱਲ ਪਤਾ ਚੱਲੀ ਕਿ ਕਿਵੇਂ ਇਹਨਾਂ ਦੇ ਲੜਕਿਆਂ ਦੀ ਗੱਡੀ ਵਿੱਚ ਕਿਸੇ ਨੇ ਮੋਟਰਸਾਈਕਲ ਮਾਰ ਦਿੱਤੀ। ਉਹ ਮਹਿੰਦਰ ਸਿੰਘ ਦੀ ਅੱਖਾਂ ਦਾ ਆਪਰੇਸ਼ਨ ਕਰਵਾਉਣ ਤੋਂ ਬਾਅਦ ਛੁੱਟੀ ਕਰਾ ਕੇ ਘਰ ਆ ਰਹੇ ਸੀ। ਅਚਾਨਕ ਦੋ ਮੁੰਡੇ ਮੋਟਰਸਾਈਕਲ ਤੇ ਸਵਾਰ ਨਸ਼ੇ ਵਿੱਚ ਧੁੱਤ ਹੋ ਕੇ ਸਾਡੀ ਗੱਡੀ ਵਿੱਚ ਮਾਰ ਗਏ। ਗੈਰੀ ਨੇ ਉਤਰ ਕੇ ਇਕ ਦੇ ਥੱਪੜ ਜੜ ਦਿੱਤਾ।ਬਸ ਫਿਰ ਦੂਜੇ ਨੇ ਫੋਨ ਕਰਕੇ ਹੋਰ ਮੁੰਡੇ ਬੁਲਾ ਲਏ।

ਦੋਵਾਂ ਭਰਾਵਾਂ ਨੂੰ ਪਸ਼ੂਆਂ ਵਾਂਗ ਕੁਟੀਆ ਗਿਆ। ਲੋਕ ਮੂਕ ਦਰਸ਼ਕ ਬਣ ਕੇ ਤਮਾਸ਼ਾ ਤੱਕਦੇ ਰਹੇ। ਪਰ ਵਿਲੱਖਣ ਗੱਲ ਇਹ ਸੀ ਉਨ੍ਹਾਂ ਨਾਲ ਲੜਣ ਨਾਲੋਂ ਇਹ ਦੋਵੇਂ ਭਰਾ ਆਪਸ ਵਿੱਚ ਕਸੂਰ ਕੱਢ ਰਹੇ ਸੀ। ਪੁਲਿਸ ਜਦੋਂ ਤੱਕ ਆਈ ਉਹ ਭੱਜ ਗਏ ਸਨ ਤੇ ਇਹਨਾਂ ਕੋਲ ਬਸ ਗੱਲਾ ਹੀ ਸਨ। ਮਹਿੰਦਰ ਸਿੰਘ ਤੇ ਅਵਤਾਰ ਕੌਰ ਮਜਬੂਰ ਸੜਕ ਤੇ ਪਿਟਦੇ ਰਹੇ ਕਿਸੇ ਨੇ ਬਾਤ ਨਾ ਸੁਣੀ। ਅੰਤ ਕੁਝ ਜਾਣਕਾਰਾ ਨੂੰ ਫੋਨ ਕਰਕੇ ਬੁਲਾਇਆ। ਉਹ ਇਹਨਾਂ ਸਾਰਿਆਂ ਨੂੰ ਆਪਣੀ ਗੱਡੀ ਵਿੱਚ ਘਰ ਛੱਡ ਕੇ ਗਿਆ। ਇਹਨਾਂ ਦੀ ਗੱਡੀ ਪੁਲੀਸ ਥਾਣੇ ਖੜੀ ਕਰ ਦਿੱਤੀ ਗਈ।

ਸਾਡੇ ਪ੍ਰਸ਼ਾਸ਼ਨਿਕ ਸਿਸਟਮ ਦੀ ਇਹ ਇਕ ਬਹੁਤ ਵੱਡੀ ਖ਼ਾਮੀ ਹੈ। ਪੀੜਤ ਨੂੰ ਇਸ ਪ੍ਰਕਾਰ ਪੇਸ਼ ਹੋਣ ਲਈ ਮਜਬੂਰ ਕੀਤਾ ਜਾਂਦਾ ਹੈ ਕਿ ਕਿਤੇ ਨਾ ਕਿਤੇ ਉਹ ਉਸ ਮਾਮਲੇ ਵਿੱਚ ਦੋਸ਼ੀ ਹੈ ਜਿਸ ਵਿਚ ਉਸ ਦਾ ਕਸੂਰ 1 ਰੁਪਏ ਵਿੱਚੋ 5 ਪੈਸੇ ਤੱਕ ਹੈ। ਸਿਸਟਮ ਉਸ ਸ਼ਰੀਫ਼ ਆਦਮੀ ਦੇ 5 ਪੈਸੇ ਦੀ ਗਲਤੀ ਨੂੰ ਇਸ ਪ੍ਰਕਾਰ ਪੇਸ਼ ਕਰਦਾ ਹੈ ਕਿ ਫਸਾਦ ਦੀ ਮੂਲ ਜੜ੍ਹ ਹੀ ਸ਼ਾਇਦ ਉਹ ਹੈ। ਕੀ ਵਿਰੋਧ ਕਰਨਾ ਵੀ ਤਰਕ ਸੰਗਤ ਨਹੀਂ ਹੈ? ਇਥੇ ਵੀ ਇਹੋ ਹੋਇਆ ਗੈਰੀ ਦੇ ਇੱਕ ਥੱਪੜ ਨੂੰ ਵੱਧ ਤੋਂ ਵੱਧ ਉਛਾਲ ਕੇ ਸਾਰੀ ਗਲਤੀ ਦਾ ਆਧਾਰ ਬਣਾਇਆ ਗਿਆ। ਦੂਸਰੀ ਪਾਰਟੀ ਨੇ ਨਾਂ ਗੱਡੀ ਤੋੜਨ ਦਾ ਹਰਜਾਨਾ ਦਿੱਤਾ ਅਤੇ ਨਾ ਮਾਰ ਕੁੱਟ ਦਾ। ਪਹਿਲਾ ਹੀ ਕਿਸੇ ਇੱਕ ਸਿਆਸੀ ਲੀਡਰ ਦੇ ਬੰਦੇ ਦਾ ਫੋਨ ਆਇਆ, ਅੰਤ ਰਾਜ਼ੀ ਨਾਵਾਂ ਹੋ ਗਿਆਂ। ਇਸ ਗੱਲ ਤੋਂ ਇਹ ਗੱਲ ਵੀ ਜ਼ਾਹਿਰ ਹੋ ਗਈ। ਇਨ੍ਹਾਂ ਵੇਚਾਰਿਆ ਦੇ ਕੋਲ ਸਿਰਫ ਪੈਸਾ ਹੀ ਸੀ ਉਹ ਵੀ ਆਪਣੇ ਜੋਗਾ ਨਾ ਬੰਦੇ ਕਮਾਏ ਨਾ ਕੋਈ ਸਿਆਸੀ ਜਾਂ ਅਫ਼ਸਰੀ ਪੁਹੰਚ। ਬਿੱਟੂ ਹਾਲ ਚਾਲ ਪੁੱਛਣ ਤੋਂ ਬਾਅਦ ਬਾਹਰ ਨਿਕਲ ਆਇਆ ਤਾਂ ਬਾਹਰ ਹਨੀ ਮਿਲ ਗਿਆ। ਉਸ ਨੇ ਸਾਰੀ ਘਟਨਾ ਦੱਸੀ। ਉਸ ਦੀ ਘਰ ਵਾਲੀ ਨੇ ਬਿੱਟੂ ਨੂੰ ਸਤ ਸ਼੍ਰੀ ਆਕਾਲ ਬੁਲਾ ਕੇ ਅੰਦਰ ਚਲੇ ਗਈ। ਇਹ ਆਪਣੇ ਬੱਚਿਆਂ ਦੀਆਂ ਅੱਖਾਂ ਟੈਸਟ ਕਰਵਾ ਕੇ ਕਾਰ ਵਿੱਚੋ ਉਤਰੇ ਸਨ। ਅਗਲੇ ਦਿਨ ਬਿੱਟੂ ਨੂੰ ਗੈਰੀ ਮਿਲ ਜਾਂਦਾ ਹੈ। ਉਸ ਨੇ ਇਸ ਸਾਰੀ ਘਟਨਾ ਦੇ ਬਾਰੇ ਸਭ ਉਲ਼ਟ ਪੁਲਟ ਦਸੀਆਂ। ਬਿੱਟੂ ਉਸ ਦੀਆਂ ਮਨੋਹਰ ਕਹਾਣੀਆਂ ਨੂੰ ਚੰਗੀ ਤਰ੍ਹਾਂ ਜਾਣਦਾ ਸੀ ਕਿ ਉਹ ਹੁਣ ਥੋੜੀ ਬਹੁਤ ਇੱਜ਼ਤ ਬਚਾਉਣ ਦੀ ਕੋਸ਼ਿਸ਼ ਕਰ ਰਿਹਾ ਹੈ। ਗੈਰੀ ਬਿੱਟੂ ਨੂੰ ਜ਼ਿਆਦਾ ਤਰਜੀਹ ਉਸ ਦੀ ਸਿਹਤ ਅਤੇ ਮੁੰਡਿਆਂ ਵਿੱਚ ਉਸ ਦੀ ਉਠਣੀ ਬੈਠਣੀ ਕਾਰਨ ਦਿੰਦਾ ਸੀ ਜਿਸ ਕਾਰਨ ਹੁਣ ਉਹ ਕਾਫ਼ੀ ਸਮਾਂ ਬਿੱਟੂ ਨਾਲ ਗੁਜ਼ਾਰਨ ਲੱਗਾਂ ਸੀ। ਬਿੱਟੂ ਦਾ ਘਰ ਆਉਣਾ ਜਾਣਾ ਆਮ ਸੀ ਗੈਰੀ ਦੀ ਘਰਵਾਲੀ ਛੀਪ ਉਸ ਦੀ ਕਾਫੀ ਇਜ਼ਤ ਕਰਦੀ ਸੀ ਕਈ ਵਾਰ ਰੋਟੀ ਵੀ ਇਕਠੇ ਗੈਰੀ ਤੇ ਬਿੱਟੂ ਖਾਂਦੇ ਸੀ। ਕਈ ਵਾਰ ਬਿੱਟੂ ਤੇ ਗੈਰੀ ਫੈਕਟਰੀ ਵਿਚ ਕਾਫੀ ਦੇਰ ਤੱਕ ਇਧਰ ਉਧਰ ਘੁਮਦੇ ਰਹਿੰਦੇ। ਇਸ ਦੋਸਤੀ ਤੋਂ ਸਾਰਾ ਪਰਿਵਾਰ ਖੁਸ਼ ਸੀ ਬਸ ਇੱਕ ਰੋਜ਼ੀ ਨੂੰ ਛੱਡ ਕੇ ਉਸ ਨੂੰ ਗੈਰੀ ਦੀ ਕੋਈ ਵੀ ਗੱਲ ਪਸੰਦ ਨਹੀਂ ਸੀ ਅਤੇ ਗੈਰੀ ਨੂੰ ਉਸ ਦੀ ਇਸੇ ਕਾਰਨ ਉਹ ਬਿੱਟੂ ਨੂੰ ਵੀ ਹੁਣ ਜ਼ਿਆਦਾ ਤਰਜੀਹ ਨਹੀਂ ਸੀ ਦੇ ਰਹੀ ਸੀ। ਬਿੱਟੂ ਇਸ ਸਭ ਵਿੱਚ ਖ਼ੁਦ ਨੂੰ ਮਜਬੂਰ ਮਹਿਸੂਸ ਕਰ ਰਿਹਾ ਸੀ।

ਇਹ ਠੰਡੀ ਜੰਗ ਕਦੋਂ ਇੱਕ ਦਿਨ ਗਰਮ ਹੋ ਜਾਂਣੀ ਜਾ ਖਤਮ ਹੋ ਜਾਂਣੀ ਸੀ ਇਹ ਕਾਲ ਤੋਂ ਸਿਵਾ ਕੋਈ ਨਹੀਂ ਸੀ ਜਾਣਦਾ। ਅਸੀਂ ਆਪਣੀ ਇਸ ਕਹਾਣੀ ਦੇ ਅੰਤਲੇ ਪੰਨਿਆਂ ਦੇ ਉਸ ਖੰਡ ਵਿੱਚ ਵਿਚਾਰ ਚਰਚਾ ਕਰਨ ਦੀ ਕੋਸ਼ਿਸ਼ ਕਰਾਂਗੇ ਕਿ ਸ਼ਾਂਤੀ ਦੋਲਤ ਵਿੱਚ ਹੈ ਜਾਂ ਗ਼ੁਰਬਤ ਵਿੱਚ ਹੈ ਸ਼ੋਹਰਤ ਵਿੱਚ ਹੈ ਕਿਸ ਵਿੱਚ ਹੈ ਜਿਸ ਦੀ ਤੜਪ ਇਨਸਾਨ ਨੂੰ ਟਿਕਣ ਨਹੀਂ ਦਿੰਦੀ। ਕੋਈ ਪਰਮਾਰਥ ਵਿੱਚ ਆਖਦਾਂ ਹੈ ਤਾਂ ਕਿ ਧਰਮ ਅਸਥਾਨਾਂ ਤੇ ਵਿਭਚਾਰੀ ਲੋਕਾਂ ਦੀ ਭਰਮਾਰ ਨਹੀਂ। ਇਹ ਬਹਿਸ ਲੰਬੀ ਹੈ ਤੇ ਕਹਾਣੀ ਵੀ ਆਉ ਮੁੜ ਕਹਾਣੀ ਤੇ ਵਿਚਾਰ ਕਰੀਏ। ਕਿਉਂ ਕੀ ਵਿਦਵਾਨ ਬੁਧੀਜੀਵੀਆਂ ਕੋਲ ਇਸ ਤਰਕ ਦੇ ਆਧਾਰ ਬੁਹਤ ਹੋਣਗੇ। ਫਿਰ ਕਿਉਂ ਨਾ ਇਹ ਫੈਸਲਾ ਆਪਾਂ ਇਹਨਾਂ ਵਿਦਵਾਨਾਂ ਤੇ ਛੱਡ ਕੇ ਅੱਗੇ ਵਧੀਏ।

ਇੱਕ ਦਿਨ ਬਿੱਟੂ ਆਪਣੇ ਸਕੂਲ ਦੇ ਦਫ਼ਤਰ ਵਿੱਚ ਬੈਠਾ ਕਿਸੇ ਦੀ ਉਡੀਕ ਕਰ ਰਿਹਾ ਸੀ ਕਿ ਅਚਾਨਕ ਗੈਰੀ ਆਪਣੀ ਗੱਡੀ ਤੇ ਆ ਗਿਆ ਅਤੇ ਉਸ ਨੂੰ ਆਪਣੇ ਨਾਲ ਚੱਲਣ ਨੂੰ ਆਖਣ ਲੱਗਾ। ਬਿੱਟੂ ਨੇ ਕਿਹਾ ਕਿ ਉਹ ਕਿਸੇ ਨੂੰ ਉਡੀਕ ਰਿਹਾ ਹੈ ਪਰ ਗੈਰੀ ਨੇ ਇੱਕ ਨਾ ਸੁਣੀ ਉਸ ਨੂੰ ਨਾਲ ਲੈਕੇ ਹੁਸ਼ਿਆਰਪੁਰ ਨੂੰ ਨਿਕਲ ਗਿਆ। ਉਹ ਇਥੇ ਇੱਕ ਲੇਡੀ ਡਾਕਟਰ ਕੋਲ ਪਹੁੰਚ ਗਏ। ਬਿੱਟੂ ਨੂੰ ਬਾਹਰ ਬੈਠਾ ਕੇ ਗੈਰੀ ਅੰਦਰ ਚਲੇ ਗਿਆ। ਕੋਈ ਅੱਧਾ ਘੰਟਾ ਉਡੀਕ ਕਰਨ ਤੋਂ ਬਾਅਦ ਜਦੋਂ ਗੈਰੀ ਬਾਹਰ ਨਿਕਲ ਆਇਆ ਤਾਂ ਬਿੱਟੂ ਨੇ ਸੁੱਖ ਦਾ ਸਾਹ ਲਿਆ। ਦੋਵੇਂ ਵਾਪਸ ਭੋਗਪੁਰ ਆ ਗਏ। ਕੁਝ ਦਿਨ ਬਾਅਦ ਬਿੱਟੂ, ਗੈਰੀ ਤੇ ਦੀਪ ਹੁਸ਼ਿਆਰਪੁਰ ਨੂੰ ਗਏ। ਬਿੱਟੂ ਨੂੰ ਫੇਰ ਬਾਹਰ ਬੈਠਾ ਕੇ ਪਹਿਲਾਂ ਗੈਰੀ ਅੰਦਰ ਗਿਆ ਅਤੇ ਬਾਅਦ ਵਿੱਚ ਉਸ ਨੇ ਦੀਪ ਨੂੰ ਇਸ਼ਾਰੇ ਨਾਲ ਅੰਦਰ ਆਉਣ ਨੂੰ ਕਿਹਾ। ਦੱਸਾਂ ਮਿੰਟਾ ਬਾਅਦ ਦੋਵੇਂ ਬਾਹਰ ਆ

ਗਏ। ਸਾਰੇ ਰਾਹ ਵਿੱਚ ਦੋਹਾਂ ਨੇ ਗੱਲ ਨਾ ਕੀਤੀ। ਦੀਪ ਦਾ ਮੂੰਹ ਉਦਾਸ ਸੀ। ਉਹ ਬਾਹਰ ਕਾਰ ਦੇ ਚੁਪ ਚਾਪ ਵੇਖਦੀ ਰਹੀ। ਬਿੱਟੂ ਥੋੜੀ ਬਹੁਤ ਗੱਲ ਕਰਦਾ ਰਿਹਾਂ ਪਰ ਦੋਵਾਂ ਜੀਆਂ ਨੇ ਸਾਰੇ ਸਫ਼ਰ ਵਿੱਚ ਕੋਈ ਖਾਸ ਹਾਮੀਂ ਨਾ ਭਰੀ। ਛੇਤੀ ਹੀ ਗੱਡੀ ਕੂਲਰ ਫੈਕਟਰੀ ਦੇ ਵਿੱਚ ਆ ਰੁਕੀ। ਗੈਰੀ ਨੇ ਉਸ ਨੂੰ ਅੰਦਰ ਆਉਣ ਦਾ ਵੀ ਨਹੀਂ ਕਿਹਾ। ਬਿੱਟੂ ਨੂੰ ਅੱਜ ਇਹਨਾਂ ਦਾ ਰਵਈਆ ਠੀਕ ਨਾ ਲੱਗਾ। ਬਿੱਟੂ ਨੇ ਆਪਣਾ ਮੋਟਰਸਾਈਕਲ ਚੁਕਿਆਂ ਤੇ ਘਰ ਨੂੰ ਤੁਰ ਪਿਆ। ਬਾਅਦ ਵਿੱਚ ਉਸ ਨੂੰ ਪਤਾ ਲੱਗਿਆ ਕਿ ਗੈਰੀ ਲਿੰਗ ਜਾਂਚ ਕਰਵਾਉਣ ਨੂੰ ਫਿਰਦਾ ਸੀ ਪਰ ਮੌਕੇ ਤੇ ਦੀਪ ਨੇ ਸਾਫ਼ ਮਨਾਂ ਕਰ ਦਿੱਤਾ।ਕੀ ਮੈਂ ਪਾਪ ਨਹੀਂ ਕਰਨਾ ਜੋ ਹੋਵੇਗਾ ਮੈਨੂੰ ਪ੍ਰਮਾਨ ਹੋਵੇਗਾ।

10 ਮਹੀਨੇ ਬੀਤ ਗਏ ਨਾ ਗੈਰੀ ਨੇ ਕੋਈ ਫ਼ੋਨ ਕੀਤਾ ਨਾ ਬਿੱਟੂ ਨੂੰ ਮਿਲਣ ਹੀ ਆਇਆਂ। ਬਿੱਟੂ ਕੋਲ ਵੀ ਸਮਾਂ ਨਹੀਂ ਸੀ ਰੋਜ਼ ਦੇ ਕੰਮ ਕਾਰ ਵਿੱਚ ਉਹ ਵਿਆਸਤ ਸੀ। ਇੱਕ ਦਿਨ ਗੈਰੀ ਦੀ ਮਾਤਾ ਅਵਤਾਰ ਕੌਰ ਦਾ ਫੋਨ ਬਿੱਟੂ ਨੂੰ ਆਇਆ ਉਹ ਉਸ ਨੂੰ ਆਪਣੇ ਘਰ ਝੁਲਾ ਰਹੀ ਸੀ। ਬਿੱਟੂ ਕਈ ਗੱਲਾਂ ਸੋਚਦਾ ਮੋਟਰਸਾਈਕਲ ਤੇ ਤੁਰ ਪਿਆ। ਸੋਚਦਾ ਹੈ ਕਿ ਬਗੈਰ ਕੰਮ ਤਾਂ ਇਹ ਵੀ ਸਦੱਣ ਵਾਲੇ ਨਹੀਂ ਤੇ ਖਿਆਲਾਂ ਦੀ ਦੁਨੀਆਂ ਵਿੱਚ ਕਦੋ ਗੈਰੀ ਦੇ ਘਰ ਵਿਚ ਆ ਗਿਆ।ਉਸ ਨੂੰ ਪਤਾ ਵੀ ਨਾ ਲੱਗਾ।ਘਰ ਅੰਦਰ ਦਾਖਲ ਹੁੰਦਿਆਂ ਉਸ ਨੂੰ ਉਥੇ ਦੇ ਮਾਹੌਲ ਵਿਚ ਕੁਝ ਸੰਨਾਟਾ ਛਾਇਆ ਹੋਈਆਂ ਮਹਿਸੂਸ ਹੋਇਆ। ਅਵਤਾਰ ਕੌਰ ਉਸੇ ਦੀਵਾਨ ਉਪਰ ਬੈਠੀ ਹੈ ਪਰ ਉਸ ਦੇ ਮੂੰਹ ਤੇ ਅੱਜ ਚਿੰਤਾ ਦੀਆਂ ਲਕੀਰਾਂ ਸਾਫ਼ ਹਨ। ਬਿੱਟੂ ਮੱਥਾ ਟੇਕਣ ਤੋਂ ਬਾਅਦ ਕੋਲ ਜਾ ਬੈਠਾ ਤੇ ਸਦੱਣ ਦਾ ਸਬੱਬ ਪੁਛਦਾ ਹੈ। ਅਵਤਾਰ ਕੌਰ ਠੰਡਾ ਸਾਹ ਭਰਦੀ ਹੋਈ ਆਖਦੀ ਹੈ ਮੇਰੇ ਪੁੱਤ ਦੇ ਫਿਰ ਰੱਬ ਨੇ ਪੱਥਰ ਪੱਲੇ ਬੰਨ੍ਹ ਦਿੱਤਾ, ਗੈਰੀ ਦੇ ਤੀਜ਼ੀ ਕੁੜੀ ਹੋ ਗਈ। ਬਿੱਟੂ ਨੇ ਕਿਹਾ ਮਾਤਾ ਜੀ ਲਕਸ਼ਮੀ ਨੂੰ ਏਦਾਂ ਨਾ ਕਹੋ। ਅਵਤਾਰ ਕੌਰ ਨੇ ਕਿਹਾ ਬਿੱਟੂ ਬਜ਼ਾਰ ਵਾਲੇ ਪੰਡਤ ਜੀ ਕਹਿੰਦੇ ਸੀ ਕਿ ਇਹ ਬੱਚੇ ਦੇ ਨਛੱਤਰ ਬੜੇ ਭਾਰੀ ਹਨ, ਬਿੰਦ ਕ ਰੁਕ ਕੇ ਬਿੱਟੂ ਕੋਈ ਸਿਆਣਾ ਦਸ ਜਿਹੜਾ ਮੇਰੇ ਘਰ ਦੇ ਕਲੇਸ਼ ਨਬੇੜੇ। ਬਿੱਟੂ ਹੱਸ ਕੇ ਬੁਜ਼ਰਗੋ ਤੁਸੀਂ ਕਿਹੜੇ ਘੱਟ ਸਿਆਣੇ ਉ ਤੁਸੀਂ ਆਪ ਹੀ ਨਿਬੇੜਾ ਕਰ ਲੋ। ਇਹਨਾਂ ਨਾਲ ਬੈਠ ਕੇ ਗੱਲਬਾਤ ਕਰਨ ਦੀ ਕੋਸ਼ਿਸ਼ ਕਰੋ ਪਰ ਮੇਰੀ ਇੱਕ ਸਲਾਹ ਮੰਨ ਲੈਣਾ ਕਿ ਜਦੋਂ ਵੀ ਗੱਲਬਾਤ ਕਰਨੀ ਇਨ੍ਹਾਂ ਦੀਆਂ ਘਰਵਾਲੀਆਂ ਨੂੰ ਵਿੱਚ ਨਾ ਬੈਠਾਉਣਾ ਜਦੋਂ ਫੈਸਲਾ ਕਰਨਾ ਸਾਰਿਆਂ ਸਾਹਮਣੇ ਕਰਨਾ ਤਾਂ ਕਿ ਸਹਮਤੀ ਬਣ ਸਕੇ। ਅਵਤਾਰ ਕੌਰ ਨੇ ਵੀ ਸਿਰ ਹਿਲਾ ਕੇ ਸ਼ਹਾਦਤ ਭਰ ਦਿੱਤੀ। ਇਨ੍ਹਾਂ ਆਂਖ ਕੇ ਬਿੱਟੂ ਮਹਿੰਦਰ ਸਿੰਘ ਦੇ ਦਫ਼ਤਰ ਵੱਲ ਤੱਕਣ ਲੱਗਾ। ਹੁਣ ਉਥੇ ਰੋਣਕ ਘੱਟ ਸੀ। ਸਰਦੀਆਂ ਆਉਂਣ ਵਾਲੀਆਂ ਸਨ। ਹੁਣ ਵਿੱਚ ਕੰਮ ਘੱਟ ਮਾਤਰਾ ਵਿੱਚ ਸੀ। ਜਦੋਂ ਬਾਹਰ ਤੁਰੀਆਂ ਮਹਿੰਦਰ ਸਿੰਘ ਸੋਟੀ ਆਸਰੇ ਹੋਲੀ ਹੋਲੀ ਆ ਰਿਹਾ ਸੀ। ਬਿੱਟੂ ਨੇ ਗੋਡੀਆਂ ਨੂੰ ਹੱਥ ਲਾ ਕੇ ਹਾਲ ਚਾਲ ਪੁੱਛਿਆ। ਮਹਿੰਦਰ ਸਿੰਘ ਦੀਆਂ ਅੱਖਾਂ ਵਿੱਚ ਸਪਸ਼ਟ ਸੀ ਕਿ ਕੁਝ ਵੀ ਠੀਕ ਨਹੀਂ ਹੈ ਪਰ ਉਸ ਨੇ ਅਕਾਲ ਪੁਰਖ ਦਾ ਸ਼ੁਕਰ ਹੈ ਕਹਿੰਦੇ ਹੋਏ ਤੇ ਠੀਕ ਠਾਕ ਆਂਖ ਕੇ ਅੰਦਰ ਚਲਾ ਗਿਆ। ਮੂੰਹ ਵਿੱਚ ਆਖਦਾ ਜਾ ਰਿਹਾ, “ਆਪੇ ਰੋਣਗੇ ਇੱਕ ਦਿਨ, ਮੈਂ ਤਾਂ ਕੱਟ ਚਲਾ, ਜਦੋਂ ਸੱਜਣ ਤੁਰ ਗਏ ਫਿਰ ਸਿਰ ਪਈਆਂ ਦਾ ਪਤਾ ਚੱਲੂ।” ਇਹ ਬਿੱਟੂ ਤੇ ਮਹਿੰਦਰ ਸਿੰਘ ਦੀ ਆਖਰੀ ਮੁਲਾਕਾਤ ਸੀ।

ਇੱਕ ਦਿਨ ਬਿੱਟੂ ਆਪਣੀ ਪੈਂਚਰ ਮੋਟਰਸਾਈਕਲ ਨੂੰ ਧੱਕਾ ਲਾ ਕੇ ਵਿੱਚ ਥਕਿਆ ਹੋਇਆ ਸ਼ਹਿਰ ਵੱਲ ਨੂੰ ਆ ਰਿਹਾ ਸੀ। ਉਸ ਨੇ ਅਚਾਨਕ ਗੈਰੀ ਨੂੰ ਕਾਰ ਵਿੱਚ ਆਉਂਦਾ ਵੇਖਿਆ ਤੇ ਉਸ ਦੇ ਸਾਹ ਵਿੱਚ ਸਾਹ ਆਇਆ ਪਰ ਇਹ ਖੁਸ਼ੀ ਪਲ ਦੋ ਪਲ ਹੀ ਨਿਕਲੀ। ਬਿੱਟੂ ਦੇ ਇਸ ਜਾਹਿਲ ਦੋਸਤ ਦੀ ਗੱਡੀ ਕੋਲੋਂ ਇਸ ਤਰ੍ਹਾਂ ਨਿਕਲ ਗਈ ਜਿਵੇਂ ਕਿਸੇ ਕੌੜੇ ਸ਼ਰੀਕ ਦੀ ਨਵੀਂ ਗੱਡੀ ਭਰਾਵਾਂ ਨੂੰ ਸਾੜਨ ਲਈ ਜਾਂਦੀ ਹੈ। ਬਿੱਟੂ ਨੇ ਦਿਲ ਵਿੱਚ ਲੱਖ ਲਾਹਨਤ ਉਸ ਤੇ ਅਤੇ ਦਸ ਲੱਖ ਲਾਹਨਤ ਆਪਣੀ ਯਾਰੀ ’ਤੇ ਪਾਈ।

ਅਮੀਰੋ ਸੇ ਦੋਸਤੀ ਕਰ ਕੇ ਅਬ ਪਛਤਾਤਾ ਹੈ ਕਿਉਂ ? ਤਾਲਿਬ ਦੁਖਤਾ ਹੈ ਦਿਲ ਤੋਂ ਅਬ ਸੁਣਾਤਾ ਹੈ ਕਿਉਂ ? ਤਾਲਿਬ ਇੱਕ ਦਿਨ ਜਦੋਂ ਸਭ ਸ਼ਾਂਤ ਹੋ ਗਿਆ ਬਿੱਟੂ ਗੈਰੀ ਦੀ ਬੇਵਫ਼ਾਈ ਨੂੰ ਭੁੱਲ ਗਿਆ। ਆਪਣੇ ਕਾਰੋਬਾਰ ਵਿੱਚ ਮਸਤ ਹੋ ਗਿਆ ਤਾਂ ਇਕ ਫ਼ੋਨ ਕਾਲ ਨੇ ਉਸ ਦੀ ਸ਼ਾਂਤੀ ਨੂੰ ਭੰਗ ਕਰ ਦਿਤਾ। ਇਹ ਫ਼ੋਨ ਉਸ ਦੇ ਦੋਸਤ ਰਾਜੂ ਦਾ ਸੀ। ਉਸ ਨੇ ਦੱਸਿਆ ਕਿ ਗੈਰੀ ਨੇ ਬਹੁਤ ਵੱਡਾ ਕਾਂਡ ਕਰ ਦਿੱਤਾ ਹੈ। ਇਹ ਸੁਣ ਕੇ ਬਿੱਟੂ ਨੇ ਪੁੱਛਿਆ ਕੀ ਹੋਇਆ? ਉਸ ਨੇ ਦੱਸਿਆ ਕਿ ਗੈਰੀ ਨੇ ਆਪਣੇ ਭਰਾ ਤੇ ਭਾਬੀ ਨੂੰ ਜਾਨ ਤੋਂ ਮਾਰ ਦਿੱਤਾ ਅਤੇ ਆਪ ਭਗੋੜਾ ਹੋ ਗਿਆ। ਇਹ ਸੁਣ ਕੇ ਬਿੱਟੂ ਆਪਣੀ ਕੁਰਸੀ ਤੇ ਬੈਠ ਗਿਆ ਤੇ ਸਿਰ ਫੜ, ਅੱਖਾਂ ਬੰਦ ਕਰਕੇ ਕਈ ਗੱਲਾਂ ਵਿੱਚ ਡੁੱਬ ਗਿਆ। ਉਸ ਦੇ ਜ਼ਹਿਨ ਵਿੱਚ ਗੈਰੀ ਤੇ ਹਨੀ ਦੇ ਚੇਹਰੇ ਘੁੰਮਣ ਲੱਗੇ। ਰਾਜੂ ਨੇ ਬਿੱਟੂ ਨੂੰ ਆਪਣੇ ਘਰ ਸੱਦ ਲਿਆ ਰਾਜੂ ਕੂਲਰ ਫੈਕਟਰੀ ਵਿਚ ਕੰਮ ਕਰਦਾ ਸੀ ਤੇ ਬਿੱਟੂ ਨੂੰ

ਗੈਰੀ ਕਰਕੇ ਭਾ ਜੀ ਕਹਿੰਦਾ ਸੀ। ਉਹ ਉਸ ਰਹਿਸ ਕੋਠੀ ਦਾ ਚੰਗਾ ਰਾਜ਼ਦਾਰ ਸੀ।

ਬਿੱਟੂ ਕੋਈ 30-40 ਮਿੰਟ ਬਾਅਦ ਉਸ ਕੋਲ ਜਾ ਪੁੱਜਾ। ਰਾਜੂ ਨੇ ਸਾਰੀ ਗਾਥਾ ਉਸ ਨੂੰ ਖੋਲ ਸੁਣਾਈ। ਕੀ ਪਿਛਲੇ 4 ਮਹੀਨੇ ਪਹਿਲਾਂ ਕਿਵੇਂ ਮਹਿੰਦਰ ਸਿੰਘ ਕਿਡਨੀਆਂ ਦੀ ਬਿਮਾਰੀ ਕਾਰਨ ਜ਼ਿਆਦਾ ਬਿਮਾਰ ਪੈ ਗਿਆ। ਉਸ ਨੂੰ ਡਾਕਟਰਾ ਨੇ ਕਿਡਨੀ ਟਰਾਂਸਪਲਾਂਟ ਕਰਵਾਉਣ ਦੀ ਸਲਾਹ ਦਿੱਤੀ ਪਰ ਮਹਿੰਦਰ ਸਿੰਘ ਨੇ ਇਲਾਜ਼ ਲਈ ਹੀ ਜ਼ੋਰ ਪਾਇਆ ਕਿਉਂਕਿ ਉਸ ਕੋਲ ਪੈਸਾ ਤਾ ਸੀ ਪਰ ਕੋਈ ਪਰਵਾਰਿਕ ਮੈਂਬਰ ਅੰਗ ਦਾਨ ਲਈ ਨਹੀਂ ਸੀ। ਭਾਰਤ ਦੇ ਕਈ ਸ਼ਹਿਰਾਂ ਵਿੱਚ ਉਸ ਨੇ ਡਾਕਟਰੀ ਸਲਾਹ ਲਈ ਅਵਤਾਰ ਕੌਰ ਆਪਣੇ ਪਤੀ ਨੂੰ ਕਿਡਨੀ ਦੇ ਸਕਦੀ ਸੀ ਪਰ ਉਸ ਦੀ ਮਧੂ ਮੇਹ (ਸ਼ੂਗਰ) ਕਾਰਨ ਅਤੇ ਵਜ਼ਨ ਵੱਧ ਕਾਰਨ ਉਸ ਦੇ ਟੈਸਟ ਠੀਕ ਨਹੀਂ ਆ ਰਹੇ ਸਨ। ਇਸ ਲਈ ਉਸ ਦੀ ਕਿਡਨੀ ਨਹੀਂ ਲਈ ਜਾਂ ਸਕਦੀ ਸੀ। ਮਹਿੰਦਰ ਸਿੰਘ ਆਪਣੇ ਆਪ ਨੂੰ ਬਚਾਉਣ ਦੀ ਕੋਸ਼ਿਸ਼ ਬੁਹਤ ਕੀਤੀ ਉਸ ਨੇ ਪੈਸੇ ਨੂੰ ਪਾਣੀ ਵਾਂਗ ਰੋੜ੍ਹਿਆਂ ਪਰ 2 ਮਹਿਨੇ ਪਹਿਲਾਂ ਉਹ ਆਪਣਾ ਸਰੀਰ ਘਰ ਦੀਆਂ ਦੀ ਬੇਰੁੱਖੀ ਕਾਰਨ ਤਿਆਗ ਗਿਆ। ਉਸ ਦੇ ਜਾਣ ਤੋਂ ਬਾਅਦ ਉਸ ਦੀ ਸਾਰੀ ਜਾਇਦਾਦ ਦੋਵਾਂ ਮੁੰਡਿਆਂ ਵਿੱਚ ਵੰਡ ਹੋਣ ਵਾਲੀ ਸੀ। ਉਹਨਾਂ ਦੀ ਬੇਟੀ ਸਹਿਜ ਪ੍ਰੀਤ ਮੌਕੇ ਤੇ ਆਈ ਤੇ ਲਿਖ ਕੇ ਦੇ ਗਈ ਕੀ ਉਸ ਨੂੰ ਇਸ ਜਾਇਦਾਦ ਵਿਚੋਂ ਕੁਝ ਨਹੀਂ ਚਾਹੀਦਾ। ਇੱਕ ਦੋ ਦਿਨ ਦਾ ਸੋਗ ਮਨਾਇਆ ਗਿਆ ਅੰਗੀਠਾ ਕੀਰਤ ਪੁਰ ਸਾਹਿਬ ਪ੍ਰਵਾਹ ਕਰਨ ਤੋਂ ਬਾਅਦ ਚੋਥੇ ਦਿਨ ਹੀ ਅੰਤਿਮ ਕਿਰੀਆ ਦਾ ਭੋਗ ਤੇ ਅਰਦਾਸ ਕਰ ਦਿੱਤੀ ਗਈ। ਸਹਿਜ ਪ੍ਰੀਤ 10 ਦਿਨ ਬਾਅਦ ਕਨੇਡਾ ਚਲੀ ਗਈ।

ਹੁਣ ਘਰ ਘਰ ਨਹੀਂ ਸੀ, ਇੱਕ ਤਰ੍ਹਾਂ ਦੀ ਸ਼ਾਜਿਸਾਂ ਦਾ ਅੱਡਾ ਬਣ ਗਿਆ ਸੀ। ਜਿਸ ਤਰ੍ਹਾਂ ਇੱਕ ਰਾਜਾ ਮੌਤ ਤੋਂ ਬਾਅਦ ਆਪਣੇ ਉਤਰਾਧਿਕਾਰੀਆ ਨੂੰ ਆਪਸ ਵਿੱਚ ਲੜਣ ਵਾਸਤੇ ਛੱਡ ਜਾਂਦਾ ਉਹ ਵੀ ਇੱਕ ਦੂੱਜੇ ਤੇ ਇਹ ਸ਼ੱਕ ਕਰਨ ਲਈ ਕਿ ਬਾਪੂ ਪਤਾ ਨਹੀਂ ਕਿਸ ਨੂੰ ਜ਼ਿਆਦਾ ਮਾਲ ਦੇ ਗਿਆ ।ਹਰ ਵੇਲੇ ਗਹਿਰਾਈ ਦੇ ਬੇਵਿਸ਼ਵਾਸ ਨੇ ਮਾਹੌਲ ਨੂੰ ਨੇ ਇਸ ਪ੍ਰਕਾਰ ਦੂਸ਼ਿਤ ਕਰ ਦਿੱਤਾ ਜਿਵੇਂ ਕੋਈ ਸਾਫ਼ ਸੁਥਰੀ ਹਵਾ ਦੇ ਵਿੱਚ ਰੱਬੜ ਦਾ ਟਾਇਰ ਸਾੜ ਦੇਵੇ।

ਹੁਣ ਮਥੰਨ ਦੇ ਸਮੇਂ ਦੇਵਤਿਆਂ ਨੂੰ ਇਕੱਲਾ ਅਮ੍ਰਿਤ ਤਾਂ ਨਹੀਂ ਮਿਲਿਆ ਸੀ ਨਾਲ ਹੀ ਵਿਸ਼ ਵੀ ਪ੍ਰਾਪਤ ਹੋਇਆ ਸੀ। ਉਸ ਸਮੇਂ ਤਾਂ ਮਹਾਂਦੇਵ ਜੀ ਨੇ ਆ ਕੇ ਵਿਸ਼ ਦਾ ਪਿਆਲਾ ਪੀ ਕੇ ਦੇਵਤਿਆਂ ਨੂੰ ਤੇ ਜਨਜੀਵਨ ਨੂੰ ਬਚਾ ਲਿਆ ਸੀ ਪਰ ਇਥੇ ਤਾਂ ਮਹਾਂਦੇਵ ਜੀ ਨਹੀਂ ਆ ਰਹੇ ਸਨ। ਕਿਉਂਕਿ ਮਹਿੰਦਰ ਸਿੰਘ ਜੀ ਦੀ ਕਰੋੜਾਂ ਦੀ ਪ੍ਰੋਪਰਟੀ ਤਾਂ ਆ ਰਹੀ ਸੀ ਪਰ ਉਹਨਾਂ ਨੇ ਜੋ ਲੋਨ ਚੁੱਕੇ ਸਨ ਉਹ ਵੀ ਤਾਂ ਆ ਰਹੇ ਸੀ। ਇਹ ਤਾਂ ਕਿਸੇ ਨੂੰ ਦਿਸਦੇ ਹੀ ਨਹੀਂ ਪਏ ਸਨ ਜਾਂ ਦਿਸਦੇ ਸਨ ਪਰ ਵੇਖਣੇ ਚਾਹੁੰਦੇ ਨਹੀਂ ਸਨ। ਕਾਰਾਂ ਦੇ ਲੋਨ, ਫੈਕਟਰੀਆਂ ਦੇ ਲੋਨ, ਅਤੇ ਪਰਸਨਲ ਲੋਨ, ਇਹ ਸਾਰੇ ਮਿਲਾ ਕੇ ਘੱਟੋ ਘੱਟ 40-45 ਲੱਖ ਦੀ ਦੇਣਦਾਰੀ ਸੀ ਜਿਸ ਦੇ ਬਾਰੇ ਇਹਨਾਂ ਦੋਵਾਂ ਭਰਾਵਾਂ ਨੂੰ ਮੋਟਾ ਮੋਟਾ ਹੀ ਪਤਾ ਸੀ ਬਰੀਕੀ ਦੇ ਵਿੱਚ ਇਹਨਾਂ ਨੇ ਕਦੀ ਸੋਚਿਆ ਹੀ ਨਹੀਂ ਸੀ। ਕਿਉਂ ਕਿ ਬਾਪੂ ਦੇ ਕੋਲ ਕਦੇ ਆਪਣੇ ਆਪ ਬੈਠੇ ਹੀ ਨਹੀਂ ਸੀ। ਲੈਣ ਦੇਣ ਕੇਵਲ ਮਹਿੰਦਰ ਸਿੰਘ ਦੇ ਹੱਥ ਸੀ ਹਜੇ। ਹਨੀ ਕੁਝ ਅਕਾਊਂਟ ਦੀ ਸਮਝ ਰੱਖਦਾ ਸੀ ਪਰ ਉਹ ਕਿਤੇ ਕਿਤੇ ਮੀਸਨਾ ਸੀ ਮੌਕੇ ਤੇ ਪੱਤੇ ਖੋਲਦਾ ਸੀ। ਉਥੇ ਗੈਰੀ ਮੂੰਹ ਫੱਟ ਤੇ ਮਹਿਗੀਆਂ ਚੀਜ਼ਾਂ ਨੂੰ ਹਮੇਸ਼ਾ ਖਰਿਦਣ ਦਾ ਖਿਆਲ ਰੱਖਣ ਵਾਲਾ ਸੀ।

ਜਿਸ ਕਾਰਨ ਉਹ ਰਿਸ਼ਤੇਦਾਰਾਂ ਅਤੇ ਦੋਸਤਾਂ ਵਿਚ ਮਸ਼ਹੂਰ ਸੀ।

ਆਉਂਣ ਵਾਲੇ ਮਹੀਨਿਆਂ ਵਿਚ ਇਸ ਘਰ ਤੇ ਕਹਿਰ ਨਾਜ਼ਿਲ ਹੋਣ ਵਾਲਾ ਸੀ। ਅਵਤਾਰ ਕੌਰ ਨੇ ਦੋਵਾਂ ਭਰਾਵਾਂ ਨੂੰ ਬਹੁਤ ਸਮਝਾਇਆ ਕਿ ਪਰ ਹੁਣ ਦਿਕੱਤ ਪੇਸ਼ ਇਹ ਆਉਂਣ ਲੱਗੀ ਕਿ ਜਦੋਂ ਵੀ ਅਵਤਾਰ ਕੌਰ ਨੇ ਗੈਰੀ ਤੇ ਹਨੀ ਨਾਲ ਗੱਲਬਾਤ ਕਰਨ ਲੱਗਣਾ ਤਾਂ ਰੋਜ਼ੀ ਨੇ ਵੀ ਵਿੱਚ ਬੋਲਣਾ ਸ਼ੁਰੂ ਕਰ ਦੇਣਾ। ਦੀਪ ਵੀ ਹੌਲੀ ਹੌਲੀ ਆ ਬੈਠਣ ਲੱਗੀ। ਗੱਲ ਚਲਦੀ ਚਲਦੀ ਵਿੱਚ ਕਲੇਸ਼ ਖੜ੍ਹਾ ਹੋਣਾ ਨਿੱਤ ਦਾ ਕੰਮ ਹੋ ਗਿਆ। ਮਸਲਾ ਹੱਲ ਤਾਂ ਹੀ ਹੋਵੇ ਜਦ ਕੋਈ ਸੰਜੀਦਗੀ ਨਾਲ ਬੈਠੇ ਤੇ ਸੁਣੇ ਪਰ ਇਹ ਮੁਮਕਿਨ ਨਹੀਂ ਸੀ।ਅਵਤਾਰ ਕੌਰ ਨੇ ਆਪਣੇ ਭਰਾ ਨਿਰੰਜਣ ਸਿੰਘ ਭਾਟੀਆ ਨੂੰ ਇਸ ਕਲੇਸ਼ ਦੇ ਨਬੇੜੇ ਲਈ ਸਦਿਆ। ਉਸ ਨੇ ਸਮਝਾਇਆ, "ਕਾਕਾ ਜੀ! ਪਿਉਂ ਤੁਹਾਡਾ ਜਾਇਦਾਦ ਤੁਹਾਡੀ ਤੇ ਕਰਜ਼ਾ ਵੀ ਤੁਹਾਡੇ ਹੀ ਪੱਲੇ ਪੈਣਾਂ ਉਹ ਗੁਆਂਢੀ ਥੋੜੇ ਦੇਣਗੇ।" ਉਸ ਨੇ ਦੋਵਾਂ ਭਰਾਵਾਂ ਵਿੱਚ ਸਾਰੀ ਜਾਇਦਾਦ ਦੀ ਵੰਡ ਇਹਤਰਾਮ ਨਾਲ ਕਰਵਾ ਦਿੱਤੀ। ਪਰ ਕਰਜ਼ੇ ਵਾਲੀ ਕੁੰਡੀ ਨਾ ਕੱਢ ਸਕਿਆ ਉਹ ਉਥੇ ਦੀ ਉਥੇ ਫਸੀ ਰਹੀ। ਜੇ ਅੱਜ ਰਾਤ ਦੋਵੇਂ ਭਰਾ ਮੰਨ ਜਾਂਦੇ ਤਾਂ ਸਵੇਰ ਤੱਕ ਦੋਹਾਂ ਦੇ ਘਰਵਾਲੀਆਂ ਕੋਈ ਨਾ ਕੋਈ ਪੱਟੀ ਪੜ੍ਹਾ ਜਾਂਦੀਆਂ। ਅਵਤਾਰ

ਕੌਰ ਦਾ ਆਪਣੇ ਘਰ ਵਿੱਚ ਕੋਈ ਕੰਟਰੋਲ ਨਾ ਰਿਹਾ। ਫੈਕਟਰੀ ਦਾ ਕੰਮ ਠੱਪ ਹੋਣ ਲੱਗ ਪਿਆ। ਕਾਰੀਗਰ, ਮਜ਼ਦੂਰ, ਵਪਾਰੀ ਪੈਸਾ ਮੰਗ ਰਹੇ ਸਨ। ਦਫਤਰ ਵਿੱਚ ਚਾਪਲੂਸ ਦੋਵਾ ਭਰਾਵਾਂ ਦੇ ਖਿਲਾਫ ਇੱਕ ਦੂਜੇ ਨੂੰ ਭੜਕਾ ਕੇ ਫਾਇਦਾ ਉਠਾ ਰਹੇ ਸਨ। ਕਰਜ਼ਾ ਲੈਣ ਵਾਲੇ ਫੈਕਟਰੀ ਦੇ ਚੱਕਰ ਕੱਟ ਰਹੇ ਸਨ। ਜਿਸ ਕੋਲ ਜੋ ਸੀ ਉਹ ਦੱਬੀ ਫਿਰ ਰਿਹਾ ਸੀ।

ਅਵਤਾਰ ਕੌਰ ਦੇ ਕੋਲ ਇੱਕ ਨੌ ਲੱਖਾ ਹਾਰ ਸੀ ਜੋ ਮਹਿੰਦਰ ਸਿੰਘ ਨੇ ਉਸ ਦੀ ਪੰਜਾਵੀ ਸ਼ਾਦੀ ਦੀ ਸਾਲਗਿਰਾ ਦੇ ਮੌਕੇ ਬਣਵਾ ਕੇ ਦਿੱਤਾ ਸੀ।

ਇੱਕ ਦਿਨ ਕਰਜ਼ੇ ਦੀਆਂ ਕਿਸ਼ਤਾਂ ਤੇ ਖਰਚ ਉਤਾਰਨ ਲਈ ਉਸ ਨੂੰ ਗਹਿਣੇ ਰੱਖਣਾ ਪੈ ਗਿਆ। ਕਿਉਂਕਿ ਕਰਜ਼ ਤਾਂ ਉਸ ਦੇ ਪਤੀ ਨੇ ਚੁੱਕਿਆ ਸੀ। ਔਲਾਦ ਤਾਂ ਸੁਰਖ਼ਰੂ ਹੋ ਗਈ ਸੀ। ਕਰਜ਼ ਵੀ ਕਈ ਤਰ੍ਹਾਂ ਦਾ ਹੁੰਦਾ ਹੈ। ਇਕ ਕਰਜ਼ ਜੋ ਦੇਣਾ ਹੋਵੇ ਪਰ ਇਸ ਦਾ ਵਿਆਜ਼ ਨਹੀਂ ਹੁੰਦਾ, ਇੱਕ ਵਰ੍ਹਦੀ ਕ੍ਰਜ਼ ਹੁੰਦਾ ਹੈ ਜੋ ਸਾਲ ਮਹੀਨੇ ਬਾਅਦ ਵਿਆਜ਼ ਲੱਗ ਰਿਹਾ ਹੈ। ਉਹ ਮੂਲ ਤੇ ਵਿਆਜ਼ ਦੋਵਾਂ ਦਾ ਸਮਾਂ ਮੁਕੱਰਰ ਹੈ, ਇੱਕ ਸ਼ਿਖਾ ਵਧੀ ਕਰਜ਼ ਜੋ ਵਾਲਾਂ ਵਾਂਗ ਰੋਜ ਵੱਧ ਰਿਹਾ ਹੈ ਜੋ ਜਿਸ ਨੂੰ ਅਵਤਾਰ ਕੌਰ ਨੂੰ ਦਿਖਾਈ ਦੇ ਰਿਹਾ ਸੀ। ਨਾਲ ਨਾਲ ਔਲਾਦ ਅਤੇ ਪਤੀ ਦਾ ਕਰਜ਼ ਵੀ ਅਦਾ ਕਰਨਾ ਪੈ ਰਿਹਾ ਹੈ। ਅਵਤਾਰ ਕੌਰ ਜਾਣੂੰ ਹੈ ਕਿ ਇਹ ਵਿਆਜ਼ ਤੇ ਕਰਜ਼ ਉਸ ਦੇ ਮਰਨ ਤੋਂ ਬਾਅਦ ਵੀ ਉਸ ਦੇ ਪਿਤਰਾਂ ਨੂੰ ਚੁਕਾਉਣਾ ਪੈਣਾ ਹੈ। ਇਹ ਉਹੀ ਔਰਤ ਸੀ ਜਿਸ ਕੋਲ ਕਿਸੇ ਸਮੇਂ ਵਿਆਜ਼ ਦੇਣ ਵਾਲੇ ਦਰਵਾਜ਼ੇ ਤੇ ਖੜੇ ਹੁੰਦੇ ਸਨ ਬੈਂਕਾਂ ਵਾਲੇ ਫੈਕਟਰੀ ਦੇ ਅੱਗੇ ਪਿੱਛੇ ਚੱਕਰ ਲਗਾਉਂਦੇ ਸਨ। ਬਿੱਟੂ ਨੂੰ ਯਾਦ ਹੈ ਜਦੋਂ ਉਹ ਨਵਾਂ ਨਵਾਂ ਉਹਨਾਂ ਦੇ ਘਰ ਆਉਣ ਲੱਗ ਪਿਆ ਸੀ ਤਾਂ ਕਿਵੇਂ ਇੱਕ ਦੰਪਤੀ ਜੋ ਉਸ ਫੈਕਟਰੀ ਵਿਚ ਕੰਮ ਕਰਦੇ ਸਨ ਕੁਝ ਪੈਸੇ ਦਾ ਵਿਆਜ਼ ਦੇਣ ਲਈ ਅੱਧਾ ਘੰਟਾ ਅਵਤਾਰ ਕੌਰ ਦੀ ਉਡੀਕ ਕਰ ਰਹੇ ਸਨ ਕਿ ਕਦੋਂ ਉਹ ਖਾਣਾ ਖਾ ਕੇ ਬਾਹਰ ਨਿਕਲ ਕੇ ਆਏ ਤੇ ਪੈਸੇ ਫੜੇ। ਅੱਜ ਉਹ ਹੀ ਘਰ ਮੂਹਰੇ ਪੈਸੇ ਲੈਣ ਵਾਲੇ ਗੇੜੇ ਦੇ ਰਹੇ ਸਨ। ਬੈਂਕਾਂ ਜੋ ਫੈਕਟਰੀ ਨੂੰ ਕਰਜ਼ਾ ਦੇਣ ਲਈ ਕਿਸੇ ਨਾ ਕਿਸੇ ਨੂੰ ਭੇਜਿਆ ਕਰਦੀਆਂ ਸਨ ਅੱਜ ਉਹ ਉਹ ਕਰਜ਼ਾ ਵਸੂਲੀ ਲਈ ਖੜ੍ਹੇ ਸੀ।

ਇੱਕ ਰਾਤ ਦੋਵਾਂ ਨੂੰਹਾਂ ਨੇ ਅਵਤਾਰ ਕੌਰ ਨੂੰ ਰੋਟੀ ਖਾਣ ਦਾ ਨਾ ਪੁੱਛਿਆ। ਰਸੋਈ ਵਿੱਚ ਕੋਈ ਵੜਿਆ ਹੀ ਨਾ ਗੈਰੀ ਉਸ ਦੇ ਬੱਚੇ ਸਾਰੇ ਮੋਗੇ ਆਪਣੇ ਸੁਹਰਿਆਂ ਦੇ ਗਏ ਸਨ। ਹਨੀ ਰੋਜ਼ੀ ਆਪਣੇ ਕਮਰੇ ਵਿੱਚ ਅੱਜ ਬਾਹਰੋਂ ਵਿਆਹ ਤੇ ਖਾ ਕੇ ਆ ਗਏ। ਅਵਤਾਰ ਕੌਰ ਨੇ ਰਸੋਈ ਵਿੱਚ ਜਾ ਕੇ ਕੁਝ ਖਾਣ ਨੂੰ ਵੇਖਿਆ ਤਾਂ ਕੁਝ ਨਾ ਲੱਭਾ ਫਰਿਜ ਖ਼ਾਲੀ ਸੀ।

ਇਹ ਉਹ ਰਸੋਈ ਸੀ ਜਿਸ ਵਿੱਚ ਸਾਰਾ ਦਿਨ ਖਾਣਾ ਖ਼ਰਾਬ ਹੁੰਦਾ ਸੀ। ਭਰੇ ਥਾਲ ਸਬਜ਼ੀ ਦੇ ਕੂਕਰ ਨਾਲੀਆਂ ਵਿਚ ਡੋਲ ਦਿੱਤੇ ਜਾਂਦੇ ਸੀ। ਅਚਾਰ, ਮੁਰੱਬੇ, ਸੁੱਕੇ ਮੇਵਿਆਂ ਨੂੰ ਬੰਦ ਪਿਆ ਨੂੰ ਉਲੀ ਲੱਗ ਜਾਂਦੀ ਸੀ। ਅਵਤਾਰ ਕੌਰ ਨੂੰ ਰਸੋਈ ਵਿੱਚ ਖਾਣਾ ਬਣਾਇਆ ਨੂੰ 30-35 ਸਾਲ ਹੋ ਗਏ ਸਨ। ਸ਼ੂਗਰ ਦੀ ਬਿਮਾਰੀ ਤੇ ਵਜ਼ਨ ਕਾਰਨ ਉਸ ਕੋਲ ਖੜਨਾਂ ਵੀ ਮੁਸ਼ਕਲ ਸੀ। ਉਹ ਰਾਤ, ਕਹਿਰਾਂ ਦੀ ਗੁਜ਼ਰ ਰਹੀ ਸੀ, ਉਸ ਕੋਲ ਸਿਰਫ ਸੁੱਕਾ ਦੁੱਧ ਤੇ ਕੁਝ ਮੂੰਗਫਲੀ ਸੀ। ਉਸ ਨੇ ਉਸ ਦੁੱਧ ਦੀ ਚਾਹ ਦੋ ਵਾਰ ਬਣਾਈਂ ਰਾਤ ਨੂੰ ਠੰਡ ਹੋਰ ਵੱਧ ਗਈ ਭੁੱਖ ਵਿੱਚ ਨੀਂਦ ਵੀ ਕਿੱਥੇ ਆਉਂਦੀ।

ਇਸ ਕਹਿਰ ਦੀ ਠੰਡੀ ਰਾਤ ਤੇ ਭੁੱਖ ਨੇ ਉਸ ਨੂੰ ਇਸ ਘਰ ਵਿੱਚ ਗੁਜ਼ਾਰੇ ਚੰਗੇ ਪਲਾਂ ਵਿੱਚ ਮਨਾਈਆ ਖੁਸ਼ੀਆਂ ਅਤੇ ਆਪਣੇ ਵਲੋਂ ਕੀਤੀਆਂ ਲੋਕਾਂ, ਨੌਕਰਾਂ, ਮਜ਼ਦੂਰਾ ਤੇ ਮਜਬੂਰਾਂ ਨਾਲ ਵਧੀਕੀਆਂ ਦਾ ਸਾਰਾ ਬਿਰਤਾਂਤ ਸੁਣਾ ਦਿੱਤਾ। ਕਿਵੇਂ ਲੋਕ ਉਸ ਦੀ ਚੋਖਟ ਤੇ ਮਿੰਨਤਾਂ ਕਰਦੇ ਸਨ ਤੇ ਉਹ ਆਪਣੇ ਤਕਬੂਰ ਵਿੱਚ ਕੰਨਾਂ ਤੇ ਜੂੰ ਨਹੀਂ ਸਰਕਨ ਦਿੰਦੀ ਸੀ। ਜਦੋਂ ਉਹ ਨੂੰ ਬਾਥਰੂਮ ਵਿੱਚ ਅੱਧ ਨੀਂਦ ਵਿੱਚ ਤੁਰਨ ਲੱਗੀ ਤਾਂ ਇਹ ਮਹਿਜ਼ ਦੋ ਕਦਮ ਤੁਰੀ ਤਾਂ ਉਸ ਦੀ ਸੋਟੀ ਥੱਲੇ ਪਏ ਕਾਰਪੇਟ ਦੇ ਫੱਟੇ ਹੋਏ ਹਿੱਸੇ ਵਿੱਚ ਫਸ ਗਈ ਤੇ ਉਸ ਦਾ ਸਤੁਲੰਨ ਵਿਗੜ ਗਿਆ ਤੇ ਉਹ ਆਪਣੇ ਭਾਰ ਗਿਰ ਗਈ ਤੇ ਉੱਚੀ ਉੱਚੀ ਰੋਈ। ਉਸ ਰਾਤ ਉਸ ਨੇ ਆਪਣੇ ਕਰਮਾਂ ਦੀ ਮਾਫ਼ੀ ਉਹ ਪ੍ਰਮਾਤਮਾ ਦੇ ਕੋਲ ਰੋਂਦੀ ਹੋਈ ਨੇ ਬਾਰ ਬਾਰ ਮੰਗੀ। ਜਦ ਦੋ ਪਲ ਲਈ ਉਹ ਨੀਂਦ ਦੇ ਜ਼ੋਰ ਕਰਕੇ ਬੇਸੁੱਧ ਹੋ ਗਈ ਤੇ ਉਸ ਕਾਰਪੇਟ ਤੇ ਹੀ ਸੌਂ ਗਈ। ਤਦ ਉਸ ਦੇ ਕੰਨਾ ਵਿੱਚ ਨਾਲ ਦੇ ਗੁਰਦੁਆਰਾ ਸਾਹਿਬ ਤੋਂ ਭਾਈ ਸਾਹਿਬ ਦੇ ਗੁਰਬਾਣੀ ਦੇ ਸ਼ਬਦ ਪੈਂਦੇ ਹਨ ਤਦ ਉਸ ਦੀ ਅੱਖ ਖੁੱਲੀ ਉਸ ਦਾ ਧਿਆਨ ਘੜੀ ਵੱਲ ਗਿਆ ਸਮਾਂ 5 ਵਜੇ ਦਾ ਹੋ ਗਿਆ ਸੀ।

ਉਸ ਨੇ ਇਸ਼ਨਾਨ ਕਰਕੇ ਉਥੇ ਜਾਣ ਦਾ ਫੈਸਲਾ ਕਰ ਲਿਆ। ਇਸ ਗੁਰਦੁਆਰਾ ਸਾਹਿਬ ਗਈ ਉਸ ਨੂੰ ਸਾਲੋਂ- ਸਾਲ ਬੀਤ ਗਏ। ਮਹਿੰਦਰ ਸਿੰਘ ਹਜੇ ਸੰਗਰਾਦ ਜਾਂ ਮਹੀਨੇ ਵਿੱਚ ਦੋ ਤਿੰਨ ਵਾਰ ਜਾ ਆਉਂਦਾ ਸੀ।

ਅਵਤਾਰ ਕੌਰ ਮੂੰਹ ਹਨੇਰੇ ਸੋਟੀ ਦੇ ਆਸਰੇ ਹੌਲੀ ਹੌਲੀ ਰਾਹ ਵਿੱਚ ਬੈਠ ਬੈਠ ਕੇ ਗੁਰਦੁਆਰਾ ਸਾਹਿਬ ਪਹੁੰਚ ਗਈ।

ਗੁਰੂ ਗ੍ਰੰਥ ਸਾਹਿਬ ਦੇ ਤਾਬਿਆ ਬੈਠ ਕੇ ਮੂੰਹ ਲਕੋ ਕੇ ਜਾਰ ਜਾਰ ਰੋਈ। ਫੇਰ ਹੌਂਸਲਾ ਕਰ ਕੇ ਹੋਲੀ ਹੋਲੀ ਲੰਗਰ ਹਾਲ ਵਿੱਚ ਪੁਹੰਚ ਗਈ। ਉਥੇ ਬੈਠ ਕੇ ਉਸ ਦਾ ਧਿਆਨ ਇਮਾਰਤ ਦੇ ਉਸ ਹਿੱਸੇ ਵਿੱਚ ਪਿਆ ਜਿਸ ਦੀ ਉਸਾਰੀ ਦਾ ਸੇਵਾ ਵਿੱਚ ਮਹਿੰਦਰ ਸਿੰਘ ਨੇ ਨਕਦ 2 ਲੱਖ ਰੁਪਏ ਪਾਏਂ ਸਨ ਅਤੇ ਅੱਜ ਉਸ ਕੋਲ ਇਥੇ ਸੇਵਾ ਪਾਉਣ ਲਈ ਕੇਵਲ 10 ਰੁਪਏ ਸਨ ।ਉਹ ਯਾਦ ਕਰਦੀ ਹੈ ਕਿ ਸਾਰਾ ਪਰਿਵਾਰ ਇਕੱਠੇ ਹੋ ਕੇ ਇਥੇ ਲੰਗਰ ਛਕ ਕੇ ਗਏ ਸਨ। ਇਹ ਵੇਖ ਕੇ ਉਸ ਨੂੰ ਇਹ ਮਹਿਸੂਸ ਹੋਇਆ ਕਿ ਅੱਜ ਪ੍ਰਮਾਰਥ ਵਿੱਚ ਲਗਿਆ ਪੈਸਾ ਹੀ ਉਸ ਨੂੰ ਇਥੇ ਲੈ ਆਈਆਂ। ਇਥੋਂ ਉਹ ਲੰਗਰ ਛਕ ਕੇ ਚੁੱਪ ਚਾਪ ਬਾਹਰ ਨਿਕਲ ਆਈ। ਬਾਹਰ ਉਸ ਨੂੰ ਇਹ ਵੀ ਸ਼ਰਮ ਆਉਂਦੀ ਸੀ ਕਿ ਲੋਕ ਕੀ ਸੋਚਣਗੇ ਇਨੇ ਵੱਡੇ ਘਰ ਦੀ ਔਰਤ ਇਸ ਅੱਜ ਇਸ ਹਾਲਤ ਵਿੱਚ ਇਥੇ ਕੀ ਕਰ ਰਹੀ ਹੈ। ਕਿਉਂਕਿ ਬਗੈਰ ਕਾਰਾਂ ਗੱਡੀਆਂ ਤੋਂ ਤਾਂ ਉਹ ਅੱਜ ਤੱਕ ਨਹੀਂ ਕਿਤੇ ਗਈ ਸੀ ਤੇ ਅੱਜ ਵੱਕਤ ਨੇਂ ਪੈਦਲ ਚੱਲਣ ਨੂੰ ਮਜਬੂਰ ਕਰ ਦਿੱਤਾ।

ਸਿਆਣੀਆਂ ਸਹੀ ਕਿਹਾ ਸਮਾਂ ਸਮਾਂ ਸਮਰੱਥ ਉਹੀ ਅਰਜਨ ਦੇ ਤੀਰ ਤੇ ਉਹੀ ਅਰਜਨ ਦੀ ਹੱਥ !

ਅਗਲੇ ਦਿਨ ਤੋਂ ਅਵਤਾਰ ਕੌਰ ਨੇ ਪ੍ਰਣ ਲਿਆ ਕਿ ਉਹ ਆਪਣੇ ਆਖਰੀ ਸਾਹਾਂ ਤੱਕ ਗੁਰੂ ਘਰ ਨੂੰ ਨਹੀਂ ਵਿਸਾਰੇ ਗੀ।

ਉਸ ਨੇ ਅਗਲੀ ਸਵੇਰ ਤੋਂ ਗੁਰਦੁਆਰਾ ਸਾਹਿਬ ਜਾਣਾ ਸ਼ੁਰੂ ਕਰ ਦਿੱਤਾ ਤੇ ਧਰਮ ਕਰਮ ਵੱਲ ਧਿਆਨ ਦੇਣਾ ਸ਼ੁਰੂ ਕਰ ਦਿੱਤਾ। ਪਰ ਇਥੇ ਇੱਕ ਇਨਸਾਨ ਦੇ ਸਿੱਧੇ ਮਾਰਗ ਜਾਣ ਨਾਲ ਗੱਲ ਨਹੀਂ ਬਣਦੀ ਨਜ਼ਰ ਨਹੀਂ ਆਉਂਦੀ ਸੀ। ਘਰ ਦੇ ਬਾਕੀ ਪ੍ਰਾਣੀ ਤਾਂ ਮਾਇਆ ਦੀ ਖਾਤਰ ਰਿਸ਼ਤਿਆਂ ਨੂੰ ਤਾਰ ਤਾਰ ਕਰ ਰਹੇ ਸਨ। ਅਵਤਾਰ ਕੌਰ ਕੋਲ ਹੌਲੀ ਹੌਲੀ ਸਾਰਾ ਬਚਿਆਂ ਸੋਨਾ ਕੁਝ ਗਹਿਣੇ ਪੈ ਗਿਆ ਕਾਫ਼ੀ ਵਿਕ ਗਿਆ। ਪਰ ਕਰਜ਼ੇ ਦਾ ਪਹਾੜ ਹਜੇ ਮੁੱਕਦਾ ਨਜ਼ਰ ਨਹੀਂ ਆ ਰਿਹਾ ਸੀ। ਅੰਤ ਉਸ ਨੇ ਫੈਸਲਾ ਕੀਤਾ ਕਿ ਉਹ ਆਪਣੀ ਫੈਕਟਰੀ ਦਾ ਕੁੱਝ ਹਿੱਸਾ ਵੇਚਣ ਲਾਵੇਗੀ। ਇਸ ਗੱਲ ਤੇ ਘਰ ਵਿੱਚ ਬਹੁਤ ਹੋ ਹੱਲਾ ਮਚਿਆ ਪਰ ਅਵਤਾਰ ਕੌਰ ਨੇ ਸਿੱਦਕ ਨਾ ਛਡਿਆ ਤੇ ਅੰਤ ਕਿਹਾ ਉਹ ਵੀ ਆਪਣੇ ਹਿੱਸੇ ਆਉਂਦੀ ਜ਼ਮੀਨ ਨੂੰ ਵੇਚ ਕੇ ਇਹ ਕਰਜ਼ ਨੂੰ ਚੁਕਤਾ ਕਰੇਗੀ। ਉਸ ਨੇ ਆਪਣੇ ਭੂਆਂ ਦੇ ਪੁੱਤਰ ਨੂੰ ਇਹ ਜੁੰਮੇਵਾਰੀ ਦਿੱਤੀ। ਉਸ ਨੇ ਇਲਾਕੇ ਦੇ ਨਾਮੀਂ ਪ੍ਰੋਪਰਟੀ ਡੀਲਰ ਨਾਲ ਸੌਦਾ ਕਰ ਦਿੱਤਾ ਅਤੇ ਬਿਆਨੇ ਦੇ ਪੈਸੇ ਨਾਲ ਰਹਿੰਦਾ ਕਰਜ਼ਾ ਚੁੱਕਾ ਦਿੱਤਾ ਗਿਆ।

ਹੁਣ ਇੱਕ ਨਵੇਂ ਕਲੇਸ਼ ਨੇ ਸਿਰ ਚੁੱਕ ਲਿਆ ਕਿ ਅਵਤਾਰ ਕੌਰ ਕੋਲ ਬਾਕੀ ਜੋ ਜ਼ਮੀਨ ਦੇ ਪੈਸੇ ਮਿਲਣ ਵਾਲੇ ਸਨ ਉਹ ਕਿਸ ਨੂੰ ਮਿਲਣ ਵਾਲੇ ਹਨ ? ਇਧਰ ਡੀਲਰ ਜ਼ਮੀਨ ਦੇ ਕਬਜ਼ੇ ਨੂੰ ਮੰਗ ਰਹੇ ਸਨ ਤੇ ਇੱਧਰ ਹਰ ਇੱਕ ਘਰ ਦਾ ਜੀਅ ਜੋਕ ਵਾਂਗ ਅਵਤਾਰ ਕੌਰ ਹਰ ਰੋਜ਼ ਲਹੂ ਪੀ ਰਹੇ ਸਨ। ਹਰ ਕੋਈ ਆਪਣੇ ਆਪ ਨੂੰ ਸ਼ਰਵਨ ਕੁਮਾਰ ਵਾਂਗ ਮਾਂ ਨੂੰ ਪਤਿਆਉਣ ਦੀ ਕੋਸ਼ਿਸ਼ ਕਰ ਰਿਹਾ ਸੀ। ਅਵਤਾਰ ਕੌਰ ਜਾਣੂੰ ਸੀ ਕਿ ਉਹ ਇਸ ਪੈਸੇ ਨੂੰ ਹਜੇ ਸੰਭਾਲ ਨਹੀਂ ਸਕਣਗੇ। ਇਹਨਾਂ ਦੇ ਖਰਚੇ ਅੰਬਰਾਂ ਤੇ ਹਨ। ਇਸ ਲਈ ਉਹ ਚੁੱਪ ਸੀ।

ਉਸ ਦਿਨ ਮਹਿੰਦਰ ਸਿੰਘ ਦੇ ਗੁਜ਼ਰੇ ਨੂੰ ਪੂਰੇ ਦੋ ਮਹਿਨੇ ਗੁਜ਼ਰੇ ਸਨ। ਉਸ ਦੀ ਬਰਸੀ ਦਾ ਪ੍ਰੋਗਰਾਮ ਗੁਰਦੁਆਰਾ ਸਾਹਿਬ ਵਿੱਚ ਕਰਵਾਇਆ ਗਿਆ। ਇਹ ਪ੍ਰੋਗਰਾਮ ਵਿੱਚ ਦੋਵੇਂ ਭਰਾਵਾਂ ਨੇ ਇੱਕ ਰੁਪਏ ਦਾ ਵੀ ਖ਼ਰਚ ਨਾ ਕੀਤਾ। ਸਾਰਾ ਪ੍ਰੋਗਰਾਮ ਅਵਤਾਰ ਕੌਰ ਤੇ ਉਸ ਦੇ ਭਰਾ ਨਿਰੰਜਣ ਸਿੰਘ ਨੇ ਕੀਤਾ। ਦੁਪਹਿਰ ਨੂੰ ਜਦੋਂ ਸਾਰੇ ਰਿਸ਼ਤੇਦਾਰ ਚਲੇ ਗਏ ਤਾਂ ਅਵਤਾਰ ਕੌਰ ਤੇ ਉਸ ਦਾ ਭਰਾ ਬਾਹਰ ਦੀਵਾਨ ਤੇ ਬੈਠੇ ਗੱਲਾਂ ਕਰ ਰਹੇ ਸਨ ਕਿ ਅਚਾਨਕ ਗੈਰੀ ਦੇ ਕਮਰੇ ਵਿੱਚ ਪਹਿਲਾਂ ਹੌਲੀ ਹੌਲੀ ਫਿਰ ਉਂਚੀ ਉਂਚੀ ਆਵਾਜ਼ਾਂ ਆਉਣ ਲੱਗੀਆਂ। ਗੈਰੀ ਆਪਣੀ ਘਰਵਾਲੀ ਦੀਪ ਨੂੰ ਬੋਲ ਰਿਹਾ ਸੀ ਕਿ ਮੈਂ ਮਾਂ ਨੂੰ ਸਾਫ਼ ਦੱਸਾਂਗਾ ਜ਼ਮੀਨ ਮੇਰੇ ਹਿੱਸੇ ਵਿੱਚੋ ਵੇਚੀ ਗਈ ਹੈ ਅਤੇ ਹੁਣ ਬਣਦਾ ਪੈਸਾ ਵੀ ਮੇਰਾ ਹੈ। ਦੀਪ ਉਸ ਨੂੰ ਹੌਲੀ ਗੱਲ ਕਰਨ ਨੂੰ ਆਖਦੀ ਹੈ। ਪਰ ਗੈਰੀ ਦਾ ਦਿਮਾਗ਼ ਹਿੱਲ ਚੁੱਕਾ ਸੀ। ਆਵਾਜ਼ਾਂ ਤੇਜ਼ ਹੋਣ ਕਾਰਨ ਨਿਰੰਜਣ ਤੇ — ਅਵਤਾਰ ਕੌਰ ਗੈਰੀ ਨੂੰ ਸਮਝਾਉਣ ਅੰਦਰ ਚਲੇ ਗਏ ਇੰਨੇ ਨੂੰ ਹਨੀ ਤੇ ਰੋਜ਼ੀ ਵੀ ਬਾਹਰ ਖੜ੍ਹੇ ਹੋ ਗਏ। ਨਿਰੰਜਣ ਸਿੰਘ ਨੇ ਦੋਵਾਂ ਭਰਾਵਾਂ ਨੂੰ ਬੈਠਾ ਕੇ ਸਮਝਾਉਣ ਦੀ ਕੋਸ਼ਿਸ਼ ਕੀਤੀ। ਹਨੀ ਨੇ ਤਰਕ ਦਿੱਤਾ ਕਿ ਫੈਕਟਰੀ ਵਿਚ ਕੰਮ ਠੱਪ ਪੈ ਗਿਆ ਹੈ ਤੇ ਮਜ਼ਦੂਰਾ ਦੀਆਂ ਤਨਖਾਹਾਂ ਤੇ ਵਪਾਰੀਆਂ ਦੇ ਪੈਸੇ ਦੇਣੇ ਹਨ ਇਸ ਲਈ ਪੈਸੇ ਨੂੰ ਇੱਥੇ ਲਾ ਦਿੱਤਾ ਜਾਵੇ। ਆਪਣੇ ਛੋਟੇ ਭਰਾ ਹਨੀ ਦੀ ਗੱਲ ਹਜੇ ਪੂਰੀ ਨਹੀਂ ਹੋਈ ਸੀ ਰੋਜ਼ੀ ਵਿੱਚੇ ਹੀ ਬੋਲ ਪਈ, "ਅਸੀਂ ਆਪਣੇ ਹਿੱਸੇ ਦੇ ਪੈਸੇ ਨਾਲ ਮਾਮਾ ਜੀ ਕਾਰੋਬਾਰ ਹੀ ਚਲਾਉਣਾ ਫੈਕਟਰੀ ਬੰਦ ਪਈ ਨੂੰ ਦੋ ਮਹੀਨੇ ਤੋਂ ਵੱਧ ਸਮਾਂ ਹੋ ਗਈ।" ਇਨੇ ਨੂੰ ਦੀਪ ਵੀ ਵਿੱਚ ਬੋਲਣ ਲੱਗ ਪਈ, "ਆਪਣੇ ਪੈਸੇ ਨਾਲ ਵਪਾਰ ਕਰੋ ਫੇਰ ਇਹ ਤਾਂ ਸਾਡੇ ਹਨ ਨਾਲੇ ਅਸੀਂ ਇਹ ਕਰਜ਼ ਥੋੜਾ ਚੁਕਿਆ ਸੀ, ਇਹ ਤਾਂ ਤੁਹਾਡੀਆਂ ਬਰਬਾਦੀਆਂ ਕੀਤੀਆਂ।" ਰੋਜੀ ਸ਼ਾਇਦ ਇਹ ਨਾ

ਬੋਲਦੀ ਤਾਂ ਠੀਕ ਹੁੰਦਾ ਕੀ ਤੁਸੀਂ ਤਾਂ ਪਿਉ ਦੀ ਪ੍ਰੋਪਰਟੀ ਵੇਚ ਕੇ ਪੈਸੇ ਬਰਬਾਦ ਹੀ ਕਰਨੇ ਆਪਣੇ ਸ਼ੌਕ ਈ ਪੂਰੇ ਕਰਨੇ ਕੀਮਤੀ ਗੱਡੀਆਂ ਤੇ ਐਸ਼ ਹੀ ਕਰਨੀਂ ਆਪਣੀਆਂ ਤਿੰਨ ਧੀਆਂ ਬਾਰੇ ਸੋਚੋ। ਇਸ ਗੱਲ ਨੇ ਗੈਰੀ ਦੇ ਸ਼ਰੀਰ ਵਿੱਚ ਅੱਗ ਲੱਗਣ ਲੱਗਾ ਦਿੱਤੀ। ਉਹ ਤਾਂ ਜਿਵੇਂ ਪਹਿਲਾਂ ਹੀ ਕੋਈ ਯੋਜਨਾ ਬਣਾਈ ਫਿਰਦਾ ਸੀ। ਉਹ ਕਾਹਲੀ ਨਾਲ ਬਾਹਰ ਵੱਲ ਨੂੰ ਗਾਲਾਂ ਕੱਢਦਾ ਹੋਇਆ ਦੌੜਿਆ। ਹਜੇ ਕਿਸੇ ਨੂੰ ਕੁੱਝ ਸਮਝ ਆਉਂਦੀ ਗੈਰੀ ਆਪਣੇ ਹੱਥ ਵਿੱਚ ਤੇਜ਼ਾਬ ਦੀ ਬੋਤਲ ਲੈ ਕੇ ਅੰਦਰ ਦਾਖਲ ਹੋਇਆ। ਨਿਰੰਜਣ ਸਿੰਘ ਨੇ ਅੱਗੇ ਹੋ ਕੇ ਉਸ ਤੋਂ ਬੋਤਲ ਖੋਹਣ ਦੀ ਕੋਸ਼ਿਸ਼ ਕੀਤੀ ਪਰ 65 ਸਾਲਾ ਨਿਰੰਜਨ ਸਿੰਘ ਦੇ ਕੋਲੋਂ ਨੌਜਵਾਨ ਗੈਰੀ ਹਥੋਂ ਬੋਤਲ ਖੋਹਣੀ ਮੁਸ਼ਕਿਲ ਹੋ ਗਈ। ਗੈਰੀ ਨੇ ਬੋਤਲ ਫੌਜੀ ਵਲ ਸੁਟੀ। ਬੋਤਲ ਫੌਜੀ ਦੀ ਛਾਤੀ ਵਿੱਚ ਵੱਜੀ ਪਰ ਟੁੱਟੀ ਨਾ ਅਤੇ ਫਰਸ਼ ਤੇ ਡਿੱਗ ਕੇ ਖੁਲ੍ਹ ਗਈ।

ਜ਼ਮੀਨ ਤੇ ਪਿਆ ਕਾਰਪੈਟ ਸੜ ਗਿਆ। ਹਨੀ ਰੋਜ਼ੀ ਨੂੰ ਲੈ ਕੇ ਆਪਣੇ ਕਮਰੇ ਵੱਲ ਨੂੰ ਦੌੜ ਪਿਆ। ਨਿਰਜੰਣ ਸਿੰਘ ਹੇਠਾਂ ਡਿੱਗ ਪਿਆ। ਅਵਤਾਰ ਕੌਰ ਦੀਵਾਨ ਤੇ ਬੈਠੀ ਚੀਕਾਂ ਮਾਰ ਰਹੀ ਹੈ ਤੇ ਵਾਹਿਗੁਰੂ ਵਾਹਿਗੁਰੂ ਆਖ ਕੇ ਮਦੱਦ ਮੰਗ ਰਹੀ ਸੀ। ਦੀਪ ਆਪਣੀ ਬੱਚੀ ਨੂੰ ਗੋਦੀ ਵਿੱਚ ਲੈ ਕੇ ਗੈਰੀ ਨੂੰ ਰੋਕ ਰਹੀ ਹੈ। ਗੈਰੀ ਉਸ ਨੂੰ ਕਹਿ ਰਿਹਾ ਹੈ, "ਤੇਰੀ ਵੀ ਅੱਗ ਲਾਈ ਆ ਹੁਣ ਚੁੱਪ ਕਰਜਾ ਹੁਣ। ਮੈਨੂੰ ਆਪਣਾ ਕੰਮ ਖਤਮ ਕਰ ਲੈਣ ਦੇ।" ਇਨ੍ਹਾਂ ਕਹਿ ਕੇ ਆਪਣੇ ਕਮਰੇ ਵਿੱਚੋਂ ਤਲਵਾਰ ਕੱਢ ਲੈ ਕੇ ਆ ਗਿਆ। ਇਹ ਤਲਵਾਰ ਉਹ ਸਿਰਫ ਡਰਾਉਣ ਲਈ ਕੁਝ ਦਿਨ ਪਹਿਲਾਂ ਲੈ ਕੇ ਆਇਆ ਸੀ। ਇਹ ਮੰਜ਼ਰ ਵੇਖ ਕੇ ਨਿਰੰਜਣ ਸਿੰਘ ਨੂੰ ਕੰਬਣੀ ਛਿੜ ਗਈ। ਅਵਤਾਰ ਕੌਰ ਹਨੀ ਤੇ ਰੋਜ਼ੀ ਦੇ ਕਮਰੇ ਦੇ ਬਾਹਰ ਖੜ੍ਹੀ ਹੋ ਗਈ। ਦੀਪ ਉੱਚੀ ਉੱਚੀ ਰੋਣ ਲੱਗ ਪਈ। ਅੰਦਰ ਬੈਠੇ ਰੋਜ਼ੀ ਤੇ ਹਨੀ ਘਬਰਾ ਕੇ ਪੁਲੀਸ ਅਤੇ ਰਿਸ਼ਤੇਦਾਰਾਂ ਨੂੰ ਫੋਨ ਲਾ ਰਹੇ ਸਨ। ਗੈਰੀ ਨੇ ਧੱਕਾ ਮਾਰ ਕੇ ਆਪਣੀ ਮਾਂ ਨੂੰ ਸੁਟ ਦਿੱਤਾ ਤੇ ਦਰਵਾਜ਼ੇ ਨੂੰ ਲੱਤਾ ਮਾਰਨੀਆਂ ਸ਼ੁਰੂ ਕਰ ਦਿੱਤੀਆਂ। ਦਰਵਾਜ਼ੇ ਦੀ ਕੁੰਡੀ ਮੁੜ ਗਈ ਤੇ ਦਰਵਾਜ਼ਾ ਖੁੱਲ ਗਿਆ। ਗੈਰੀ ਨੇ ਰੋਜ਼ੀ ਵੱਲ ਵੇਖਿਆ ਤਾਂ ਰੋਜ਼ੀ ਅਗੋਂ ਉਸ ਨੂੰ ਵੰਗਾਰ ਕੇ ਕਿਹਾ ਮਾਰ ਫੇਰ ਤੂੰ ਕਿਹੜਾ ਬੱਚ ਜਾਵੇਗਾ। ਇਹ ਗੱਲ ਸੁਣਦੀਆਂ ਗੈਰੀ ਦੇ ਸਿਰ ਤੇ ਖੂਨ ਸਵਾਰ ਹੋ ਗਿਆ ਉਸ ਨੇ ਆਪਣੀ ਭਾਬੀ ਦੇ ਸਿਰ ਤੇ ਤਲਵਾਰ ਦਾ ਵਾਰ ਕੀਤਾ ਪਰ ਉਸ ਨੇ ਗਰਦਨ ਪਰੇ ਕਰ ਲਈ ਤਲਵਾਰ ਜੰਗ ਲੱਗੀ ਹੋਈ ਸੀ ਜੋ ਕੰਨ ਤੇ ਮੋਡੇ ਤੇ ਜ਼ੋਰ ਨਾਲ ਵੱਜੀ ਤੇ ਰੋਜ਼ੀ ਨਾਲ ਕੋਲ ਪਏ ਟੇਬਲ ਨਾਲ ਟੱਕਰ ਖਾ ਕੇ ਡਿੱਗ ਪਈ ਸਾਰਾ ਬਿਸਤਰ ਤੇ ਫ਼ਰਸ਼ ਖੂਨ ਨਾਲ ਭਰ ਗਿਆ ਤੇ ਕੋਲ ਬੈਠੇ ਹਨੀ ਦਾ ਡਰ ਨਾਲ ਪਖਾਨਾ ਤੇ ਪਿਸ਼ਾਬ ਉਥੇ ਹੀ ਨਿਕਲ ਗਿਆ। ਉਹ ਬੈਂਡ ਤੋਂ ਥੱਲੇ ਗਿਰ ਗਿਆ ਤੇ ਪੱਥਰ ਦੀ ਤਰ੍ਹਾਂ ਗੈਰੀ ਦੀ ਬਰਬਰਤਾ ਵੇਖਦਾ ਰਿਹਾ। ਉਹ ਮੂੰਹ ਵਿੱਚ ਕੁੱਝ ਬੋਲਦਾ-ਬੋਲਦਾ ਸਿਸਕੀਆਂ ਭਰਦਾ ਬੇਹੋਸ਼ ਹੋ ਗਿਆ। ਗੈਰੀ ਬਾਹਰ ਨਿਕਲ ਆਇਆ। ਪੌੜੀਆਂ ਤੇ ਬੈਠੀ ਦੀਪ ਦੀ ਗੋਦੀ ਵਿੱਚ ਆਪਣੀ ਦੋ ਮਹੀਨੇਂ ਦੀ ਬੱਚੀ ਨੂੰ ਅੱਖਾਂ ਨਾਲ ਪਿਆਰ ਦੀ ਨਜ਼ਰ ਵੇਖ ਕੇ ਦੀਵਾਨ ਤੇ ਬੈਠੀ ਰੋਂਦੀ ਆਪਣੀ ਮਾਂ ਤੇ ਮਾਮੇ ਨੂੰ ਜਾਂਦਾ ਹੋਇਆ ਇਹ ਕਿਹਾ ਗਿਆ ਕਿ ਇਹ ਜਾਦੂਗਰਨੀ ਦਾ ਅੰਤ ਜ਼ਰੂਰੀ ਸੀ। ਪਰ ਮੈਂ ਹਨੀ ਨੂੰ ਨਹੀਂ ਮਾਰਿਆ। ਇਹ ਆਖ ਕੇ ਉਸ ਨੇ ਹਥਿਆਰ ਨੂੰ ਇੱਕ ਚਾਦਰ ਵਿੱਚ ਲਪੇਟ ਕੇ ਆਪਣੀ ਕੱਛ ਵਿਚ ਰੱਖ ਕੇ ਉਪਰ ਲੋਈ ਦੀ ਬੁੱਕਲ ਮਾਰੀ ਅਤੇ ਬੁੱਲਟ ਮੋਟਰਸਾਈਕਲ ਨੂੰ ਕਿੱਕ ਮਾਰ ਕੇ ਤੇਜ਼ ਰਫ਼ਤਾਰ ਨਾਲ ਨਿਕਲ ਗਿਆ ਦੀਪ ਤੇ ਅਵਤਾਰ ਕੌਰ ਉੱਚੀ ਉੱਚੀ ਰੋਂਦਿਆਂ ਰਹਿਆਂ। ਜਦੋਂ ਉਹ ਗੇਟ ਵਿਚੋਂ ਬਾਹਰ ਨਿਕਲ ਰਿਹਾ ਸੀ ਤਾਂ ਹਨੀ ਦੇ ਬੱਚੇ ਅਤੇ ਉਸ ਦੀਆਂ ਆਪਣੀਆਂ ਦੋਵੇਂ ਧੀਆਂ ਟਿਉਸ਼ਨ ਤੋਂ ਵਾਪਸ ਕਾਰ ਵਿੱਚ ਆ ਰਹੀਆਂ ਸਨ। ਉਹਨਾਂ ਸਾਰੇ ਬੱਚਿਆਂ ਨੇ ਗੈਰੀ ਨੂੰ ਪਾਪਾ ਜੀ ਬਾਏ ਕਿਹਾ। ਗੈਰੀ ਨੂੰ ਇਹ ਹੁਣ ਮਹਿਸੂਸ ਹੋਣ ਲੱਗ ਪਿਆ ਕਿ ਮੈਂ ਕਾਫੀ ਗੱਲਤ ਕੰਮ ਕਰ ਆਇਆ।

ਇਸ ਕਾਂਡ ਤੋਂ ਬਾਅਦ ਸਾਰੇ ਸ਼ਹਿਰ ਵਿੱਚ ਇਸ ਕਾਂਡ ਦੀ ਖ਼ਬਰ ਅੱਗ ਵਾਂਗ ਫ਼ੈਲ ਗਈ। ਪੁਲਿਸ ਦੀਆਂ ਗੱਡੀਆਂ ਅਤੇ ਐਂਬੂਲੈਂਸ ਨੇ ਕੂਲਰ ਫੈਕਟਰੀ ਅਤੇ ਮਹਿੰਦਰ ਸਿੰਘ ਦੇ ਘਰ ਨੂੰ ਆਪਣੇ ਕਬਜ਼ੇ ਵਿਚ ਲੈ ਲਿਆ। ਰੋਜ਼ੀ ਤੇ ਹਨੀ ਨੂੰ ਫਟਾਫਟ ਭੋਗਪੁਰ ਸਰਕਾਰੀ ਹਸਪਤਾਲ ਵਿੱਚ ਲਿਜਾਇਆ ਗਿਆ ਜਿਥੇ ਉਹਨਾਂ ਨੂੰ ਜਲੰਧਰ ਰੈਫਰ ਕਰ ਦਿੱਤਾ ਗਿਆ। ਡਾਕਟਰਾਂ ਨੇ ਰੋਜ਼ੀ ਨੂੰ ਗੰਭੀਰ ਜ਼ਖਮੀ ਕਰਾਰ ਦੇ ਕੇ ਕੋਮਾ ਵਿੱਚ ਦਸ ਦਿਤਾ ਅਤੇ ਹਨੀ ਨੂੰ ਦਿਲ ਦਾ ਦੌਰਾ ਪੈਣ ਕਾਰਨ ਮਿਤ੍ਰਕ ਕਰਾਰ ਦੇ ਦਿੱਤਾ। ਸਾਰੇ ਸੋਗ ਵਿੱਚ ਡੁੱਬ ਗਏ। ਪੁਲਿਸ ਇਨਕੁਆਰੀ ਵਿੱਚ ਇਹ ਸਾਫ਼ ਹੋ ਗਿਆ ਕਿ ਹਮਲਾ ਤਾਂ ਸਿਰਫ਼ ਰੋਜ਼ੀ 'ਤੇ ਹੋਇਆ ਸੀ। ਗੈਰੀ ਦੀ ਨਿਅਤ ਤਾਂ ਸਿਰਫ਼ ਰੋਜ਼ੀ ਨੂੰ ਮਾਰਨ ਦੀ ਸੀ। ਉਸ ਨੇ ਸਿਰਫ਼ ਤਲਵਾਰ ਜੋ ਕਿ ਜੰਗ ਲੱਗੀ ਹੋਈ ਸੀ ਅਤੇ ਖੁੰਢੀ ਸੀ ਨਾਲ

ਆਪਣੀ ਛੋਟੀ ਭਾਬੀ ਰੋਜ਼ੀ ਨੂੰ ਮਾਰਨਾ ਚਾਹਿਆ ਸੀ ਜਿਸ ਵਿੱਚ ਉਸ ਦਾ ਖੱਬਾ ਕੰਨ ਲੱਥ ਗਿਆ ਤੇ ਮੋਢਾ ਜ਼ਖ਼ਮੀ ਹੋ ਗਿਆ ਅਤੇ ਉਹ ਗੰਭੀਰ ਰੂਪ ਤੋਂ ਕੌਮਾ ਵਿੱਚ ਹੈ। ਨਾ ਕਿ ਆਪਣੇ ਭਰਾ ਹਨੀ ਨੂੰ ਮਾਰਨ ਲਈ। ਹਨੀ ਤਾਂ ਮੌਤ ਦੀ ਕੇਵਲ ਦਹਿਸ਼ਤ ਨਾਲ ਮਰ ਗਿਆ ਕਿ ਗੈਰੀ ਹੁਣ ਮੈਨੂੰ ਵੀ ਮਾਰ ਦੇਵੇਗਾ ਉਸ ਦਾ ਡਰ ਨਾਲ ਹੀ ਪਖਾਨਾ ਤੇ ਪਿਸ਼ਾਬ ਉਥੇ ਹੀ ਨਿਕਲ ਗਿਆ ਅਤੇ ਦਿਲ ਫੇਲ ਹੋ ਗਿਆ।ਹੁਣ ਪੁਲਸ ਗੈਰੀ ਨੂੰ ਲੱਭ ਰਹੀ ਹੈ ਉਹ ਫ਼ਰਾਰ ਹੈ।

ਬਿੱਟੂ ਨੂੰ ਸਾਰੀ ਕਹਾਣੀ ਨੇ ਹਿੱਲਾ ਕੇ ਰੱਖ ਦਿੱਤਾ ਤੇ ਉਸ ਨੇ ਅਵਤਾਰ ਕੌਰ ਹੁਣਾ ਕੋਲ ਅਫਸੋਸ ਕਰਨ ਬਾਰੇ ਸੋਚਿਆ ਅਤੇ ਰਾਜੂ, ਮੰਨੂ ਤੇ ਬਿੱਟੂ ਅਫਸੋਸ ਕਰਨ ਜਦੋਂ ਗਏ ਉਹ ਹੈਰਾਨ ਸੀ ਜਿਸ ਘਰ ਵਿੱਚ ਦੋ ਮਹੀਨੇ ਵਿੱਚ ਦੁਖਾਂ ਨੇ ਤਾਂਡਵ ਕੀਤਾ ਹੋਇਆ ਹੈ ਉਥੇ ਲੋਕ ਅਫਸੋਸ ਕਰਨ ਕਿਉਂ ਨਹੀਂ ਆ ਰਹੇ ? ਕੀ ਜੋ ਪੁਲਿਸ ਮੁਲਾਜ਼ਮ ਬਾਹਰ ਬੈਠੇ ਹਨ ਉਨ੍ਹਾਂ ਦੇ ਡਰ ਤੋਂ ਜਾਂ ਇਨ੍ਹਾਂ ਦੀ ਲੋਕਾਂ ਨਾਲ ਤੇ ਰਿਸ਼ਤੇਦਾਰਾਂ ਨਾਲ ਸਾਂਝ ਕੇਵਲ ਮਹਿੰਦਰ ਸਿੰਘ ਤੱਕ ਹੀ ਸੀਮਤ ਸੀ। ਖੈਰ ਬਿੱਟੂ ਨੇ ਅਵਤਾਰ ਕੌਰ ਕੋਲ ਆ ਕੇ ਅਫ਼ਸੋਸ ਪ੍ਰਗਟ ਕੀਤਾ। ਉਸ ਨੇ ਰੋ ਰੋ ਕੇ ਸਾਰੀ ਗਾਥਾ ਸੁਣਾਈਾਂ। ਦੀਪ ਬਾਰੇ ਪੁੱਛਿਆ ਤਾਂ ਉਸ ਨੇ ਦੱਸਿਆ ਕਿ ਪੁਲੀਸ ਨੇ ਉਸ ਨੂੰ ਕਿਸੇ ਨਾਲ ਵੀ ਗੱਲਬਾਤ ਕਰਨ ਤੋਂ ਰੋਕਿਆ ਹੈ। ਉਸ ਨੂੰ ਹਾਊਸ ਅਰੈਸਟ ਕੀਤਾ ਗਿਆ ਹੈ। ਪੁਲਿਸ ਗੈਰੀ ਨੂੰ ਉਸ ਦੇ ਸੁਹਰਿਆਂ ਅਤੇ ਹੋਰ ਟਿਕਾਣੇ ਤੇ ਲੱਭ ਰਹੀ ਸੀ। ਉਸ ਦਾ ਮੋਬਾਈਲ ਫੋਨ ਬੰਦ ਆ ਰਿਹਾ ਸੀ। ਅੱਜ ਤਕਰੀਬਨ ਤਿੰਨ ਦਿਨ ਹੋ ਗਏ ਸਨ। ਮੰਨੂ ਨੇ ਬਿੱਟੂ ਨੂੰ ਇਸ਼ਾਰੇ ਨਾਲ ਇਥੋਂ ਨਿਕਲਣ ਦਾ ਕਿਹਾ ਤਾਂ ਕਿ ਕਿਸੇ ਪ੍ਰਕਾਰ ਦੇ ਚੱਕਰ ਵਿਚੋਂ ਬੱਚ ਜਾਈਏ। ਬਿੱਟੂ ਨੂੰ ਉਸ ਦੀ ਗੱਲ ਠੀਕ ਲੱਗੀ ਪਰ ਅਵਤਾਰ ਕੌਰ ਦਾ ਦੁਖ ਵਡਾਉਣ ਵਾਲਾ ਸਵਾਏ ਉਸ ਘਰ ਦੀਆਂ ਉਚੀਆਂ ਕੰਧਾਂ ਤੋਂ ਹੋਰ ਕੋਈ ਨਹੀਂ ਸੀ।

ਅਗਲੇ ਤਿੰਨ ਦਿਨਾਂ ਬਾਅਦ ਰਾਜੂ ਦਾ ਦੁਬਾਰਾ ਫਿਰ ਫ਼ੋਨ ਆਇਆ। ਉਸ ਨੇ ਬਿੱਟੂ ਨੂੰ ਦਸਿਆ ਕਿ ਗੈਰੀ ਮਿਲ ਗਿਆ ਹੈ। ਬਿੱਟੂ ਨੇ ਪੁੱਛਿਆ ਕਿਥੇ ਤੇ ਕਦੋਂ ? ਰਾਜੂ ਨੇ ਦਸਿਆ ਕਿ ਉਸ ਦੀ ਲਾਸ਼ ਦਿਲੀਂ ਰੇਲਵੇ ਸਟੇਸ਼ਨ ਦੇ ਕੋਲ ਇੱਕ ਗੈਸਟ ਹਾਊਸ ਵਿਚੋ ਮਿਲੀ ਹੈ। ਰਾਜੂ ਨੇ ਅੱਗੇ ਦੱਸਿਆ ਕਿ ਉਹ ਇਥੋਂ ਨਿਕਲਣ ਤੋਂ ਬਾਅਦ ਦਰ ਦਰ ਰੁਲਦਾ ਹੋਇਆ ਆਪਣੇ ਗੁਰੂ ਮਹਾਰਾਜ ਜਿੱਥੇ ਉਸ ਦੇ ਮਾਤਾ ਪਿਤਾ ਨੇ ਗੁਰੂ ਧਾਰਨਾ ਕੀਤੀ ਸੀ ਉਥੇ ਪਹੁੰਚ ਗਿਆ। ਸੰਤਾਂ ਨੇ ਉਸ ਵੱਲ ਤੱਕਿਆ ਤੱਕ ਨਹੀਂ ਅਤੇ ਸੇਵਾਦਾਰਾਂ ਨੂੰ ਕਿਹਾ ਉਸ ਨੂੰ ਇਥੋਂ ਜਾਣ ਦਾ ਕਹੋ। ਇਥੋਂ ਨਿਕਲਣ ਤੋਂ ਬਾਅਦ ਉਸ ਨੇ ਇੱਕ ਰੇਲ ਗੱਡੀ ਦੀ ਟਿਕਟ ਖਰੀਦ ਲਈ। ਇਹ ਗੱਡੀ ਦਿੱਲੀ ਨੂੰ ਜਾਂ ਰਹੀ ਸੀ। ਉਸ ਨੇ ਦਿਲੀਂ ਪੁਹੰਚਣ ਤੋਂ ਬਾਅਦ ਇੱਕ ਗੈਸਟ ਹਾਊਸ ਕਿਰਾਏ 'ਤੇ ਲਿਆ ਤੇ ਜਦੋਂ ਉਸ ਨੂੰ ਪਤਾ ਆਪਣੇ ਇੱਕ ਰਿਸ਼ਤੇਦਾਰ ਤੋਂ ਪਤਾ ਲੱਗਾ ਕੇ ਰੋਜ਼ੀ ਆਪ ਬੱਚ ਗਈ ਹੈ ਅਤੇ ਉਸ ਦਾ ਭਰਾ ਹਨੀ ਮਰ ਗਿਆ ਹੈ। ਜਿਸ ਨੂੰ ਉਸ ਨੇ ਮਾਰਿਆ ਤੱਕ ਨਹੀਂ।

ਉਸ ਨੂੰ ਸਭ ਕੁਝ ਬੋਝ ਲੱਗ ਰਿਹਾ ਸੀ। ਉਸ ਨੇ ਇੱਕ ਸ਼ਰਾਬ ਦੀ ਬੋਤਲ ਲਿਆ ਕੇ ਦੇਰ ਰਾਤ ਤੱਕ ਪੀਤੀ ਅਤੇ ਬੁਹਤ ਹੀ ਰੋਇਆ ਅਤੇ ਆਤਮ ਹੱਤਿਆਂ ਕਰ ਕੇ ਆਪਣਾ ਪ੍ਰਾਸਚਿਤ ਕਰਨ ਬਾਰੇ ਸੋਚ ਲਿਆ। ਉਸ ਦੇ ਸੁਹਰਿਆਂ ਤੇ ਕੁਝ ਰਿਸ਼ਤੇਦਾਰਾਂ ਨੇ ਪੁਲਿਸ ਕੋਲ ਕੱਲ ਹੀ ਦੇਹ ਪ੍ਰਾਪਤ ਕਰ ਲਈ ਸੀ ਤੇ ਸ਼ਾਮ ਨੂੰ ਸੰਸਕਾਰ ਕਰ ਦਿੱਤਾ ਗਿਆ।

ਅੱਜ ਬਿੱਟੂ ਇਸ ਘਟਨਾ ਤੋਂ ਦੋ ਦਿਨ ਬਾਅਦ ਅਵਤਾਰ ਆਂਟੀ ਨੂੰ ਮਿਲਣ ਅਤੇ ਗੈਰੀ ਦੀ ਮੌਤ ਦਾ ਅਫ਼ਸੋਸ ਕਰਨ ਗਿਆ। ਘਰ ਦੇ ਅੰਦਰ ਰੋਜ਼ੀ ਦੀ ਮਾਂ ਸੀ ਜੋ ਉਸ ਦੇ ਬੱਚੇ ਸੰਭਾਲ ਰਹੀ ਸੀ। ਉਸ ਨੇ ਦੱਸਿਆ ਕਿ ਗੈਰੀ ਦੀ ਹਰਕਤ ਨੇ ਮੇਰੀ ਧੀ ਦੇ ਘਰ ਨੂੰ ਉਜਾੜ ਦਿੱਤਾ ਅਤੇ ਆਪਣਾ ਵੀ ਉਜਾੜ ਲਿਆ।

ਬਿੱਟੂ ਨੇ ਅਵਤਾਰ ਕੌਰ ਦਾ ਪੁੱਛਿਆ। ਉਸਨੇ ਕਿਹਾ ਉਸ ਦਿਨ ਤੋਂ ਬਾਅਦ ਜਦੋਂ ਉਸਨੂੰ ਗੈਰੀ ਦੀ ਮੌਤ ਦਾ ਪਤਾ ਚੱਲਿਆ ਘਰ ਛੱਡ ਕੇ ਗੁਰਦੁਆਰਾ ਸਾਹਿਬ ਚੱਲ ਗਈ ਹੈ। ਦੀਪ ਦਾ ਪਤਾ ਕਰਨ ਤੇ ਰੋਜੀ ਦੇ ਮਾਂ ਨੇ ਦੱਸਿਆ ਉਸ ਨੂੰ ਵੀ ਉਸ ਤੇ ਘਰ ਵਾਲੇ ਆਕੇ ਲੈ ਗਏ ਹਨ। ਬਿੱਟੂ ਨੇ ਆਖਰੀ ਵਾਰੀ ਉਸ ਘਰ ਨੂੰ ਦੇਖਿਆ ਅਤੇ ਠੰਡਾ ਸਾਹ ਭਰਦੇ ਹੋਏ ਕਿਹਾ ਸਾਡੀ ਅੱਜ ਇਸ ਘਰ ਦੇ ਵਿੱਚ ਸਾਂਝ ਖਤਮ ਹੋ ਗਈ। ਸਾਡੇ ਭਰਾ ਚਲੇ ਗਏ, ਸਾਡੇ ਅੰਕਲ ਚਲੇ ਗਏ, ਸਾਡਾ ਇਥੇ ਹੁਣ ਕੁਝ ਨਹੀਂ ਰਿਹਾ। ਇਹ ਕਹਿੰਦਾ ਹੋਇਆ ਬਿੱਟੂ ਅੱਖਾਂ ਸਾਫ ਕਰਦਾ ਹੋਇਆ ਉਸ ਘਰ ਚੋਂ ਬਾਹਰ ਆ ਗਿਆ ਤੇ ਜਾਂਦਾ ਜਾਂਦਾ ਬੰਦ ਪਈ ਕੂਲਰ ਫੈਕਟਰੀ ਨੂੰ ਦੇਖਦਾ ਹੈ ਅਤੇ ਆਪਣੀਆਂ ਮਿੱਠੀਆਂ ਯਾਦਾਂ ਨੂੰ ਇਕ ਅੱਖ ਦੇ ਵਿੱਚ ਭਰਦਾ ਹੋਇਆ ਮਾਲਕ ਦੇ ਮੂਹਰੇ ਉਸ ਘਰ ਦੀ ਸੁੱਖ ਮੰਗਦਾ ਹੋਇਆ ਨਿਕਲ ਜਾਂਦਾ ਹੈ।

ਇਥੋਂ ਨਿਕਲ ਕੇ ਬਿੱਟੂ ਸਿੱਧਾ ਗੁਰਦੁਆਰਾ ਸਾਹਿਬ ਜਾਂਦਾ ਹੈ। ਉਥੇ ਜਾ ਕੇ ਉਹ ਦੇਖਦਾ ਹੈ ਜੋ ਮੁਸਾਫ਼ਰ ਸਰਾਂ

ਗੁਰਦੁਆਰਾ ਸਾਹਿਬ ਦੇ ਵਿੱਚ ਬਣੀ ਸੀ ਉਥੇ ਅਵਤਾਰ ਕੌਰ ਨੂੰ ਬੈਠਾ ਦੇਖਿਆ ਅਤੇ ਜਾ ਕੇ ਉਹਦੇ ਕੋਲ ਹੱਥ ਜੋੜ ਕੇ ਖੜਾ ਹੋ ਗਿਆ।ਅਵਤਾਰ ਕੌਰ ਨੇ ਬਿੱਟੂ ਨੂੰ ਦੇਖ ਕੇ ਉੱਚੀ ਧਾਹ ਮਾਰੀ ਅਤੇ ਗੱਲ ਲਾ ਕੇ ਰੋਣ ਲੱਗ ਪਈ।ਬੋਲੀ, "ਮੇਰੀ ਕੁੱਖ ਖਾਲੀ ਹੋ ਗਈ ਮੈਂ ਉਜੜ ਗਈ ਬਿੱਟੂ ਪੁਤੱਰ ਮੇਰਾ ਘਰ ਖਾਲੀ ਹੋ ਗਿਆ ਕੱਲ੍ਹ ਮੈਂ ਦੋ ਸ਼ੇਰਾ ਵਰਗੇ ਪੁੱਤਰਾਂ ਦੀ ਮਾਂ ਸੀ, ਅੱਜ ਨਾ ਮੇਰਾ ਸਿਰ ਦਾ ਸਾਈ ਰਿਹਾ ਨਾ ਮੇਰੇ ਪੁੱਤੁ ਇਹ ਦਿਨ ਦੇਖਣ ਤੋਂ ਪਹਿਲਾਂ ਪਾਤਸ਼ਾਹ ਮੈਨੂੰ ਕਿਉਂ ਨਹੀਂ ਲੈ ਗਿਆ?" ਬਿੱਟੂ ਨੇ ਬਹੁਤ ਹੌਸਲਾ ਦਿੱਤਾ ਕਿਹਾ ਮਾਤਾ ਜੀ ਘਰ ਨੂੰ ਚਲੇ ਜਾਓ ਪਰ ਅਵਤਾਰ ਕੌਰ ਘਰ ਨੂੰ ਜਾਣ ਲਈ ਤਿਆਰ ਨਹੀਂ ਸੀ।ਉਸਨੇ ਕਿਹਾ ਕਿ ਮੈਂ ਹੁਣ ਇਸ ਦਰ ਨੂੰ ਛੱਡ ਕੇ ਕਿੱਥੇ ਜਾਵਾਂ ਜਿਸਦਾ ਕੋਈ ਨਹੀਂ ਉਸ ਦਾ ਤਾਂ ਹੁਣ ਇਹੀ ਦਰ ਰਹਿ ਗਿਆ।ਇੰਨਾ ਕਹਿੰਦੀ ਹੋਈ ਉਹ ਵਾਹਿਗੁਰੂ ਵਾਹਿਗੁਰੂ ਦਾ ਜਾਪ ਕਰਦੀ ਕਰਦੀ ਫਿਰ ਰੋਣ ਲੱਗ ਪਈ। ਬਿੱਟੂ ਚੁੱਪਚਾਪ ਉਸ ਵੱਲ ਵੇਖਦਾ ਰਿਹਾ ਤੇ ਉਸ ਦੇ ਗੋਡਿਆਂ ਨੂੰ ਹੱਥ ਲਾ ਕੇ ਵਾਪਸ ਘਰ ਨੂੰ ਆ ਗਿਆ। ਕੁਝ ਮਹੀਨਿਆਂ ਬਾਅਦ ਪਤਾ ਲੱਗਿਆ ਕਿ ਅਵਤਾਰ ਕੌਰ ਵੀ ਚੋਲਾ ਛੱਡ ਗਈ।ਉਸ ਦੀ ਬੇਟੀ ਸਹਿਜ ਪ੍ਰੀਤ ਨੇ ਉਸ ਨੂੰ ਆਪਣੇ ਨਾਲ ਕਨੇਡਾ ਲਿਜਾਣ ਦੀ ਬੁਹਤ ਕੋਸ਼ਿਸ਼ ਕੀਤੀ ਪਰ ਅਵਤਾਰ ਕੌਰ ਇਥੇ ਹੀ ਰਹੀ। ਉਸਨੇ ਆਪਣੀ ਜੋ ਜ਼ਮੀਨ ਦਾ ਬਿਆਨਾ ਪ੍ਰਾਪਰਟੀ ਡੀਲਰਾਂ ਨਾਲ ਕੀਤਾ ਸੀ ਉਹਨਾਂ ਨੂੰ ਕਬਜ਼ਾ ਦਵਾ ਕੇ ਪੈਸੇ ਲੈ ਲਏ। ਉਸ ਨੇ ਇਹਨਾਂ ਵਿੱਚੋਂ ਅੱਧੇ ਪੈਸੇ ਗੈਰੀ ਅਤੇ ਹਨੀ ਦੀਆਂ ਕੁੜੀਆਂ ਦੇ ਨਾਮ ਤੇ ਕਰਵਾ ਦਿੱਤੇ ਅਤੇ ਬਾਕੀ ਪੈਸੇ ਉਸਨੇ ਗੁਰੂ ਘਰ ਦੀ ਵਿੱਚ ਪਾ ਦਿੱਤੇ ਅਤੇ ਆਪਣਾ ਆਖਰੀ ਸਮਾਂ ਇਥੇ ਹੀ ਗੁਜ਼ਾਰ ਦਿੱਤਾ। ਜਦੋਂ ਉਸ ਦੀ ਮੌਤ ਹੋਈ ਗੁਰਦੁਆਰਾ ਕਮੇਟੀ ਨੇ ਉਸ ਦੀ ਸਾਰੀ ਰਸਮ ਕਿਰਿਆ ਅਤੇ ਅੰਤਿਮ ਕਿਰਿਆ ਦੇ ਵਿੱਚ ਪੂਰਾ ਸਹਿਯੋਗ ਦਿੱਤਾ।

ਇਸ ਘਟਨਾ ਤੋਂ ਕੋਈ ਦੋ ਸਾਲ ਬਾਅਦ ਬਿੱਟੂ ਆਪਣੇ ਮੋਟਰਸਾਈਕਲ 'ਤੇ ਉਸ ਪਾਸੇ ਵੱਲ ਨਿਕਲਿਆ ਅਤੇ ਉਸਦੀ ਨਿਗਾਹ ਉਸ ਬੰਦ ਪਏ ਪਲਾਟ ਤੇ ਜਾ ਪਈ ਜਿਸ ਨੂੰ ਅਵਤਾਰ ਕੌਰ ਨੇ ਵੇਚਿਆ ਸੀ। ਉਥੇ ਹਜੇ ਕੋਈ ਖਾਸ ਉਸਾਰੀ ਨਹੀਂ ਹੋਈ ਸੀ।ਡੀਲਰ ਪਲਾਟ ਕੱਟ ਰਹੇ ਸਨ।ਅੱਗੇ ਹਲਕੀ ਚਾਦਰ ਦਾ ਗੇਟ ਲੱਗਾ ਹੋਇਆ ਸੀ।

ਬਿੱਟੂ ਅੰਦਰ ਵੜ ਗਿਆ ਉਸ ਨੇ ਦੂਰ ਦੂਰ ਤੱਕ ਫੈਕਟਰੀ ਦੀਆਂ ਕੰਧਾਂ ਨੂੰ ਦੇਖਿਆ ਅਤੇ ਨਜਰ ਮਾਰੀ ਕਿ ਕੋਈ ਸਮਾਂ ਸੀ ਗੈਰੀ, ਹਨੀ, ਮਹਿੰਦਰ ਸਿੰਘ, ਅਵਤਾਰ ਕੌਰ, ਅਤੇ ਉਹਨਾ ਦੇ ਬੱਚੇ ਸਭ ਇੱਥੇ ਭੱਜੇ ਫਿਰਦੇ ਹੁੰਦੇ ਸਨ।ਉਸ ਨੂੰ ਯਾਦ ਸੀ ਕਿਵੇਂ ਉਹ ਕਦੇ ਕਦੇ ਇੱਥੇ ਆ ਜਾਂਦਾ ਸੀ ਅਤੇ ਇੱਥੇ ਦੋ ਦੋ ਤਿੰਨ ਤਿੰਨ ਘੰਟੇ ਬੈਠੇ ਚਾਹ ਪੀਂਦੇ ਸੀ। ਉਸ ਨੂੰ ਇਹ ਮਹਿਸੂਸ ਹੋਇਆ ਕਿ ਮਹਿੰਦਰ ਸਿੰਘ ਗੈਰੀ ਅਤੇ ਹਨੀ ਦੀਆਂ ਆਤਮਾਂ ਅੱਜ ਵੀ ਇੱਥੇ ਕਿਤੇ ਇਕ ਦੂਜੇ ਨਾਲ ਲੜਦੀਆਂ ਹੋਣਗੀਆਂ ਤੇ ਪਛਤਾਉਂਦੀਆਂ ਹੋਣਗੀਆਂ ਕਿ ਉਹਨਾਂ ਦੇ ਕੋਲ ਕੀ ਕੁੱਝ ਨਹੀਂ ਸੀ? ਜਿਸ ਕਰਕੇ ਉਹਨਾ ਨੂੰ ਸਬਰ ਨਹੀਂ ਆ ਰਿਹਾ ਸੀ। ਉਸ ਨੂੰ ਮਹਿਸੂਸ ਹੋਇਆ ਕੋਈ ਤਾ ਇੱਥੇ ਹੈ ਜੋ ਆਪਣੇ ਕੀਤੇ ਦਾ ਪਛਤਾਵਾ ਕਰਦਾ ਹੋਵੇਗਾ।ਜਦੋਂ ਆਪਣੇ ਹੀ ਸਵਾਲਾਂ ਦੇ ਜਵਾਬ ਦਾ ਉਹ ਡੂੰਘੀ ਸੋਚ ਵਿਚ ਉੱਤਰ ਗਿਆ ਸੀ ਤਾਂ ਉਸ ਨੂੰ ਯਾਦ ਆਇਆ ਕਿ ਉਸਨੇ ਤਾਂ ਕਿਤੇ ਜਰੂਰੀ ਕੰਮ ਜਾਣਾ ਹੈ। ਜਦੋਂ ਪਲਾਟ ਵਿੱਚੋਂ ਬਾਹਰ ਨਿਕਲਣ ਲੱਗਾ ਤਾਂ ਦਰਵਾਜਾ ਹੌਲੀ ਜਿਹੇ ਹਲਕਾ ਜਿਹਾ ਹਵਾ ਨਾਲ ਬੰਦ ਹੋ ਗਿਆ ਅਤੇ ਉਸਨੂੰ ਇੱਕ ਆਵਾਜ਼ ਆਈ'; ਭਾ ਜੀ ਥੋੜੀ ਦੇਰ ਹੋਰ ਠਹਿਰ ਜਾ; ਉਸ ਨੂੰ ਇਹ ਮਹਿਸੂਸ ਹੋਇਆ ਕਿ ਗੈਰੀ ਚਾਹੁੰਦਾ ਹੈ ਕਿ ਮੈਂ ਇਥੇ ਹੋਰ ਰੁੱਕਾਂ ਇੰਨਾਂ ਦਿਲ ਵਿੱਚ ਆਉਂਦੇ ਹੀ ਬਿੱਟੂ ਦੀਆਂ ਅੱਖਾਂ 'ਚ ਪਾਣੀ ਆ ਗਿਆ ਅਤੇ ਉਹ ਉੱਥੇ ਹੀ ਬੈਠ ਗਿਆ ਅਤੇ ਆਪਣੇ ਦਿਲ ਨੂੰ ਸਮਝਾਉਂਦਾ ਹੋਇਆ ਉਹਨਾਂ ਰੂਹਾਂ ਦੀ ਸ਼ਾਂਤੀ ਦੀ ਅਰਦਾਸ ਕਰਦਾ ਹੈ ਜੋ ਜਾਣੇ ਅਣਜਾਣੇ ਉਸ ਨਾਲ ਕਦੇ ਜੁੜੀਆਂ ਸਨ। ਫਿਰ ਜਾਂਦੇ ਜਾਂਦੇ ਉਸ ਨੂੰ ਮਹਿੰਦਰ ਸਿੰਘ ਦੇ ਉਹ ਬੋਲ ਵੀ ਯਾਦ ਆਉਂਦੇ ਹਨ ਜਿਸ ਵਿੱਚ ਉਹ ਉਸ ਦੇ ਗੁਰੂ ਮਹਾਰਾਜ ਨੇ ਬਖਸ਼ਿਸ਼ ਕਰਦੇ ਹੋਏ ਕਹੇ ਸਨ (ਕਿ ਉਹ ਜਿਨ੍ਹਾਂ ਚਿਰ ਜਿਉਂਦਾ ਰਹੇਗਾ ਉਸ ਦੇ ਘਰ ਵਿੱਚ ਬਰਕਤਾਂ ਰਹਿਣਗੀਆਂ। ਜਦ ਮਹਿੰਦਰ ਸਿੰਘ ਨੇ ਪੁੱਛਿਆ ਸੀ ਅਤੇ ਮੇਰੇ ਜਾਣ ਤੋਂ ਬਾਅਦ ਤਦ ਉਹ ਚੁੱਪ ਕਰਕੇ ਸਮਾਧੀ ਵਿੱਚ ਚਲ ਗਏ ਸਨ।)।

ਸ਼ੇਅਰ

ਮਿਟ ਜਾਤੇ ਹੈਂ ਨਿਸ਼ਾਨ ਏਕ ਦਿਨ ਹਾਥੋਂ ਕੀ ਲਕੀਰੋਂ ਕੇ
ਲਫ਼ਜ਼ ਖ਼ਾਲੀ ਨਹੀਂ ਜਾਤੇ ਤਾਲਿਬ ਖ਼ੁਦਾ ਕੇ ਫਕੀਰੋਂ ਕੇ,
ਕੋਈ ਨਹੀਂ ਜਾਨਤਾ ਕਿਆ ਲਿਖਾ ਹੈ ਤਕਦੀਰ ਕੇ ਵਾਲੀ ਨੇ
ਕੋਸ਼ਿਸ਼ ਤੋਂ ਬੁਹਤ ਕੀ ਥੀ ਉਜੜਨੇ ਸੇ ਪਹਲੇ ਬਾਗ਼ ਕੇ ਮਾਲੀ ਨੇ।

ਸਮਾਪਤ।

# ਉੱਘੇ ਲੇਖਕ ਡਾ. ਗੁਰਬਖ਼ਸ਼ ਸਿੰਘ ਭੰਡਾਲ ਦੀ ਪੁਸਤਕ 'ਦਾ ਇਮੋਸ਼ਨਜ਼' ਲੋਕ ਅਰਪਣ

ਅੱਖਰ ਮੰਚ ਕਪੂਰਥਲਾ ਵਲੋਂ ਲਾਇਲਪੁਰ ਖ਼ਾਲਸਾ ਕਾਲਜ ਅਰਬਨ ਅਸਟੇਟ ਕਪੂਰਥਲਾ ਵਿਚ ਕਾਲਜ ਦੇ ਸਹਿਯੋਗ ਨਾਲ ਪੰਜਾਬੀ ਦੇ ਉੱਘੇ ਲੇਖਕ ਡਾ. ਗੁਰਬਖ਼ਸ਼ ਸਿੰਘ ਭੰਡਾਲ ਦੀ ਅਨੁਵਾਦਿਤ ਪੁਸਤਕ 'ਦਾ ਇਮੋਸ਼ਨਜ਼' ਲੋਕ ਅਰਪਣ ਕਰਨ ਲਈ ਇਕ ਸਮਾਗਮ ਕਰਵਾਇਆ ਗਿਆ। ਜਿਸ ਦੀ ਪ੍ਰਧਾਨਗੀ ਕਾਲਜ ਦੇ ਪ੍ਰਿੰਸੀਪਲ ਡਾ. ਬਲਦੇਵ ਸਿੰਘ ਢਿੱਲੋਂ ਨੇ ਕੀਤੀ। ਮੰਚ ਦੇ ਸਰਪ੍ਰਸਤ ਤੇ ਉੱਘੇ ਲੇਖਕ ਪ੍ਰੋ. ਕੁਲਵੰਤ ਸਿੰਘ ਔਜਲਾ ਨੇ ਸਮਾਗਮ ਦੀ ਸ਼ੁਰੂਆਤ 'ਤੇ ਕਿਤਾਬ ਦੇ ਮੁੱਖ ਵਿਸ਼ਿਆਂ, ਇਸ ਦੀ ਮਹੱਤਤਾ ਤੇ ਇਸ ਦੇ ਲਿਖੇ ਜਾਣ ਵਾਲੇ ਉਦੇਸ਼ ਬਾਰੇ ਵਿਸਥਾਰ ਪੂਰਵਕ ਚਾਨਣਾ ਪਾਇਆ। ਉਨ੍ਹਾਂ ਕਿਹਾ ਕਿ ਡਾ. ਭੰਡਾਲ ਵਲੋਂ ਜ਼ਿੰਦਗੀ ਨੂੰ ਹਾਂ ਪੱਖੀ ਹੁੰਗਾਰਾ ਦੇਣ ਲਈ ਲਿਖੀ ਗਈ ਇਸ ਪੁਸਤਕ ਵਿਚ 32 ਲੇਖ ਸ਼ਾਮਲ ਹਨ ਤੇ ਇਸ ਪੁਸਤਕ ਦਾ ਅਨੁਵਾਦ ਸ੍ਰੀਮਤੀ ਰਣਜੀਤ ਕੌਰ ਵਲੋਂ ਕੀਤਾ ਗਿਆ ਹੈ ਤੇ ਚੇਤਨਾ ਪ੍ਰਕਾਸ਼ਨ ਲੁਧਿਆਣਾ ਵਲੋਂ ਇਹ ਕਿਤਾਬ ਨੂੰ ਪ੍ਰਕਾਸ਼ਿਤ ਕੀਤਾ ਗਿਆ ਹੈ। ਮੰਚ ਦੇ ਪ੍ਰਧਾਨ ਸਰਵਣ ਸਿੰਘ ਔਜਲਾ ਨੈਸ਼ਨਲ ਐਵਾਰਡੀ ਨੇ ਕਿਹਾ ਕਿ ਇਹ ਪੁਸਤਕ ਪਾਠਕਾਂ ਲਈ ਗਿਆਨ ਇਹ ਇਨਸਾਨ ਨੂੰ ਜ਼ਿੰਦਗੀ ਜਿਊਣ ਦਾ ਢੰਗ ਸਿਖਾਉਂਦੀ ਹੈ ਤੇ ਅੱਜ ਢੋਂਹਦੀਆਂ ਕਲਾਂ ਵੱਲ ਜਾ ਰਹੇ ਇਨਸਾਨ ਨੂੰ ਸਦਾ ਚੜ੍ਹਦੀ ਵਿਚ ਅੱਗੇ ਵਧਣ ਅਤੇ ਹਾਂ ਪੱਖੀ ਸੋਚ ਅਪਣਾਉਣ ਵਿਚ ਪ੍ਰੇਰਿਤ ਕਰਦੀ ਹੈ। ਸਮਾਗਮ ਨੂੰ ਸੰਬੋਧਨ ਕਰਦਿਆਂ ਡਾ. ਬਲਦੇਵ ਸਿੰਘ ਢਿੱਲੋਂ ਨੇ ਕਿਹਾ ਕਿ ਡਾ. ਭੰਡਾਲ ਦੀ ਇਹ ਪੁਸਤਕ ਨੌਜਵਾਨ ਪੀੜ੍ਹੀ ਨੂੰ ਜੀਵਨ ਪ੍ਰਤੀ ਸਕਾਰਾਤਮਿਕ ਰੁੱਖ ਅਪਣਾਉਣ ਲਈ ਲਾਹੇਵੰਦੀ ਹੋਵੇਗੀ, ਕਿਉਂਕਿ ਇਹ ਪੁਸਤਕ ਮਨੁੱਖੀ ਮਨ, ਆਤਮ ਵਿਸ਼ਵਾਸ ਅਤੇ ਜੀਵਨ ਵਿਚ ਹੌਸਲਾ ਬਰਕਰਾਰ ਰੱਖਣ 'ਤੇ ਕੇਂਦਰਿਤ ਹੈ। ਉਨ੍ਹਾਂ ਡਾ. ਭੰਡਾਲ ਨੂੰ ਇਸ ਪੁਸਤਕ ਦੀ ਮੁਬਾਰਕਬਾਦ ਦਿੱਤੀ। ਸਮਾਗਮ ਵਿਚ ਪ੍ਰੋ. ਹਰਜੀਤ ਸਿੰਘ ਅਸ਼ਕ, ਸੇਵਾ ਮੁਕਤ ਜ਼ਿਲ੍ਹਾ ਸਿੱਖਿਆ ਅਫ਼ਸਰ ਗੁਰਭਜਨ ਸਿੰਘ ਲਾਸਾਨੀ ਨੇ ਮਹਿਮਾਨਾਂ ਤੇ ਕਾਲਜ ਦੇ ਸਟਾਫ਼ ਮੈਂਬਰਾਂ ਦਾ ਤਹਿਦਿਲੋਂ ਧੰਨਵਾਦ ਕੀਤਾ। ਸਮਾਗਮ ਦੌਰਾਨ ਮੰਚ ਸੰਚਾਲਨ ਦੇ ਫ਼ਰਜ਼ ਪ੍ਰੋ. ਮਨਜਿੰਦਰ ਸਿੰਘ ਜੌਹਲ ਨੇ ਬਾਖ਼ੂਬੀ ਨਾਲ ਨਿਭਾਏ। ਇਸ ਮੌਕੇ ਨੈਸ਼ਨਲ ਐਵਾਰਡੀ ਮੰਗਲ ਸਿੰਘ ਭੰਡਾਲ, ਵਿਨੋਦ ਠਾਕਰ, ਬਾਬਾ ਨਿਰਮਲ ਸਿੰਘ ਸਪੇਨ ਤੋਂ ਇਲਾਵਾ ਕਾਲਜ ਦੇ ਸਟਾਫ਼ ਮੈਂਬਰ ਤੇ ਵਿਦਿਆਰਥੀ ਵੱਡੀ ਗਿਣਤੀ ਵਿਚ ਹਾਜ਼ਰ ਸਨ।

## ਗੀਤ

ਨਰਿੰਦਰ ਸਿੰਘ ਫੁੱਲ

ਵਾਹ ! ਵਾਹ ! ਜਸਵਿੰਦਰ ਸਿੰਘ ਰਤਨਪਾਲ
ਜ਼ਹਿਰੀ ਖਾਦਾਂ , ਦਵਾਈਆਂ ਬਿਨਾਂ ਕਰਦੇ ਨੇ ਖੇਤੀ
ਢੰਗ ਕੁਦਰਤੀ ਕਰਦੇ ਨੇ ਇਸਤੇਮਾਲ ਵਾਹ !

ਭਿੰਨ-ਭਿੰਨ ਫਸਲਾਂ ਨੂੰ ਤਿਆਰ ਕਿਵੇਂ ਕਰਨਾ
ਜਾਣਕਾਰੀ ਆਪ ਨੂੰ ਬਾਕਮਾਲ, ਵਾਹ !

ਲਾਏ ਹੋਏ ਨੇ ਕੇਲੇ ਵੀ ਖੇਤਾਂ ਦੇ ਵਿਚ
ਹੁੰਦਾ ਦੇਖ ਕੇ ਮਨ ਨਿਹਾਲ, ਵਾਹ !

ਬੜੇ ਅਣਥੱਕ ਅਤੇ ਮਿਹਨਤੀ ਸਪਸ਼ਟ ਸੁੰਦਰ ਖ਼ਿਆਲ, ਵਾਹ !

ਤੁਰਦੇ ਨੇ ਸੋਹਣਾ ਨਾਲ-ਨਾਲ ਕੁਦਰਤ ਦੇ
ਅਨੰਦਮਈ ਅਵਸਥਾ ਜੀਵਨ ਖੁਸ਼ਹਾਲ, ਵਾਹ !
ਮੁੱਖ ਉੱਤੇ ਵੱਖਰਾ ਜਲਾਲ, ਵਾਹ !

ਸਿੰਘ ਸਾਹਿਬ ਵੀ ਆਖਦੇ ਨੇ ਇਨ੍ਹਾਂ ਨੂੰ,
ਮੁੱਖ ਉੱਤੇ ਹੈ ਵੱਖਰਾ ਜਲਾਲ
ਹਿੱਕ ਦੇ ਵਿੱਚ ਹੈ ਪਿਆਰ ਸਭਨਾਂ ਲਈ
ਅਣਮੁੱਲਾ ਧਰਤੀ ਦਾ ਹੈ ਇਹ ਲਾਲ, ਵਾਹ !

## ਕਵਿਤਾ - ਜਗਜੀਤ ਕੌਰ ਢਿੱਲੋਂ



ਧਰਤੀ ਧਾਹਾਂ ਮਾਰਦੀ, ਹੰਝੂ ਕੇਰੇ ਪੌਣ।
ਤਾਪ ਅੰਬਰ ਨੂੰ ਚੜ੍ਹ ਗਿਆ,ਵੈਦ ਬੁਲਾਵੇ ਕੌਣ।

ਦੁਨੀ ਸੁਹਾਵਾ ਬਾਗ਼ ਹੁਣ, ਕਿਉਂ ਬਨਿਐ ਸਮਸ਼ਾਨ।
ਧਰਤੀ ਦੇ ਹਰ ਜੀਵ ਦੀ, ਮੁੱਠੀ ਦੇ ਵਿੱਚ ਜਾਨ।

ਸਨਮੁੱਖ ਹੋ ਕੇ ਰੱਬ ਦੇ, ਬਿਰਖ਼ ਕਰਨ ਅਰਦਾਸ।
ਖ਼ਲਕਤ ਦੇ ਵਿੱਚ ਖ਼ਾਲਕਾ, ਦਿਸੇ ਨਾ ਤੇਰਾ ਵਾਸ।

ਫਿਰਨ ਪੰਖੇਰੂ ਕੂਕਦੇ, ਸਾਨੂੰ ਕਰਨ ਸਵਾਲ।
ਧਰਤੀ ਕਾਲ਼ੀ ਕਾਸਤੋਂ, ਕਿਉਂ ਅੰਬਰ ਹੈ ਲਾਲ ?

ਜੀਵ ਪਰਿੰਦੇ ਵਿਲਕਦੇ, ਕੈਸਾ ਆਇਐ ਦੌਰ।
ਡੌਰ ਭੌਰ ਨੇ ਤਿਤਲੀਆਂ, ਫ਼ਿਰਨ ਉਦਾਸੇ ਭੌਰ।

ਕੋਇਲਾਂ ਹੇਕਾਂ ਭੁੱਲੀਆਂ, ਪੈਲਾਂ ਭੁੱਲੇ ਮੋਰ।
ਸਹਿਮੇਂ ਜੀਆ ਜੰਤ ਸਭ, ਵੇਖ ਸਮੇਂ ਦੀ ਤੋਰ।

ਬਿਰਖਾਂ ਦੇ ਨਾਲ ਪੁਰਖਿਆਂ, ਰੱਖੀ ਗੂੜ੍ਹੀ ਸਾਂਝ।
ਓਹ ਬਿਰਖਾਂ ਦੇ ਕਾਤਲੋ, ਧਰਤ ਕਰੋ ਨਾ ਬਾਂਝ।

ਕੁਦਰਤ ਤਾਈਂ ਚਾੜ੍ਹ ਕੇ, ਗ਼ੈਰ ਕੁਦਰਤੀ ਰੰਗ।
ਬੇਰਹਿਮੀ ਨਾਲ ਸਾੜ ’ਤੇ, ਇਸ ਦੇ ਨਾਜ਼ੁਕ ਅੰਗ।

ਕਰ ਸਪਰੇਆਂ ਜ਼ਹਿਰੀਆਂ, ਖ਼ੂਬ ਵਧਾਇਆ ਝਾੜ।
ਦਾਣੇ ਕੀਤੇ ਬੇ ਰਸੇ, ਤੱਤ ਲਏ ਸਭ ਸਾੜ।

ਕੁਦਰਤ ਪੇਟੋਂ ਜਨਮਿਆਂ, ਮਾਨਸ ਐਸਾ ਬਾਲ।
ਵੈਰ ਕਮਾਵੇ ਆਪਣੀ, ਮਾਂ ਦੀ ਮਮਤਾ ਨਾਲ।

ਮੌਲਣ ਵੇਲਾਂ ਰੁੱਖੜੇ, ਗਾਉਣ ਪੰਖੇਰੂ ਗੀਤ।
ਦੁਨੀ ਸੁਹਾਵੇ ਬਾਗ਼ ਦੀ, ਸੁੱਖ ਮੰਗੇ ‘ਜਗਜੀਤ’।

## ਜਸਵਿੰਦਰ ਦੀਆਂ ਦੋ ਕਵਿਤਾਵਾਂ

### 1. ਅਖ਼ਬਾਰ ਨਹੀਂ ਮਿਲਿਆ

ਜੋ ਖ਼ਬਰਾਂ ਦੇਣ ਸਕੂੰ ਦਿਲ ਨੂੰ ਉਹ ਅਖ਼ਬਾਰ ਨਹੀ ਮਿਲਿਆ।
ਦੁੱਖਾਂ ਫਿਕਰਾਂ ਤੋਂ ਛੁੱਟੀ ਦਾ ਕੋਈ ਵਾਰ ਨਹੀਂ ਮਿਲਿਆ।

ਇੱਥੇ ਵਿਕਣ ਜ਼ਮੀਰਾਂ ਨਾਲ ਸਰੀਰਾਂ ਹਰ ਦਿਨ ਮੋੜਾਂ ਤੇ,
ਸੌਦਾ ਰੂਹਾਂ ਨਾਲ ਕਰੇ ਜੋ ਉਹ ਰੂਹਦਾਰ ਨਹੀਂ ਮਿਲਿਆ।

ਸਭ ਰਿਸ਼ਤੇ ਮਤਲਬਖੋਰੇ ਵਿੱਚ ਦੁਨੀਆਂ ਦੀ ਮੰਡੀ ਦੇ,
ਆਪਣੇਪਣ ਦੇ ਮੋਹ ਵਾਲਾ ਕੋਈ ਹੱਕਦਾਰ ਨਹੀਂ ਮਿਲਿਆ।

ਹੱਥ ਹਿਲਾ ਕੇ ਪੁੱਛਣ ਹਾਲ ਕਈ ਇੱਥੇ ਅਣਜਾਣੇ ਵੀ,
ਜੋ ਲੱਭੇ ਹੰਝੂ ਹਾਸੇ ਵਿੱਚੋਂ ਉਹ ਯਾਰ ਨਹੀਂ ਮਿਲਿਆ।

ਕਤਲ ਭਰੋਸਾ ਕੀਤਾ ਯਾਰਾਂ ਜਾਲ ਵਿਛਾ ਕੇ ਲਾਰੇ ਦਾ,
ਆਖਰ ਤੱਕ ਨਿਭੇ ਜੋ ਹਾਲੇ ਉਹ ਇਕਰਾਰ ਨਹੀਂ ਮਿਲਿਆ।

ਮੁੱਖ ਲਿਪੇ ਪੋਚੇ ਨੇ ਪਰ ਫਿਰਦੇ ਮੁਰਝਾਏ ਮੁਰਝਾਏ,
ਚਮਕੇ ਨੂਰ ਅਗੰਮੀ ਜਿਸ ’ਤੇ ਉਹ ਰੁਖ਼ਸਾਰ ਨਹੀਂ ਮਿਲਿਆ।

ਬੁੱਤ ਤਰਾਸ਼ ਬੜੇ ਨੇ ਇੱਥੇ ਵੱਧ ਤੋਂ ਵੱਧ ਜਸਵਿੰਦਰ ਪਰ,
ਜੋ ਲਾਹੇ ਝੂਠ ਨਕਾਬਾਂ ਨੂੰ ਉਹ ਔਜ਼ਾਰ ਨਹੀਂ ਮਿਲਿਆ।

### 2. ਗੱਲ ਕੋਈ

ਆ ਕਰੀਏ ਬੈਠ ‘ਕੱਠੇ ਗੱਲ ਕੋਈ।
ਲੱਭਣਾ ਮਸਲੇ ਦਾ ਜੇ ਹੱਲ ਕੋਈ।

ਧਾਰ ਚੁੱਪੀ ਵੱਟ ਰੱਖੇ ਮੂੰਹ ਜੇ ਆਪਾਂ,
ਫ਼ਰਿਸ਼ਤਾ ਆਉਣਾ ਨਹੀਂ ਫਿਰ ਚੱਲ ਕੋਈ।

ਸੁਣ ਕੇ ਮੇਰੀ ਤੂੰ ਸੁਣਾਂ ਦੇ ਆਪਣੀ ਵੀ,
ਪਰ ਬਚਾ ਲੈ ਦਿਲ ਪਵੇ ਨਾ ਸੱਲ ਕੋਈ।

ਇੱਕ ਦੂਜੇ ਨੂੰ ਕਰੀਏ ਮਾਫ਼ ਦੋਵੇਂ,
ਰੱਬ ਦੇ ਵਿਹੜੇ ਵਜਾ ਕੇ ਟੱਲ ਕੋਈ।

ਜੋ ਸਜਾਏ ਖ਼ਾਬ ਪੂਰੇ ‘ਦੀਪ’ ਕਰਨੇ,
ਕਾਸ਼! ਜਸਵਿੰਦਰ ਨਾ ਮਾਰੇ ਝੱਲ ਕੋਈ।

# ਹਰਪ੍ਰੀਤ ਪੱਤੋਂ ਦੀਆਂ ਦੋ ਕਵਿਤਾਵਾਂ

## ਰਹਿਬਰੋ ! ਹੋਸ਼ ਕਰੋ

ਨਾਲ ਕੁਰਬਾਨੀਆਂ ਦੇ ਭਰੇ
ਇਤਿਹਾਸ ਸਾਡੇ,
ਰੰਬੀਆਂ, ਆਰੀਆਂ ਦੇ ਮੂੰਹ
ਅਸੀਂ ਮੋੜ ਦਿੱਤੇ।

ਚੜ੍ਹ ਚਰਖੜੀਆਂ ਤੇ ਤੂੰਬਾ
ਤੂੰਬਾ ਹੋ ਉੱਡੇ,
ਜ਼ਾਲਮਾਂ ਖੜਿਆਂ ਦੇ ਦੰਦ
ਅਸੀਂ ਜੋੜ ਦਿੱਤੇ।

ਵਾਹੀਆਂ ਤੇਗਾਂ ਵੈਰੀ ਨੂੰ ਯਾਦ
ਅੱਜ ਵੀ,
ਵਾਂਗ ਖਰਬੂਜਿਆ ਸਿਰ ਸੀ
ਅਸੀਂ ਰੋੜ੍ਹ ਦਿੱਤੇ।

ਰੁਲੀਆਂ ਲੋਥਾਂ ਵੈਰੀ ਦੀਆਂ
ਮੈਦਾਨ ਅੰਦਰ,
ਵਾਂਗ ਨਿੰਬੂਆਂ ਦੇ ਲਹੂ
ਅਸੀਂ ਨਿਚੋੜ ਦਿੱਤੇ।

ਭੁੱਲ ਨਾ ਜਾਈਂ ਹਾਕਮਾਂ
ਇਤਿਹਾਸ ਸਾਡਾ,
ਜੁੱਤੀ ਦੀ ਨੋਕ ਤੇ ਤਖ਼ਤ
ਅਸੀਂ ਛੋੜ ਦਿੱਤੇ।

ਲਿਖਾਂ ਕੀ ਕੀ ਸਿਆਹੀ
ਮੁੱਕ ਚੱਲੀ,
ਵਰਕੇ ਪਤਾ ਨਹੀਂ ਕਿੰਨੇ ਕੁ
ਅਸੀਂ ਘਰੋੜ ਦਿੱਤੇ।

ਲਿਖੇ ਕੀ ਕਲਮ 'ਪੱਤੋ' ਦੀ
ਕੰਬਦੀ ਏ,
ਅਹਿਸਾਨ ਸਾਡੇ ਤੇ ਕਰ
ਲੱਖ ਕਰੋੜ ਦਿੱਤੇ।

ਅੱਜ ਮੁੱਲ ਵੱਟਣ ਲੀਡਰ
ਕੁਰਬਾਨੀਆਂ ਦੇ,
ਨਿਯਮ ਸਾਰੇ ਉਹਨਾਂ ਦੇ
ਤੋੜ ਦਿੱਤੇ।

## ਜੰਗਲ਼ ਰਾਜ

ਕਿਧਰੇ ਹੋਈ ਜਾਣ ਬਲਾਤਕਾਰ ਇੱਥੇ,
ਚੱਲਣ ਗੋਲੀਆਂ ਤਾੜ-ਤਾੜ ਸਾਈਂ।

ਧਰਨੇ, ਮੁਜ਼ਾਹਰਿਆਂ, ਸੜਕਾਂ ਚੌਂਕ ਘੇਰੇ,
ਲਈ ਬੈਠੇ ਮੰਗਾਂ ਦੀ ਆੜ ਸਾਈਂ।

ਚੋਰੀਆਂ ਡਕੈਤੀਆਂ ਇੱਥੇ ਵੱਧ ਚੱਲੀਆਂ,
ਨਸ਼ਾ ਵਿਕਦਾ ਗਲ਼ੀ ਗੁਵਾੜ ਸਾਈਂ।

ਗਿਣਤੀਓ ਬਾਹਰ, ਅਲਾਮਤਾਂ ਹੋਰ ਵੀ ਨੇ,
ਕਰੀ ਜਾਂਦੀਆਂ ਨਿੱਤ ਉਜਾੜ ਸਾਈਂ।

ਰਾਜ ਜੰਗਲ ਦਾ ਹੋਇਆ ਹੈ ਇੱਥੇ,
ਜਿਓਂ ਸਿਖ਼ਰ ਦੁਪਹਿਰ ਜੇਠ ਹਾੜ ਸਾਈਂ।

ਪੰਜ ਆਬ ਦੀ ਧਰਤੀ ਇਹ ਸੀ ਸਾਡੀ,
ਦਿੱਤੀ ਬੁਰੀਆਂ ਨਜ਼ਰਾਂ ਸਾੜ ਸਾਈਂ।

'ਪੱਤੋ' ਬਚਾਵੇ ਕੋਈ ਰੰਗਲੇ ਪੰਜਾਬ ਤਾਂਈ,
ਦੇਵੇ ਪੱਟ ਕੰਡਿਆਲੀ ਵਾੜ ਸਾਈ।

---

## .ਗਜ਼ਲ

ਡਾ. ਰਾਮ ਮੂਰਤੀ

ਸਰ ਕਰਨੇ ਨੂੰ ਉਮਰਾਂ ਲੱਗੀਆਂ ਐਡੀ ਕੀ ਮਜਬੂਰੀ ਸੀ
ਤੇਰੇ ਘਰ ਤੋਂ ਮੇਰੇ ਘਰ ਤੱਕ ਚਹੁੰ ਕਦਮਾਂ ਦੀ ਦੂਰੀ ਸੀ

ਆਪਣਿਆਂ ਨੇ ਲਾਹ ਕੇ ਸੁੱਟਿਆ ਗੈਰਾਂ ਕੀ ਅਪਣਾਉਣਾ ਸੀ
ਫਾਕਿਆਂ ਵਿੱਚ ਵੀ ਚੰਗਾ ਜੀ ਗਏ ਸਾਡੀ ਸਿਦਕ ਸਬੂਰੀ ਸੀ

ਕਰਦੇ ਸਾਰੀ ਉਮਰ ਗੁਲਾਮੀ, ਬਦਲੇ ਦੇ ਵਿੱਚ ਸੱਜਣ ਜੀ
ਤੇਰੀ ਇਕੋ ਪਿਆਰ ਦੀ ਤੱਕਣੀ ਸਾਡੀ ਕੁਲ ਮਜਦੂਰੀ ਸੀ

ਆਉਂਦਾ ਭਾਵੇਂ ਕੋਈ ਨਾ ਆਉਂਦਾ ਕੁਝ ਵੀ ਫਰਕ ਨਾ ਪੈਣਾ ਸੀ
ਸਾਡੀ ਬਲਦੀ ਚਿਖਾ ਨੂੰ ਵੇਖਣ ਤੇਰਾ ਆਉਣ ਜਰੂਰੀ ਸੀ

ਤਲਵਾਰਾਂ ਤੇ ਤੀਰਾਂ ਛਵੀਆਂ ਨੇਜਿਆਂ ਦੀ ਜਿੱਥੇ ਚੱਲੀ ਨਾ
ਸਾਡੀ ਜਾਨ ਮੁਕਾ ਗਈ ਸੱਜਣਾਂ ਤੇਰੀ ਇਕੋ ਘੂਰੀ ਸੀ

ਪੰਛੀ ਪਿਆਰ 'ਚ ਝੱਲੇ ਹੋ ਗਏ ਜਿਹੜੇ ਚੁੱਗ ਕੇ ਆਏ ਸੀ
ਰਾਂਝੇ ਹੀਰ ਦੀ ਕਬਰ ਦੇ ਕੋਲੇ ਖਿਲਰੀ ਪਈ ਜੋ ਚੂਰੀ ਸੀ

# ਇਕ ਲੱਪ ਯਾਦਾਂ ਦੀ

ਭੁਪਿੰਦਰ ਉਸਤਾਦ

**ਸਫ਼ਰਨਾਮੇ ਦੀ ਲੜੀ ਜੋੜਨ ਲਈ ਨਵੰਬਰ ਅੰਕ ਦਾ ਸਫ਼ਾ 55 ਦੇਖੋ।**

ਮੁਰੱਬੇ ਲਾ ਕੇ ਕੰਡਿਆਲੀ ਤਾਰ ਲੌਂਦਿਆ ਸਾਨੂੰ ਹਫਤਾ ਲੱਗ ਗਿਆ। ਸਾਡਾ ਰਬਾਬ ਟੈਕਨੀਕਲ ਆਦਮੀ ਸੀ ਇਸ ਕਰਕੇ ਪਿੰਡ ਦੇ ਬਾਕੀ ਜਿੰਨੇ ਟਿਊਬੈਲ ਲੱਗੇ ਸਨ, ਉਨ੍ਹਾਂ ਨਾਲੋਂ ਰਬਾਬ ਦੇ ਟਿਊਬੈਲ ਦਾ ਡਿਜਾਇਨ ਤੇ ਰੱਖ ਰਖਾਵ ਕੁਝ ਠੀਕ ਸੀ। ਖੱਡਾ ਛੋਟੇ ਘਰੇ ਦਾ ਹੀ ਸੀ ਤੇ ਹੇਠਾਂ ਜਾਣ ਨੂੰ ਵੀ ਰਸਤਾ ਠੀਕ ਸੀ। ਬਾਹਰ ਕਾਫੀ ਵੱਡਾ ਚੁਬੱਚਾ ਬਣਿਆ ਹੋਇਆ ਸੀ। ਪਾਣੀ ਦਾ ਲੇਵਲ ਕੋਈ ਪੱਕਾ ਨਹੀਂ ਸੀ, ਉਤੋਂ ਆਮ ਲੋਕਾਂ ਨੂੰ ਕੰਮ ਦੀ ਟੈਕਨੀਕ ਦਾ ਵੀ ਪਤਾ ਨਹੀਂ ਸੀ। ਇਸ ਕਰਕੇ ਇਕ ਵੱਡਾ ਸਾਰਾ ਟੋਇਆ ਪੁੱਟ ਲਿਆ ਜਾਂਦਾ ਸੀ, ਜਿਥੇ ਪਾਣੀ ਆ ਜਾਂਦਾ ਸੀ ਉਥੇ 8-10 ਬਲੌਕ ਰੱਖ ਕੇ ਉਪਰ ਇੰਝਣ ਰੱਖ ਦਿੱਤਾ ਜਾਂਦਾ ਸੀ ਤੇ ਇਕ ਪਾਇਪ ਪਾਣੀ ਵਿਚ ਸੁੱਟ ਕੇ, ਇਕ ਪਾਇਪ ਉਪਰ ਨੂੰ ਖਿਚ ਕੇ ਟਿਊਬੈਲ ਬਣ ਜਾਂਦਾ ਸੀ। ਇੰਜਣ ਚਲਾਉਣ ਵਾਸੇਤ ਹੇਠਾਂ ਜਾਣ ਲਈ ਕਈਆਂ ਨੇ ਉਪਰ ਜ਼ਮੀਨ ਵਿਚ ਕੁਝ ਗੱਡ ਕੇ ਉਸ ਨਾਲ ਰੱਸਾ ਬੰਨਿਆ ਹੁੰਦਾ ਸੀ, ਜਿਸ ਨੂੰ ਫੜ ਕੇ ਸੋਖਿਆਂ ਹੀ ਹੇਠਾਂ ਜਾ ਸਕੀਦਾ ਸੀ। ਕਈ ਟੋਏ ਤਾਂ ਉਪਰੋਂ ਐਨੇ ਚੋੜੇ ਹੁੰਦੇ ਸਨ ਕਿ ਉਨਾਂ ਵਿਚ ਘੀਸੀ ਕਰਦੇ ਹੇਠਾਂ ਰਿੜ ਜਾਂਦੇ ਸਨ। ਜਾਨਿ ਜਿਸ ਤਰ੍ਹਾਂ ਵੀ ਕਿਸੇ ਦਾ ਰੁਕ ਲੱਗਦਾ ਸੀ ਆਪਣਾ ਕੰਮ ਰੇੜ੍ਹੀ ਜਾ ਰਹੇ ਸਨ।




ਜਦੋਂ ਜ਼ਮੀਨ ਦੀ ਬਾਊਂਡਰੀ ਵਾਇਰ ਲੱਗ ਗਈ ਤਾਂ ਰਬਾਬ ਨੇ ਰੋਜ਼ ਹੀ ਸਵੇਰੇ ਸਾਡੇ ਸੁੱਤਿਆ ਪਿਆ ਤੇ ਹੀ ਆ ਜਾਣਾ, ਆਪਣੀ ਪਹਿਲੀ ਨਮਾਜ਼ ਪੜ੍ਹ ਕੇ। ਉਸਨੇ ਆਪਣਾ ਡਿਸ਼ਡਾਸ਼ (ਗਿਟਿਆ ਤਕ ਲੰਬਾ ਕੁੜਤਾ) ਲਾਹ ਕੇ ਖੇਤ ਦੇ ਇਕ ਪਾਸੇ ਰੱਖ ਦੇਣਾ ਤੇ ਧੋਤੀ ਨੂੰ ਗੋਡਿਆਂ ਤੱਕ ਚੁੱਕ ਕੇ ਟੰਗ ਲੈਣਾ। (ਇਹ ਲੋਕ ਲੱਤਾ ਨੰਗੀਆਂ ਰੱਖਣ ਨੂੰ ਬਹੁਤ ਬੁਰਾ ਮੰਨਦੇ ਹਨ) ਫਿਰ ਉਸਨੇ ਕਹੀ ਲੈ ਕੇ ਖੇਤ ਬਣੋਣ ਲੱਗ ਪੈਣਾ। ਕਈ ਵਾਰ ਜਦੋਂ ਕੰਮ ਜ਼ਿਆਦਾ ਹੋਣਾ ਤਾਂ ਉਸਨੇ ਸਾਨੂੰ ਵੀ ਮਦਦ ਲਈ ਬੁਲਾ ਲੈਣਾ। ਸਾਰਾ ਕੰਮ ਹੱਥੀਂ ਹੀ ਹੁੰਦਾ ਸੀ। ਸੁਆਰੀ ਵਾਸਤੇ ਤੇ ਛੋਟਾ ਮੋਟਾ ਸਮਾਨ ਢੋਣ ਲਈ ਖੋਤੇ ਅਤੇ ਖਚਰਾਂ ਤੋਂ ਹੀ ਕੰਮ ਲਿਆ ਜਾਂਦਾ ਸੀ। ਜਾਂ ਫਿਰ ਊਂਠ ਇਹ ਕੰਮ ਕਰਦੇ ਪਰ ਹੁਣ ਤਾਂ ਉਥੇ ਪੱਕੀਆਂ ਅਤੇ ਲੇਵਲ ਸੜਕਾਂ ਉਤੇ ਮਰਸਿਡੀ ਤੇ ਫਰਾਰੀ ਇਸ ਦੋੜਦੀਆਂ ਹਨ ਜਿਵੇਂ ਸਮੁੰਦਰ ਦੇ ਸ਼ਾਂਤ ਪਾਣੀ ਉਰੇ ?।

ਉਸ ਜ਼ਮਾਨੇ 'ਚ ਔਰਤਾਂ ਜਿੱਥੇ ਇਤਰ ਤੇ ਪਾਉਡਰ ਵਰਰਦੀਆਂ ਸਨ ਉਥੇ ਦਾਤਣ-ਸੁਰਮੇ ਦੇ ਨਾਲ, ਮੂੰਹ ਦਾ ਰੰਗ ਨਿਖਾਰਨ ਵਾਸਤੇ ਸੂਰਜਮੁਖੀ ਦੇ ਬੀਜਾਂ ਨੂੰ ਪੀਸ ਕੇ ਉਸ ਵਿਚ ਦੁਧ ਕੇਸਰ ਤੇ ਹਲਦੀ ਮਿਲਾ ਕੇ ਇਸਤੇਮਾਲ ਕਰਦੀਆਂ ਸਨ, ਜਿਸ ਨਾਲ ਇਕ ਦਿਨ ਵਿਚ ਹੀ ਉਹ ਨਿਖਰ ਜਾਂਦੀਆਂ ਸਨ ।

ਬਿਊਟੀ ਪਾਰਲਰ ਨਾਂ ਦੀ ਚੀਜ਼ ਉਦੋਂ ਹੁੰਦੀ ਨਹੀਂ ਸੀ।

ਉਮਾਨ ਦੇ ਨਾਮ ਉਤੇ ਦੁਨੀਆਂ ਦੇ ਨਕਸ਼ੇ ਵਿਚ ਦਿਸਣ ਵਾਲੇ ਮੁਲਕ ਨੇ ਅਰਬ ਸਾਗਰ ਦੇ ਕੰਢੇ ਤੀਹ ਲੱਖ ਕਿਲੋਮੀਟਰ ਥਾਂ ਨੂੰ ਘੇਰ ਰੱਖਿਆ ਹੈ। ਇਸ ਦੀ ਇਕ ਹੱਦ ਯਮਨ ਨਾਲ, ਦੂਜੀ ਹੱਦ ਯੂ. ਏ. ਈ ਨਾਲ ਤੇ ਲੰਬੀ ਬਾਹੀ ਸਾਊਦੀ ਅਰਬ ਨਾਲ ਮਿਲਦੀ ਹੈ। ਇਥੋਂ ਦੀ ਅਬਾਦੀ ਕੋਈ 18-20 ਲੱਖ ਦੀ ਸੀ। ਉਮਾਨ ਅਤੇ ਅਫਰੀਕਾ ਦੇ ਵਿਚ ਅਰਬ ਸਾਗਰ ਦੀ ਇਕ ਪੂਛ ਜਿਹੀ ਖਾਈ ਹੈ, ਜਿਸ ਨੇ ਅਰਬ ਖੰਡ ਨੂੰ ਵੱਖ ਕੀਤਾ ਹੋਇਆ ਹੈ। ਉਮਾਨ ਅਰਬ ਸਮੂੰਹ ਦੇ ਦੱਖਣ-ਪੱਛਣ ਵਿਚ ਵਾਕਿਆ ਹੈ । ਉਮਾਨ ਦੇ ਦੋ ਜ਼ਜ਼ੀਰਿਆਂ ਵਿਚੋਂ ਮਸੀਰਾ ਤੇ ਕੁਰੀਆ ਮੁਰੀਆ ਖਾਸ ਅਤੇ ਮਸ਼ਹੂਰ ਹਨ। ਇਥੋਂ ਦਾ ਮੌਸਮ ਗਰਮ-ਖੁਸ਼ਕ ਹੈ। ਗਰਮੀ ਤਕਰੀਬਨ ਦਸ ਮਹੀਨੇ ਆਪਣਾ ਰੰਗ ਦਿਖਾਉਂਦੀ ਹੈ। ਦਰਖਤ ਪੱਟ ਹਵਾਵਾਂ ਚਲਦੀਆਂ ਹਨ। ਹਵਾਵਾਂ ਕਈ ਵਾਰ ਪਲਾਈ ਦੇ ਚੱਕਮੇਂ ਘਰਾਂ ਨੂੰ ਉਡਾ ਕੇ ਲੈ ਜਾਂਦੀਆਂ ਹਨ। ਇਥੋਂ ਦੀ ਪੈਦਾਵਾਰ ਖਜੂਰ ਤੇ ਪੈਟਰੋਲ ਦੇ ਨਾਲ ਤਾਂਬਾ ਵੀ ਹੈ। ਮੱਛੀ ਵੀ ਬਹੁਤ ਸਾਰੇ ਕੁਨਵਿਆਂ ਦਾ ਢਿਡ ਭਰਨ ਵਿਚ ਆਪਣਾ ਅਹਿਮ ਰੋਲ ਅਦਾ ਕਰਦੀ ਹੈ। ਸੀਮਿੰਟ ਪਲਾਂਟ ਵੀ 74 ਵਿਚ ਆਪਣਾ ਕੰਮ ਕਰਨ ਲੱਗ ਪਏ ਹਨ।

23 ਜੁਲਾਈ 1970 ਵਿਚ ਸੁਲਤਾਨ ਕਬੂਸ ਨੇ ਗੱਦੀ ਸੰਭਾਲੀ ਤੇ ਦੇਸ਼ ਦੀ ਵਾਗਡੋਰ ਆਪਣੇ ਹੱਥ ਲੈ ਕੇ, ਦੇਸ਼ ਨੂੰ ਤਰੱਕੀ ਦੇ ਰਾਹ ਤੋਰਦਿਆਂ ਗੁਆਂਢੀ ਮੁਲਕਾਂ ਦੇ ਕਾਮਿਆਂ ਲਈ ਵੀ ਰੋਜ਼ੀ ਪੈਦਾ ਕਰ ਦਿੱਤੀ। ਕੋਈ ਪੰਜ ਲੱਖ ਵਿਦੇਸ਼ੀ ਕਾਰੀਗਰ ਇਥੇ ਕੰਮ ਕਰ ਰਹੇ ਹਨ।

ਮੁਲਕ ਦਾ ਸਾਰਾ ਕੰਮ ਉਸਦੀ ਆਪਣੀ ਬੋਲੀ ਅਰਬੀ 'ਚ ਹੁੰਦਾ ਹੈ। ਸਰਕਾਰੀ ਕਰਮਚਾਰੀ ਬੇਸ਼ਕ ਉਹ ਕਿਸੇ ਵੀ ਮੁਲਕ ਦਾ ਹੈ ਉਸ ਨੂੰ ਅਰਬੀ ਆਉਣਾ ਲਾਜ਼ਮੀ ਹੈ। ਸਕੂਲ ਚਾਹੇ ਕਿਸੇ ਵੀ ਮੁਲਕ ਦਾ ਹੈ ਅਰਬੀ ਪੜ੍ਹਾਉਣੀ ਲਾਜ਼ਮੀ ਹੈ। ਸਰਕਾਰੀ ਸਕੂਲਾਂ ਵਿਚ ਮੁੰਡੇ ਕੁੜੀਆਂ ਦੇ ਸਬਜੈਕਟ ਬਿਲਕੁਲ ਅਲੱਗ ਹਨ। ਸ਼ਹਿਰਾਂ ਵਿਚ ਬਿਜਲੀ ਜੈਨਰੇਟਰਾਂ ਤੋਂ ਤਿਆਰ ਹੋ ਕੇ ਸਪਲਾਈ ਹੁੰਦੀ ਹੈ ਤੇ ਪ੍ਰਾਈਵੇਟ ਕੰਪਨੀ ਕਰਦੀ ਹੈ। ਪਾਣੀ ਵੀ ਹਰ ਥਾਂ ਤੇ ਟੈਂਕਰਾਂ ਨਾਲ ਹੀ ਸਪਲਾਈ ਕੀਤਾ ਜਾਂਦਾ ਹੈ।

ਸੁਲਤਾਨ ਦਾ ਜਨਮ ਦਿਨ 18 ਨਵੰਬਰ ਨੂੰ ਮਨਾਇਆ ਜਾਂਦਾ ਹੈ। ਜਨਮ ਦਿਨ ਮਨਾਉਣ ਦਾ ਬਹੁਤ ਹੀ ਵਧੀਆ ਤਰੀਕਾ ਹੈ। ਜਿਸ ਜ਼ਿਲ੍ਹੇ 'ਚ ਜਨਮ ਦਿਨ ਮਨਾਉਣਾ ਹੁੰਦਾ ਹੈ ਉਸ ਜ਼ਿਲ੍ਹੇ ਦਾ ਨਾਮ ਇਕ ਸਾਲ ਪਹਿਲਾਂ ਅਨਾਊਂਸ ਹੋ ਜਾਂਦਾ ਹੈ ਤੇ ਇਕ ਸਾਲ ਵਿਚ ਉਸ ਜ਼ਿਲ੍ਹੇ 'ਚ ਕਾਲਜ਼, ਸਕੂਲ ਖੇਡ ਸਟੇਡੀਅਮ, ਹਸਪਤਾਲ ਤੋਂ ਇਲਾਵਾ ਹੋਰ ਜੋ ਵੀ ਜ਼ਰੂਰੀ ਹੋਵੇ, ਇਕ ਜ਼ਿਲ੍ਹੇ ਵਾਸਤੇ ਕੋਰਟ ਵਗੈਰਾ ਉਹ ਕੁੱਝ ਇਕ ਸਾਲ 'ਚ ਬਣ ਕੇ ਤਿਆਰ ਹੋ ਜਾਂਦਾ ਹੈ। 8-8, 10-10 ਕੰਪਨੀਆਂ ਨੂੰ ਕੰਮ ਮਿਲਦਾ ਹੈ। ਕੋਈ ਸੜਕਾਂ ਬਣਾ ਰਿਹਾ ਹੈ ਤੇ ਹਸਪਤਾਲ। ਹਰ ਹਾਲਤ 'ਚ ਇਕ ਸਾਲ ਵਿਚ ਉਹ ਪੂਰਾ ਸ਼ਹਿਰ ਉਸਰ ਜਾਂਦਾ ਹੈ। ਜਿਸ ਕੰਪਨੀ ਦਾ ਕੰਮ ਪਿਛੇ ਰਹਿ ਜਾਂਦਾ ਹੈ ਉਸ ਨੂੰ ਭਾਰੀ ਜੁਰਮਾਨਾ ਕੀਤਾ ਜਾਂਦਾ ਹੈ ਇਕ ਦਿਨ ਦੇ ਹਿਸਾਬ ਨਾਲ। ਕੰਪਨੀਆਂ 'ਚ 18-18, 20-20 ਹਜ਼ਾਰ ਬੰਦਾ ਕੰਮ ਕਰਦਾ ਹੈ ਤੇ ਕੰਪਨੀਆਂ ਕੋਲ ਹਰ ਤਰ੍ਹਾਂ ਦੀ ਮਸ਼ੀਨਰੀ ਵੀ ਹੈ। ਕਿਸੇ ਕਿਸਮ ਦੀ ਢਿਲ ਨਹੀਂ ਰਹਿਣ ਦਿੱਤੀ ਜਾਂਦੀ। ਇਥੇ ਵਾਂਗ ਨਹੀਂ ਕਿ ਦੋਮੋਰੀਆ ਪੁਲ ਦਾ ਕੰਮ ਤਾਂ ਦੋ ਸਾਲ ਦਾ ਸੀ ਪਰ ਉਹ ਛੇ ਸਾਲ ਗੁਜ਼ਰਨ ਤੇ ਵੀ ਸਿਰੇ ਨਹੀਂ ਚੜ੍ਹ ਰਿਹਾ। ਏਸ ਤਰ੍ਹਾਂ ਦਾ ਕੰਮ ਅਗਰ ਉਥੇ ਹੋ ਜਾਂਦਾ ਤਾਂ ਜਿੰਨੇ ਵੀ ਬੰਦੇ, ਕੰਪਨੀ ਮੈਨੇਜਮੈਂਟ ਤੇ ਉਸ ਏਰੀਏ ਦੀ ਮੈਨੇਜਮੈਂਟ, ਸਭ ਨੂੰ ਪੁਠੇ ਟੰਗਿਆ ਹੋਣਾ ਸੀ।

ਸਾਡਾ ਕੁਆਟਰ 24'×12' ਬਣ ਕੇ ਬੇਸ਼ੱਕ ਤਿਆਰ ਸੀ। ਚੋਵੀਂ ਫੁੱਟ ਵਾਲੇ ਪਾਸੇ 4'×4' ਦੀਆਂ ਦੋ ਦੋ ਖਿੜਕੀਆਂ ਵਿਚੋਂ ਦੀ ਹਵਾ ਇੰਝ ਔਂਦੀ, ਜਿਵੇਂ ਕਈ ਸਾਰੇ ਪੱਖੇਂ ਲੱਗੇ ਹੋਣ।

ਹਰ ਕੋਈ ਆ ਕੇ ਕੁਆਟਰ ਦੇ ਡਿਜਾਇਨ ਦੀ ਤਾਰੀਫ ਕਰ ਰਿਹਾ ਸੀ, ਪਰ ਸਾਡਾ ਉਥੇ ਜਾਣ ਨੂੰ ਦਿਲ ਨਹੀਂ ਸੀ ਮੰਨ ਰਿਹਾ। ਵਜ੍ਹਾ ਇਹ ਸੀ ਕਿ ਅਸੀਂ ਨਵੇਂ ਅਤੇ ਉਸ ਏਰੀਏ ਤੋਂ ਅਣਜਾਣ ਸਾਂ, ਸਾਡਾ ਕੁਆਟਰ ਪਿੰਡੋਂ ਦੂਰ ਉਜਾੜ ਵਿਚ ਸੀ। ਨਾਲ ਹੀ ਇਕ ਸੁੱਕੀ ਨਦੀ ਸੀ ਤੇ ਉਸ ਤੋਂ ਅੱਗੇ ਪਹਾੜੀਆਂ ਸਨ। ਪਿੰਡ ਵਿਚ ਪੰਜ ਸੱਤ ਘਰਾਂ ਨੂੰ ਛੱਡ ਕੇ, ਪੁਰਾਣੇ ਜ਼ਮਾਨੇ ਵਾਲਾ ਫਲੱਬ ਸਿਸਟਮ ਬਾਕੀ ਘਰਾਂ ਵਿਚ ਸੀ। ਘਰ ਦਾ ਇਕ ਕਮਰਾ ਜਿਸ ਵਿਚ ਟੋਇਆ ਕੱਢ ਕੇ ਉਪਰ ਛੱਤ ਵਿਚ ਮਘੋਰ ਰੱਖਿਆ ਹੁੰਦਾ ਸੀ, ਉਸ ਨੂੰ ਪਖਾਨੇ ਵਾਸਤੇ ਵਰਤਦੇ ਸਨ ਕੋਸ਼ਿਸ਼ ਕੀਤੀ ਜਾਂਦੀ ਸੀ ਕਿ ਉਸ ਵਿਚ ਪਾਣੀ ਨਾਂ ਜਾਵੇ। ਜਿਨ੍ਹਾਂ ਦੇ ਘਰਾਂ ਵਿਚ ਇਹ ਸਿਸਟਮ ਨਹੀਂ ਸੀ ਉਹ ਲੋਕ ਜੰਗਲ ਪਾਣੀ ਲਈ ਏਧਰ ਹੀ ਆਉਂਦੇ ਸਨ।

ਅਸੀਂ ਨਾਂ ਨੁੱਕਰ ਕਰਦਿਆਂ ਦੋ ਕੁ ਮਹੀਨੇ ਪਿੰਡ ਵਿਚ ਹੀ ਕੱਢੇ। ਫਿਰ ਇਕ ਦਿਨ ਅਸੀਂ ਆਪਣਾ ਸਮਾਨ ਕਿਸੇ ਦੀ ਗੱਡੀ 'ਚ ਰੱਖਿਆ ਤੇ ਆਪਣੇ ਕੁਆਟਰ 'ਚ ਆ ਗਏ । ਕੁਆਟਰ ਵਿਚ

ਇਕ, ਦੋ ਫੁਲ ਪਲਾਈਆਂ ਜੋੜ ਕੇ, ਤਖਤ ਪੋਸ਼ ਬਣਾਇਆ ਸੀ, ਜਿਸ ਨੂੰ ਮੰਜੇ ਦੀ ਥਾਂ ਵਰਤਿਆ। ਉਸ ਉਤੇ ਚਾਰ ਪੰਜ ਜਾਣੇ ਅਰਾਮ ਨਾਲ ਸੌਂ ਸਕਦੇ ਸਨ। ਇਕ ਤਖ਼ਤ ਪੋਸ਼ ਖਜੂਰਾਂ ਦੀਆਂ ਛਿਟੀਆਂ ਦਾ 8'-10' ਦਾ ਕੁਆਟਰ ਦੇ ਬਾਹਰ ਬਲੋਕਾਂ ਉਤੇ ਮੁਰੱਬੇ ਰੱਖ ਕੇ ਬਣਾਇਆ ਹੋਇਆਸੀ। ਫਿਲ ਹਾਲ ਉਥੇ ਹੀ ਸੌਣ ਵਾਰੇ ਸੋਚਿਆ ਗਿਆ।ਇਕ ਤਾਂ ਰਾਤ ਹਨੇਰੀ ਉਪਰੋਂ ਹਵਾ ਦੀਆਂ ਸੀਟੀਆਂ ਜੋ ਪਹਾੜੀਆਂ ਵਲੋਂ ਆਉਂਦੀਆਂ ਸਨ ਨੀਂਦ ਨਾਂ ਔਣ ਦੇਣ।

ਇਥੇ ਤਾਂ ਡਰ ਲੱਗ ਰਿਹਾ, ਦੇਖੋ ਕਿਦ੍ਹਾ ਚੀਕਾਂ ਪੈ ਰਹੀਆਂ।ਬਲਦੇਵ ਬੋਲਿਆ।

ਸੌ ਜਾਹ ਚੁੱਪ ਕਰਕੇ।ਮੈਂ ਉਸ ਨੂੰ ਸੌਣ ਲਈ ਕਿਹਾ।

ਇਸ ਉਜਾੜ ਵਿਚ ਆਪਾਂ ਤਿੰਨੇ ਹੀ ਹਾਂ, ਜੇ ਕੋਈ ਆ ਕੇ ।ਬਲਦੇਵ ਨੇ ਫਿਰ ਡਰ ਜਾਹਰ ਕੀਤਾ।

ਚੁੱਪ ਕਰ ਓਏ, ਐਵੇਂ ਡਰੀ ਜਾਨਾ।ਏਨੇ ਨੂੰ ਪਹਾੜੀ ਵਿਚ ਦੀ ਆਈ ਹਵਾ ਨੇ ਜ਼ੋਰਦਾਰ ਗੂੰਜ ਛੱਡੀ, ਅਸੀਂ ਤਿੰਨੇ ਤਬਕ ਗਏ।

ਕਿਉਂ ਨਿਕਲ ਗਏ ਨਾਂ ਪੱਦ।ਬਲਦੇਵ ਜੇਤੂ ਅੰਦਾਜ਼ 'ਚ ਬੋਲਿਆ।

ਸੇਵਾ ਕਰੋ, ਤੁਸੀਂ ਦੋਵੇਂ ਸੋ ਜਾਓ, ਮੈਂ ਜਾਗਦਾ।ਮੇਜਰ ਨੇ ਗੱਲ ਮੁਕਾਉਣੀ ਬਾਰੀ। ਨਹੀਂ ਮੈਨੂੰ ਅਜੇ ਨੀਂਦ ਨਹੀਂ ਆਈ ਰੁਸੀ ਦੇਵੇ ਸੋ ਜਾਉ ਮੈਂ ਕੁਝ ਪੜਾਂਗਾ। ਜੋ ਉਨਾਂ ਨੂੰ ਲੈ ਜਾਣ ਲਈ ਕਿਹਾ।

ਚਲੋ ਠੀਕ ਐ।ਕਹਿ ਕੇ ਉਹ ਦੋਵੇਂ ਮੂੰਹ ਸਿਰ ਲਪੇਟ ਕੇ ਪੈ ਗਏ।ਮੈਂ ਲਾਲਟੇਨ ਹੱਕ ਕੇ ਪਿਆ।ਮੈਂ ਘੜੀ ਦੇਖੀ ਤਾਂ ਇਕ ਵੱਜ ਗਿਆ ਸੀ।ਮੈਂ ਛਾਂਗ ਆਪਣੇ ਪਾਸੇ ਦੇ ਮੰਜੇ ਹਲਾ ਵੀਰ ਲਈ ਤੇ ਲੰਮਾ ਪੈ ਗਿਆ।

ਡਾ. ਸੋ ਗਿਆ।ਬਲਦੇਵ ਦੀ ਆਵਾਜ਼ ਆਈ।

ਨਈ ਓ ਨਈ, ਸੁੱਤਾ ਨਈ, ਲੰਮਾ ਪਿਆ, ਤੂੰ ਸੌਂ ਜਾ ਚੁੱਪ ਕਰਕੇ।ਪੰਜਾਂ ਕੁ ਮਿੰਟਾ ਬਾਦ ਹੀ ਉਹ ਘੁਰਾੜੇ ਮਾਰਨ ਲੱਗ ਪਿਆ। ਉਹ ਡਰਪੋਕ ਕੁਝ ਜਿਆਦਾ ਹੀ ਸੀ, ਇਸ ਕਰਕੇ ਉਹ ਸਾਡੇ ਵਿਚਕਾਰ ਸੌਂਦਾ ਹੁੰਦਾ ਸੀ।

ਸਾਨੂੰ ਚਾਰ ਪੰਜ ਰਾਤਾਂ ਇਸੇ ਤਰ੍ਹਾਂ ਬਾਰੀ-ਬਾਰੀ ਪਹਿਰਾ ਦਿੰਦਿਆਂ ਲੰਘ ਗਈਆਂ। ਕੋਈ ਅਜਿਹੀ ਘਟਨਾ ਤਾਂ ਨਹੀਂ ਵਾਪਰੀ, ਪਰ ਰਾਤੀ ਜਾਗ ਕੇ ਸਵੇਰੇ ਕੰਮ ਕਰਨਾ ਕੁਝ ਮੁਸ਼ਕਲ ਹੋ ਜਾਂਦਾ। ਇਕ ਰਾਤ ਮੇਰੀ ਵਾਰੀ ਹੀ ਸੀ। ਬਲਦੇਵ ਤੇ ਮੇਜਰ ਸੁੱਤੇ ਪਏ ਸਨ, ਮੈਂ ਲਾਲਟੇਨ ਦੀ ਰੋਸ਼ਨੀ 'ਚ ਬੈਠਾ ਪੜ੍ਹ ਰਿਹਾ ਸਾਂ। ਪੰਜ ਸੱਤ ਮਿੰਟ ਪਹਿਲਾਂ ਹੀ ਮੈਂ ਪਾਣੀ ਪੀ ਕੇ ਤੇ ਰੂਮ ਦੁਆਲੇ ਚੱਕਰ ਮਾਰ ਕੇ ਆਇਆ ਸਾਂ। ਮੈਨੂੰ ਇੰਝ ਲੱਗਾ ਜਿਵੇਂ ਕੋਈ ਬਰੀਕ ਜਿਹੀ ਆਵਾਜ਼ ਆਈ ਹੋਵੇ। ਮੈਂ ਜਰਾ ਚੁਕਨਾ ਹੋ ਗਿਆ। ਦੋ ਕੁ ਮਿੰਟ ਬਾਅਦ ਲਗਾ ਜਿਵੇਂ ਪਾਇਲ ਦੇ ਘੁੰਗਰੂ ਛਣਕ ਰਹੇ ਹੋਣ। ਮੈਨੂੰ ਥੋਹੜੀ ਘਬਰਾਹਟ ਹੋਈ ਤੇ ਮੈਂ ਸੋਚਣ ਲੱਗਾ ਕਿ ਇਨ੍ਹਾਂ ਨੂੰ ਸੁੱਤਿਆ ਨੂੰ ਜਗਾਵਾ ਜਾਂ ਨਾਂ, ਮੈਂ ਕੋਈ ਫੈਸਲਾ ਕਰਦਾ ਏਨੇ ਨੂੰ ਪਾਇਲ ਦੀ ਛਨਕਾਰ ਬਿਲਕੁਲ ਸਾਫ ਤੇ ਨੇੜੇ ਸੁਨਣ ਲੱਗ ਪਈ ਜਿਵੇਂ ਮੇਰੇ ਨੇੜੇ ਤੇੜੇ ਹੀ ਹੋਵੇ। ਮੈਂ ਆਵਾਜ਼ ਦੀ ਦਿਸ਼ਾ ਵਲ ਧਿਆਨ ਨਾਲ ਦੇਖਿਆ।ਸਾਡੀ ਬਾਉਂਡਰੀ ਵਿਚ ਜੋ ਗੇਟ ਵਾਸਤੇ ਥਾਂ ਛੱਡੀ ਹੋਈ ਸੀ, ਓਧਰੋਂ ਇਕ ਕਾਲਾ ਸਾਇਆ ਮੇਰੀ ਵਲ ਨੂੰ ਆ ਰਿਹਾ ਸੀ।

ਉਹ ਸਾਇਆ ਬੇਖੌਫ ਮੇਰੇ ਤੋਂ ਪੰਜ ਸੱਤ ਕਦਮਾਂ ਦੀ ਦੂਰੀ ਤੇ ਆ ਖੜਾ ਹੋਇਆ।ਉਹ ਕਾਲੇ ਬੁਰਕੇ ਵਾਲੀ ਔਰਤ ਸੀ।ਉਸ ਦੇ ਸਿਰਫ ਹੱਥ ਹੀ ਥੋਹੜੇ ਥੋਹੜੇ ਦਿਸਦੇ ਸਨ। ਉਸ ਨੇ ਸ਼ਾਇਦ ਸਲਾਮਾ ਲੇਕਮ ਵੀ ਕਿਹਾ, ਪਰ ਮੈਂ ਕੋਈ ਜੁਆਬ ਨਾਂ ਦੇ ਸਕਿਆ ਕਿਉਂਕਿ ਮੈਨੂੰ ਠੀਕ ਤਰ੍ਹਾਂ ਸੁਣਿਆ ਨਹੀਂ ਸੀ ।ਉਸਨੇ ਫਿਰ ਕੁਝ ਕਿਹਾ, ਮੈਨੂੰ ਫਿਰ ਕੁਝ ਪਤਾ ਨਾਂ ਲੱਗਾ, ਤਾਂ ਉਹ ਆਲਾ ਦੁਆਲਾ ਦੇਖਣ ਲੱਗੀ, ਜਿਵੇਂ ਕੁਝ ਲੱਭ ਰਹੀ ਹੋਵੇ। ਮੇਜਰ-ਬਲਦੇਵ ਸੁੱਤੇ ਹੋਏ ਸਨ, ਮੈਨੂੰ ਕੁਝ ਵੀ ਐਸਾ ਨਾਂ ਲੱਗਾ ਕਿ ਮੈਂ ਉਨ੍ਹਾਂ ਨੂੰ ਜਗਾਵਾਂ। ਉਸ ਔਰਤ ਨੇ ਮੁਤਹਿਰੇ ਵਲ ਪੈਰ ਵਧਾਏ, ਤੇ ਮੇਰੇ ਵਲ ਦੇਖਕੇ, ਉਸ ਨੇ ਓਧਰ ਹੱਥ ਨਾਲ ਇਸ਼ਾਰਾ ਕੀਤਾ, ਤਾਂ ਮੈਂ ਸਮਝ ਗਿਆ ਕਿ ਉਸ ਨੂੰ ਪਾਣੀ ਦੀ ਜ਼ਰੂਰਤ ਹੈ। ਮੈਂ ਅੰਦਰੋਂ ਜਾ ਕੇ ਗਲਾਸ ਲਿਆਂਦਾ ਤੇ ਪਾਣੀ ਦਾ ਭਰਕੇ ਉਸ ਵਲ ਕਰ ਦਿੱਤਾ। ਉਸਨੇ ਪਾਣੀ ਪੀਤਾ ਤੇ ਸ਼ੁਕਰਨ ਕਹਿ ਕੇ ਉਹ ਪਿਛਾਂਹ ਮੁੜ ਗਈ ਜਿਧਰੋਂ ਆਈ ਸੀ ਇਸ ਵੇਲੇ ਅੱਧੀ ਰਾਤ ਨੂੰ ਇਹ ਔਰਤ ਕੱਲੀ ਤੁਰੀ ਫਿਰਦੀ ਹੈ, ਇਸਨੂੰ ਕੋਈ ਡਰ ਭੈ ਨਹੀਂ, ਫਿਰ ਅਸੀਂ ਤਾਂ ਤਿੰਨ ਸਿੰਘ ਹਾਂ, ਕਿਸ ਤੋਂ ਡਰੀ ਜਾਂਦੇ ਹਾਂ।ਮੈਂ ਉਠ ਕੇ ਲਾਲਟੈਨ ਨੀਵੀਂ ਕਰਕੇ, ਚਾਦਰ ਲਈ ਤੇ ਲੰਮਾ ਪੈ ਗਿਆ। ਪਤਾ ਨਹੀਂ ਕਿਹੜੇ ਵੇਲੇ ਨੀਂਦ ਨੇ ਆ ਘੇਰਿਆ। ਸਵੇਰੇ ਉੱਠ ਕੇ ਮੈਂ, ਬਲਦੇਵ ਤੇ ਮੇਜਰ ਨੂੰ ਰਾਤ ਵਾਲੀ ਸਾਰੀ ਗੱਲ ਦੱਸੀ ਤਾਂ ਉਨ੍ਹਾਂ ਨੂੰ ਵੀ ਬੜੀ ਹੈਰਾਨੀ ਹੋਈ ਤੇ ਆਪਣੇ ਆਪ ਤੇ ਸ਼ਰਮਿੰਦਗੀ।ਉਸ ਤੋਂ ਬਾਅਦ ਅਸੀਂ ਬੇਖੌਫ ਹੋ ਕੇ ਸੌਣ ਲੱਗ ਪਏ।

# ਭਾਰਤੀ ਭਾਸ਼ਾਵਾਂ ਦੀਆਂ ਮਿੰਨੀ ਕਹਾਣੀਆਂ



**ਜਗਦੀਸ਼ ਰਾਏ ਕੁਲਰੀਆਂ**

ਮਿੰਨੀ ਕਹਾਣੀ ਲੇਖਕ ਮੰਚ (ਰਜਿ.) ਅੰਮ੍ਰਿਤਸਰ ਅਤੇ ਅਦਾਰਾ ਤ੍ਰੈਮਾਸਿਕ 'ਮਿੰਨੀ' ਵਲੋਂ ਲਗਾਤਾਰ ਇਸ ਵਿਧਾ ਦੇ ਵਿਕਾਸ ਲਈ ਪਿਛਲੇ ੩੦ ਸਾਲਾਂ ਤੋਂ ਅੰਤਰਰਾਜੀ ਮਿੰਨੀ ਕਹਾਣੀ ਸਮਾਗਮ ਕਰਵਾਇਆ ਜਾ ਰਿਹਾ ਹੈ। ਇਸ ਸਮਾਗਮ ਵਿਚ ਦੇਸ਼ ਦੇ ਵਖ ਵਖ ਰਾਜਾਂ ਵਿਚੋਂ ਲਘੂਕਥਾ ਲੇਖਕ ਭਾਗ ਲੈ ਕੇ ਆਪੋ ਆਪਣੇ ਖੇਤਰਾਂ ਵਿਚ ਲਿਖੀ ਜਾ ਰਹੀ ਮਿੰਨੀ ਕਹਾਣੀ ਬਾਰੇ ਵਿਚਾਰ ਵਟਾਂਦਰਾ ਕਰਦੇ ਹੋਏ ਇਕ ਸਾਰਥਕ ਸੰਵਾਦ ਰਚਾਉਂਦੇ ਹਨ। ਅਜਿਹੇ ਸਮਾਗਮ ਕਿਸੇ ਵੀ ਵਿਧਾ ਦੇ ਵਿਕਾਸ ਵਿਚ ਵੱਡਾ ਯੋਗਦਾਨ ਤਾਂ ਪਾਉਂਦੇ ਹੀ ਹਨ, ਬਲਕਿ ਅਦਾਨ—ਪ੍ਰਦਾਨ ਨਾਲ ਵਿਧਾ ਹੋਰ ਮਜ਼ਬੂਤ ਹੁੰਦੀ ਹੈ। ਅਜਿਹੀਆਂ ਚਰਚਾਵਾਂ ਅਨੁਵਾਦ ਨੂੰ ਵੀ ਹੱਲਾਸ਼ੇਰੀ ਦਿੰਦੀਆਂ ਹਨ। ਇਸੇ ਅਦਾਰੇ ਵੱਲੋਂ ਲਗਭਗ ਪਿਛਲੇ ੩੮ ਸਾਲਾਂ ਤੋਂ ਚਲਾਈ ਜਾ ਰਹੀ 'ਜੁਗਨੂੰਆਂ ਦੇ ਅੰਗ—ਸੰਗ' ਵਰਕਸ਼ਾਪ ਇਸ ਵਿਧਾ ਲਈ ਬਹੁਤ ਅਹਿਮ ਹੈ, ਜਿਸਨੇ ਇਸਨੂੰ ਪੱਕੇ-ਪੈਰੀਂ ਕਰਨ ਵਿਚ ਵੱਡਾ ਰੋਲ ਅਦਾ ਕੀਤਾ ਹੈ। ਵੱਖ—ਵੱਖ ਅਦਾਰਿਆਂ ਦੇ ਹਾਂ ਪੱਖੀ ਹੁੰਗਾਰਿਆਂ ਨੇ ਇਸ ਵਿਧਾ ਦੇ ਲੇਖਕਾਂ ਲਈ ਆਸ ਪੈਦਾ ਕੀਤੀ ਹੈ। ਲੇਖਕਾਂ ਨੂੰ ਚਾਹੀਦਾ ਹੈ ਕਿ ਉਹ ਵਿਧਾ ਦੀ ਬਾਰੀਕੀਆਂ ਨੂੰ ਸਮਝਦੇ ਹੋਏ ਸਿਰਜਣਾ ਵਲ ਰੁਚਿਤ ਹੋਣ ਅਤੇ ਚੰਗੀਆਂ ਰਚਨਾਵਾਂ ਦੀ ਸਿਰਜਣਾ ਕਰਨ।

### ਕਮਾਣੀਦਾਰ ਚਾਕੂ / ਜਗਦੀਸ਼ ਅਰਮਾਨੀ

ਸ਼ਹਿਰ ਦੀ ਫ਼ਿਜ਼ਾ ਬੜੀ ਮਾੜੀ ਸੀ। ਇੰਨੀ ਮਾੜੀ ਕਿ ਕਿਸੇ ਵੀ ਸਮੇਂ ਕੋਈ ਘਟਨਾ ਘਟ ਸਕਦੀ ਸੀ।ਅੱਗਜ਼ਨੀ, ਖ਼ੂਨ—ਖ਼ਰਾਬੇ ਤੇ ਲੁੱਟਮਾਰ ਦੀਆਂ ਘਟਨਾਵਾਂ ਆਮ ਸਨ।

ਉਹ ਜਦੋਂ ਵੀ ਘਰੋਂ ਨਿਕਲਦਾ, ਉਹਦੀ ਪਤਨੀ ਉਹਦੇ ਘਰ ਮੁੜਨ ਦੀਆਂ ਸੌ ਸੌ ਸੁੱਖਣਾ ਸੁੱਖਦੀ ਸੀ। ਉਹ ਜਦ ਤਕ ਘਰ ਪਰਤ ਕੇ ਨਾ ਆਉਂਦਾ, ਉਹਦੀ ਪਤਨੀ ਨੂੰ ਚੈਨ ਨਾ ਆਉਂਦਾ। ਉਹਦਾ ਇਕ ਪੈਰ ਘਰ ਦੇ ਅੰਦਰ ਤੇ ਇਕ ਬਾਹਰ ਹੁੰਦਾ। ਉਹ ਬਾਰ—ਬਾਰ ਡਿਉਢੀ ਦੇ ਬੂਹੇ ਕੋਲ ਜਾਂਦੀ ਤੇ ਬਾਰ—ਬਾਰ ਮੁੜ ਆਉਂਦੀ। ਉਹ ਵੀ ਹੁਣ ਜਦੋਂ ਘਰੋਂ ਬਾਹਰ ਨਿਕਲਦਾ, ਆਪਣੀ ਜੇਬ ਵਿਚ ਸਦਾ ਇਕ ਕਮਾਣੀਦਾਰ ਚਾਕੂ ਰੱਖਦਾ ਤੇ ਸੋਚਦਾ, ਜੇ ਕਦੇ ਮੇਰੇ ਕਾਬੂ ਕੋਈ ਭੈੜਾ ਅਨਸਰ ਆ ਗਿਆ ਤਾਂ ਉਹਦੀਆਂ ਇਕ ਵਾਰ ਤਾਂ ਆਂਦਰਾਂ ਕੱਢ ਦਿਆਂਗਾ।

ਉਹ ਸੋਚਦਾ ਸੋਚਦਾ ਹੀ ਜਾ ਰਿਹਾ ਸੀ ਕਿ ਅਚਾਨਕ ਬਾਜ਼ਾਰ ਦਾ ਇਕ ਮੋੜ ਆਉਣ ਤੇ ਉਹਦਾ ਸਕੂਟਰ ਕਿਰ...ਰਿਚ ਕਰਦਾ ਸੜਕ 'ਤੇ ਫਿਸਲ ਗਿਆ ਤੇ ਉਹ ਮੂੰਹ ਦੇ ਮੂੰਹ ਡਿੱਗ ਪਿਆ।

ਉਸੇ ਵੇਲੇ ਦੂਜੇ ਫਿਰਕੇ ਦੇ ਅੱਧ—ਖੜ ਉਮਰ ਦੇ ਦੋ ਆਦਮੀ ਉਹਦੇ ਵਲ ਦੌੜੇ ਦੌੜੇ ਆਏ।

ਉਹ ਦਹਿਲ ਗਿਆ ਪਰ ਹਿੰਮਤ ਕਰਕੇ ਫੌਰਨ ਉਠਿਆ। ਉਹਨੇ ਜਿਸਮ ਦੇ ਕਈ ਥਾਂਵਾਂ ਤੇ ਆਈਆਂ ਖਰੋਚਾਂ ਦੀ ਵੀ ਪ੍ਰਵਾਹ ਨਾ ਕੀਤੀ। ਉਹਨੇ ਛੇਤੀ ਨਾਲ ਆਪਣਾ ਹੱਥ ਆਪਣੀ ਜੇਬ ਵੱਲ ਵਧਾਇਆ।

ਪਰ ਜੇਬ ਵਿਚ ਕੁਝ ਨਹੀਂ ਸੀ।

"ਪੁੱਤਰ, ਸੱਟ ਤਾਂ ਨਹੀਂ ਲੱਗੀ!" ਦੋ ਆਦਮੀਆਂ ਵਿਚੋਂ ਇਕ ਨੇ ਉਹਨੂੰ ਆਖਿਆ।

"ਨਹੀਂ !" ਉਹਨੇ ਹੌਲੀ ਜਿਹੀ ਕਿਹਾ ਤੇ ਸਕੂਟਰ ਸਿੱਧਾ ਖੜ੍ਹਾ ਕਰਕੇ ਸਟਾਰਟ ਕਰਨ ਲੱਗਾ।

"ਪੁੱਤਰ, ਤੇਰਾ ਚਾਕੂ !" ਦੂਜੇ ਆਦਮੀ ਨੇ ਥੋੜ੍ਹੀ ਵਿੱਥ ਤੋਂ ਉਹਦਾ ਡਿਗਿਆ ਹੋਇਆ ਚਾਕੂ ਚੁੱਕ ਕੇ, ਉਹਨੂੰ ਫੜਾਂਦਿਆਂ ਆਖਿਆ।

ਉਹਨੇ ਇਕ ਨਜ਼ਰ ਦੋਵਾਂ ਆਦਮੀਆਂ ਵਲ ਵੇਖਿਆ ਤੇ ਨੀਵੀਂ ਪਾਈ ਚਾਕੂ ਫੜੇ ਬਿਨਾਂ ਹੀ, ਸਕੂਟਰ ਸਟਾਰਟ ਕਰਕੇ ਉਥੋਂ ਚਲ ਪਿਆ।

—o—

### ਗਰੀਬਾਂ ਦੀਆਂ ਜਾਈਆਂ / ਪ੍ਰੀਤ ਨੀਤਪੁਰ

ਮੁਕਲਾਵੇ ਗਈ ਜਦੋਂ ਉਹ ਅੱਜ ਪਹਿਲੀ ਵਾਰ ਪੇਕਿਆਂ ਦੇ ਪਿੰਡ ਦੇ ਬੱਸ ਅੱਡੇ ਉੱਤੇ ਉਤਰੀ ਤਾਂ ਉਹਨੂੰ ਪਿੰਡ ਦਾ ਦਾ ਬੱਸ ਅੱਡਾ ,ਜਿੱਥੋਂ ਉਹ ਨਿੱਤ ਘਾਹ ਦੀ ਪੰਡ ਲੈ ਕੇ ਗੁਜਰਦੀ ਸੀ, ਕੁਝ ਬਦਲਿਆ–ਬਦਲਿਆ ਜਾਪਿਆ।

"ਐਡੀ ਛੇਤੀ ਐਨਾ ਕੁੱਝ ਕਿਵੇਂ ਬਦਲ ਗਿਆ?" ਉਹ ਬੁੜਬੁੜਾਈ। ਵਾਸਤਵ ਵਿਚ ਤਾਂ ਕੁਝ ਵੀ ਨਹੀਂ ਸੀ ਬਦਲਿਆ,

ਐਵੇਂ ਉਸ ਦਾ ਵਹਿਮ ਸੀ।

"ਕੁੜੇ ਭੁੱਚੋ, ਤਕੜੀ ਐਂ? ਫਲ-ਫਰੂਟ ਦੀ ਰੇੜ੍ਹੀ ਲਾਉਣ ਵਾਲੇ ਵਿਹੜੇ ਵਿੱਚੋਂ ਲਗਦੇ ਤਾਏ ਨੇ ਉਹਦੀ 'ਸੁੱਖ-ਸਾਂਦ' ਪੁੱਛੀ।

ਤੇ ਉਹਨੂੰ ਇਉਂ ਲੱਗਾ ਜਿਵੇਂ ਤਾਏ ਨੇ ਉਹਦਾ ਅਪਮਾਨ ਕੀਤਾ ਹੋਵੇ।ਉਹਦਾ ਮਨ ਬੁਝ ਗਿਆ।ਉਹ ਕਹਿਣਾ ਚਾਹੁੰਦੀ ਸੀ, 'ਤਾਇਆ, ਹੁਣ ਮੈਂ ਭੁੱਚੋ ਨਹੀ, ਭੁਪਿੰਦਰ ਕੌਰ ਹਾਂ, ਭੁਪਿੰਦਰ ਕੌਰ।'

"ਹਾਂ ਤਾਇਆ, ਤਕੜੀ ਆਂ।" ਕਹਿ ਕੇ ਉਹ ਆਪਣੇ ਖਾਵੰਦ ਦੇ ਲਾਗੇ ਹੋ ਕੇ ਬੋਲੀ, "ਜਵਾਕਾਂ ਆਸਤੇ ਕੋਈ ਚੀਜ ਲੈ ਲਈਏ?"

"ਹਾਂ ਲੈ ਲੈ।" ਉਹਨੂੰ ਵੀ ਹੁਣ ਚੇਤਾ ਆਇਆ ਸੀ ਕਿ ਪਹਿਲੀ ਵਾਰ ਸਹੁਰਿਆਂ ਦੇ ਘਰ ਖਾਲੀ ਹੱਥ ਨਹੀਂ ਜਾਈਦਾ।

ਭੁੱਚੋ ਦੇ ਪੁੱਛਣ ਤੇ ਰੇੜ੍ਹੀ ਵਾਲੇ ਨੇ ਦੱਸਿਆ, "ਕੇਲੇ ਚੌਦਾਂ ਰੁਪਏ ਦਰਜਨ ਸੰਤਰੇ ਚੌਵੀ ਰੁਪਏ ਤੇ ਸੇਬ।"

'ਵੱਡੇ ਤਿੰਨੇ ਭਰਾਵਾਂ ਦਾ ਕਿੰਨਾ ਜਵਾਕ-ਜੱਲਾ ਐ, ਦਰਜਨ ਕੇਲਿਆਂ 'ਚ ਤਾਂ ਇਕ-ਇਕ ਵੀ ਹਿੱਸੇ ਨਹੀਂ ਆਉਣਾ।' ਭੁੱਚੋ ਨੇ ਸੋਚਿਆ ਤੇ ਮਲਵੀਂ ਜਿਹੀ ਆਵਾਜ ਵਿਚ ਘਰਵਾਲੇ ਨੂੰ ਪੁੱਛਿਆ, "ਕਿੰਨੇ ਲਈਏ?"

"ਵੇਖ ਲੈ, ਜੇ ਦਸਾਂ ਤੋਂ ਵੱਧ ਖਰਚੇ ਤਾਂ ਮੁੜਨ ਜੋਗਾ ਭਾੜਾ ਨਹੀਂ ਬਚਣਾ।"

"ਹਾਏ ਰੱਬਾ!" ਇਕ ਲੰਮਾ ਹਾਉਕਾ ਉਹਦੇ ਧੁਰ ਅੰਦਰ ਅੱਗ ਦੀ ਲਾਟ ਵਾਂਗ ਫਿਰ ਗਿਆ'ਅਸੀਂ ਗਰੀਬਾਂ ਦੀਆਂ ਜਾਈਆਂ, ਪੇਕਿਆਂ ਦੇ ਪਿੰਡ ਵੀ ਭੁੱਚੋ ਤੇ ਸਹੁਰਿਆਂ ਦੇ ਪਿੰਡ ਵੀ ਭੁੱਚੋ!'

ਤੇ ਹੁਣ ਭੁੱਚੋ ਨੇ ਇਉਂ ਮਹਿਸੂਸ ਕੀਤਾ ਜਿਵੇਂ ਕਿ ਉਹ ਵਿਆਈਆਂ ਪਾਟੇ ਨੰਗੇ ਪੈਰੀਂ, ਪੱਠਿਆਂ ਦੀ ਪਹਿਲਾਂ ਨਾਲੋਂ ਵੀ ਭਾਰੀ ਪੰਡ ਲੈ ਕੇ ਅੱਡੇ ਵਿਚ ਦੀ ਲੰਘ ਰਹੀ ਹੋਵੇ।

-o-

## ਸਾਂਝੀਦਾਰ / ਦਰਸ਼ਨ ਮਿਤਵਾ

ਉਸ ਦਸ-ਗਿਆਰਾਂ ਸਾਲਾਂ ਦੇ ਮੁੰਡੇ ਦਾ ਆਪਣੇ ਸਾਈਕਲ ਉੱਤੇ ਕਾਬੂ ਨਾ ਰਿਹਾ ਅਤੇ ਉਹ ਸਾਈਕਲ ਸਣੇ ਸੜਕ ਦੇ ਵਿਚਕਾਰ ਧੜੰਮ ਦੇ ਕੇ ਜਾ ਡਿੱਗਿਆ। ਸਾਈਕਲ ਦੇ ਪਿੱਛੇ ਖੁਰਜੀ ਵਿਚ ਲੱਦੀਆਂ ਖਾਲੀ ਬੋਤਲਾਂ ਵੀ ਸੜਕ ਉੱਤੇ ਖਿੱਲਰ ਗਈਆਂ। ਉਹਨਾਂ ਵਿਚੋਂ ਕੁੱਝ ਫੁੱਟ ਕੇ ਕੀਚਰ-ਕੀਚਰ ਹੋ ਗਈਆਂ।

ਦੇਖਣ ਵਾਲੇ ਖਿੜਖਿੜਾ ਕੇ ਹੱਸ ਪਏ।

"ਸਾਲੇ ਤੋਂ ਆਪਦਾ ਆਪ ਸੰਭਦਾ ਨੀਂ .. ਥੱਲੇ ਸੈਂਕਲ ਪਹਿਲਾਂ ਦੇ ਲਿਆ।" ਪਹਿਲਾ ਬੋਲਿਆ।

"ਇਹੋ ਜੇ ਮਾਂ-ਪਿਓ ਐ, ਜੇਹੜੇ ਆਈਂ ਜੁਆਕਾਂ ਨੂੰ ਜਾਣਬੁੱਝ ਕੇ ਮਰਨ ਵਾਸਤੇ ਤੋਰ ਦਿੰਦੇ ਐ, ਬਈ ਇਹਦੀ ਕੋਈ ਉਮਰ ਐ ਹਾਲੇ ਸੈਂਕਲ ਤੇ ਏਨਾ ਭਾਰ ਖਿੱਚਣ ਦੀ।" ਦੂਸਰੇ ਨੇ ਕਿਹਾ।

ਪਰ ਤੀਸਰੇ ਵਿਅਕਤੀ ਨੇ ਭੱਜ ਕੇ ਕਾਹਲੀ ਨਾਲ ਉਸ ਨੂੰ ਖੜਾ ਕੀਤਾ, "ਸੱਟ ਤਾਂ ਨੀ ਵੱਜੀ, ਸ਼ੇਰਾ!" ਉਸ ਨੂੰ ਆਪਣਾ ਮੁੰਡਾ ਮੱਖਣ ਯਾਦ ਆਇਆ ਤਾਂ ਉਸ ਨੇ ਸੜਕ ਤੇ ਖਿੱਲਰੀਆਂ ਖਾਲੀ ਬੋਤਲਾਂ ਚੁੱਕ-ਚੁੱਕ ਕੇ ਉਸ ਮੁੰਡੇ ਦੀ ਖੁਰਜੀ ਵਿਚ ਪਾਉਣੀਆਂ ਸ਼ੁਰੂ ਕਰ ਦਿੱਤੀਆਂ, "ਸੈਂਕਲ ਧਿਆਨ ਨਾਲ ਚਲਾਇਆ ਕਰ ਪੁੱਤ!"

ਉਸਨੇ ਉਸ ਦੇ ਸਿਰ ਉੱਤੇ ਹੱਥ ਫੇਰਦਿਆਂ ਕਿਹਾ।

"ਖਾਲੀ ਬੋਤਲਾਂ, ਪੀਪੀਆਂ-ਪੀਪੇ, ਰੱਦੀ ਵੇਚ ਲੈ।"

ਥੋੜੀ ਦੂਰ ਜਾ ਕੇ ਉਸ ਮੁੰਡੇ ਨੇ ਭਰਵਾਂ ਜਿਹਾ ਹੋਕਰਾ ਮਾਰਿਆ ਤਾਂ ਉਸ ਤੀਸਰੇ ਵਿਅਕਤੀ ਦਾ ਮਨ ਤਸੱਲੀ ਨਾਲ ਭਰ ਗਿਆ ਜਿਵੇਂ ਸਾਈਕਲ ਉੱਤੇ ਪਿੰਡਾਂ ਵਿਚ ਜਾ ਕੇ ਸਬਜੀ ਵੇਚ ਰਿਹਾ ਉਸਦਾ ਆਪਣਾ ਮੁੰਡਾ ਮੱਖਣ ਹੋਕਾ ਲਾ ਰਿਹਾ ਹੋਵੇ, "ਆਲੂ, ਗੋਭੀ, ਬੈਂਗਣ ਏ।"

-o-

## ਖੁਸ਼ਬੋਈਆਂ / ਤ੍ਰਿਪਤ ਭੱਟੀ

ਉਹ ਮੇਰੀ ਜਮਾਤਣ ਸੀ।ਉਂਜ ਤਾਂ ਮੈਂ ਵੀ ਹੁਸ਼ਿਆਰ ਸੀ, ਪਰ ਉਹ ਮੈਥੋਂ ਵੀ ਹੁਸ਼ਿਆਰ ਸੀ।ਫਿਜ਼ਿਕਸ ਵਿਚ ਉਸ ਨੂੰ ਗੋਲਡ ਮੈਡਲ ਮਿਲਿਆ ਤੇ ਮੈਨੂੰ ਬ੍ਰੋਨਜ। ਉਹ ਵੀਜ਼ਾ ਲੈ ਕੇ ਕੈਲੇਫੋਰਨੀਆ ਦੀ ਬਰਕਲੇ ਯੂਨੀਵਰਸਿਟੀ ਚਲੀ ਗਈ ਤੇ ਉੱਥੇ ਹੀ ਇਕ ਪ੍ਰੋਫੈਸਰ(ਜੋ ਪਾਕਿਸਤਾਨੀ ਸੀ) ਨਾਲ ਰਚ ਮਿਚ ਗਈ।

ਇਤਫ਼ਾਕ ਨਾਲ ਮੈਂ ਪੰਜਾਬੀ-ਯੂਨੀਵਰਸਿਟੀ, ਪਟਿਆਲਾ ਤੋਂ ਉਸ ਯੂਨੀਵਰਸਿਟੀ ਖੋਜ-ਪੱਤਰ ਪੜ੍ਹ ਨ ਗਿਆ। ਯੂਨੀਵਰਸਿਟੀ ਨੇ ਮੈਨੂੰ ਆਪਣੇ ਆਲੀਸ਼ਾਨ ਗੈਸਟ ਹਾਊਸ ਵਿਚ ਠਹਿਰਾਇਆ।ਮੈਂ ਦੋ ਦਿਨ ਪਿੱਛੋਂ ਖੋਜ-ਪੱਤਰ ਪੜ੍ਹ ਨਾ ਸੀ।ਇਕ ਦਿਨ ਹਵਾਈ ਜਹਾਜ ਦੇ ਲੰਬੇ ਸਫਰ ਦਾ ਥਕੇਵਾਂ ਲੱਥਿਆ ਤੇ ਅਗਲੇ ਦਿਨ ਉਸਨੂੰ ਫੋਨ ਕੀਤਾ।ਉਸ ਨੇ ਪਹਿਲਾਂ ਆਪਣੇ ਸਾਥੀ ਨੂੰ ਪੁੱਛਿਆ ਤੇ ਫੇਰ ਕਿਹਾ, "ਸਾਨੂੰ ਖੁਸ਼ੀ ਹੋਵੇਗੀ ਜੋ ਤੁਸੀਂ ਲੰਚ

’ਤੇ ਸਾਡੇ ਨਾਲ ਸ਼ਿਰਕਤ ਕਰੋ।”

ਮੈਂ ਨਿਸ਼ਚਿਤ ਸਮੇਂ ਉਨ ਾਂ ਦੇ ਘਰ ਪੁੱਜ ਗਿਆ। ਪਤੀ ਪਤਨੀ ਨੇ ਮੈਨੂੰ ਘੁੱਟ-ਘੁੱਟ ਜਫ਼ੀਆਂ ਪਾਈਆਂ। ਮੈਨੂੰ ਲੱਗਾ, ਦੋ ਦੋਸਤ ਹੀ ਨਹੀਂ, ਸਮੁੱਚੀ ਹਯਾਤੀ ਹੀ ਜੱਫ਼ੀਆਂ ਪਾ ਰਹੀ ਹੈ। ਨਿੱਘ ਜਿਹਾ, ਸਕੂਨ ਜਿਹਾ, ਸ਼ਫੂਨ ਦੇ ਕਪੜੇ ਵਰਗਾ। ਮਲਾਇਮ ਮੁਲਾਇਮ।

ਲੰਚ ਲੈਣ ਪਿੱਛੋਂ ਸੁਸ਼ਮਾ ਦੇ ਪਤੀ ਨੇ ਕਿਸੇ ਕੰਮ ਕਾਰਨ ਜਾਣ ਦੀ ਆਗਿਆ ਲਈ ਤੇ ਚਲਾ ਗਿਆ। ਰਹਿ ਗਏ ਅਸੀ; ਸੁਸ਼ਮਾ ਤੇ ਮੈਂ।

ਆਲਾ ਦੁਆਲਾ ਭੁੱਲ ਗਏ। ਆਪਣੇ ਕਾਲਜ ਤੇ ਯੂਨੀਵਰਸਿਟੀ ਦੇ ਗੇੜੇ ਕੱਢਣ ਲੱਗੇ। ਪੁਰਾਣੀਆਂ ਨਿੱਕੀਆਂ ਨਿੱਕੀਆਂ ਗੱਲਾਂ ਤੇ ਠਹਾਕੇ ਮਾਰ ਮਾਰ ਹੱਸੇ। ਕੋਈ ਦੋ ਤਿੰਨ ਘੰਟੇ ਅਸੀਂ ਪੁਰਾਣੀਆਂ ਯਾਦਾਂ ਦੀਆਂ ਫੁਲਝੜੀਆਂ ਨਾਲ ਰੋਸ਼ਨ ਹੁੰਦੇ ਰਹੇ। ਅਚਨਚੇਤ ਸਾਨੂੰ ਪ੍ਰੋਫੈਸਰ ‘ਸਿੱਧਰਾ’ ਯਾਦ ਆ ਗਿਆ। ਉਹ ਅਕਸਰ ਕਹਿੰਦਾ ਹੁੰਦਾ ਸੀ, ਦਿਲਾਂ ਦੇ ਵਿਚਾਲੇ ਦਾ ਸੰਸਾਰ ਆਬਸ਼ਾਰ ਹੈ, ਖੁਸ਼ਬੋ ਨਹੀਂ। ਖੁਸ਼ਬੋਈ ਤਾਂ ਤੁਹਾਡੇ ਰਿਸ਼ਤਿਆਂ ’ਚ ਕਿਤੇ ਹੋਰ ਵਸਦੀ ਹੈ।

ਸੁਸ਼ਮਾ ਦਾ ਪਤੀ ਪਰਤ ਆਇਆ। ਸਾਨੂੰ ਹੌਲੇ-ਫੁੱਲ ਤੇ ਖਿੜੇ-ਪੁੜੇ ਦੇਖ ਆਪ ਵੀ ਖਿੜ ਗਿਆ, “ਮੈਂ ਤਾਂ ਹੀ ਤਾਂ ਚਲਾ ਗਿਆ ਸੀ ਕਿ ਤੁਸੀਂ ਆਪਣੀਆਂ ਯਾਦਾਂ ਦੀਆਂ ਵਾਦੀਆਂ ਵਿਚ ਪਰਵਾਜ ਕਰ ਸਕੋ ਤੇ ਆਪਣੀਆਂ ਖੁਸ਼ਬੋਈਆਂ ਨੂੰ ਗਲਵਕੜੀਆਂ ਪਾ ਸਕੋ। ਤੁਸੀਂ ਦੋਵੇਂ ਫੁੱਲਾਂ ਵਾਂਗ ਲਗਦੇ ਹੋ। ਮਹਿਕਦੇ। ਕੱਲ ਨੂੰ ਜਦੋਂ ਚਾਅ ਨਾਲ ਖੋਜ-ਪੱਤਰ ਪੜ ੇਗਾ ਤਾਂ ਇਹ ਖੁਸਬੋਈਆਂ ਦੇ ਪਲ ਤੇਰੇ ਨਾਲ ਤੁਰਨਗੇ।”

-o-

## ਸਵੈ-ਮਾਣ / ਰਾਜਿੰਦਰ ਕੌਰ ਵੰਤਾ

ਸਕਲੋਂ ਸੂਰਤੋਂ ਉਹ ਨੌਜੁਆਨ ਰਿਕਸ਼ਾ ਚਾਲਕ, ਪੜਿ ਆ ਲਿਖਿਆ ਜਾਪਦਾ ਸੀ। ਰਿਕਸ਼ੇ ਵਿੱਚ ਬੈਠਿਆਂ ਮੈਂ ਮਹਿਸੂਸ ਕਰ ਰਿਹਾ ਸੀ ਕਿ ਉਸ ਦੀ ਕਮੀਜ਼ ਕਈ ਥਾਵਾਂ ਤੋਂ ਫਟੀ ਹੋਈ ਸੀ। ਇਵੇਂ ਲਗਦਾ ਸੀ ਕਿ ਉਸ ਦੀ ਸਿਲਾਈ ਕਈ ਵਾਰੀ ਹੋ ਚੁੱਕੀ ਸੀ ਪਰ ਕਮੀਜ਼, ਜਿਵੇਂ ਛੋਟੇ ਰਹਿਣ ਲਈ ਹੀ ਬਾ-ਜ਼ਿੱਦ ਸੀ।

“ਕਿਤਨੀਆਂ ਨਵੀਆਂ ਨਵੀਆਂ ਕਮੀਜ਼ਾਂ ਮੇਰੀ ਅਲਮਾਰੀ ਵਿਚ ਰੁਲ ਰਹੀਆਂ ਹਨ ਕਿਉਂ ਨਾ ਇਕ ਅੱਧ ਇਸ ਨੂੰ ਹੀ ਦੇ ਦੇਵਾਂ।” ਮੈਂ ਆਪਣੇ ਆਪ ਨਾਲ ਗੱਲ ਕੀਤੀ।

ਜ਼ਦੋਂ ਰਿਕਸ਼ਾ ਮੇਰੇ ਘਰ ਅੱਗੇ ਰੁਕੀ ਤਾਂ ਮੈਂ ਕੁਝ ਝਕਦਿਆਂ ਝਕਦਿਆਂ ਕਿਹਾ, “ਵੀਰਾ ਤੇਰੀ ਕਮੀਜ਼ ਦੀ ਹਾਲਤ ਕਾਫੀ ਖਸਤਾ ਏ, ਜੇ ਤੂੰ ਬੁਰਾ ਨਾ ਮੰਨੇ ਤਾਂ ਇਕ ਮਿੰਟ ਰੁਕ, ਮੈਂ ਤੈਨੂੰ ਅੰਦਰੋਂ ਇਕ ਕਮੀਜ਼ ਲਿਆ ਦਿੰਦਾ ਹਾਂ।”

“ਨਹੀਂ ਸਰਦਾਰ ਜੀ। ਫਟੀ ਹੋਈ ਕਮੀਜ਼ ਤਾਂ ਮੈਂ ਜਾਣ ਬੁਝ ਕੇ ਪਾਈ ਹੈ। ਇਸ ਵਿਚ ਗਰਮੀ ਘੱਟ ਲਗਦੀ ਹੈ।” ਮੁਸਕਰਾ ਕੇ ਕਹਿੰਦਿਆਂ ਉਸ ਨੇ ਰਿਕਸ਼ਾ ਤਾਂ ਅੱਗੇ ਤੋਰ ਲਿਆ ਪਰ ਉਸ ਦੇ ਸਵੈ-ਮਾਣ ਦੀ ਬੁੱਕਲ ਵਿਚ ਉਸ ਦੀ ਵਿਰਲਾਪ ਕਰਦੀ ਲਾਚਾਰੀ, ਮੇਰੀਆਂ ਅੱਖਾਂ ਤੋਂ ਛੁਪੀ ਨਾ ਰਹਿ ਸਕੀ।

-o-

## ਹੋਮ ਵਰਕ / ਸ਼ਰਨ ਮੱਕੜ

“ਰਚਨਾ, ਮੁੱਕਾ ਨਹੀਂ ਅਜੇ ਤੇਰਾ ਹੋਮ ਵਰਕ।”

ਬਹੁਤ ਸਾਰੀਆਂ ਕਿਤਾਬਾਂ ਖਿਲਾਰੀ ਬੈਠੀ ਹੋਮ ਵਰਕ ਕਰਦੀ ਰਚਨਾ ਨੂੰ ਮੈਂ ਪੁੱਛਿਆ।

“ਨਹੀਂ ਆਂਟੀ, ਅਜੇ ਤਾਂ ਮੈਂ ਸਮਜ਼ ਕਰਨੇ ਨੇ।ਇੰਗਲਿਸ਼ ਦੀ ਡਿਕਟੇਸ਼ਨ ਲਰਨ ਕਰਨੀ ਹੈ।”

ਨਿੱਕੀ ਜਿਹੀ ਕੁੜੀ ਦੇ ਸਿਰ ਤੇ ਹੋਮ ਵਰਕ ਦੀ ਭਾਰੀ ਪੰਡ ਸੀ।

“ਕਿਹੜੀ ਕਲਾਸ ਵਿਚ ਪੜ ਦੀ ਏ ਰਚਨਾ?”

“ਥਰਡ ਬੀ ਵਿਚ ਆਂਟੀ।” ਉਹਦੀਆਂ ਏਨੀਆਂ ਸਾਰੀਆਂ ਕਿਤਾਬਾਂ ਦੇਖ ਕੇ ਮੈਨੂੰ ਹੈਰਾਨੀ ਹੋ ਰਹੀ ਸੀ।

“ਇਹ ਸਾਰੀਆਂ ਬੁੱਕਸ ਤੇਰੀਆਂ ਨੇ”, ਮੇਰੇ ਏਸ ਸਵਾਲ ਤੇ ਉਹ ਮੁਸਕਰਾਈ। ਮੈਨੂੰ ਆਪਣਾ ਵਕਤ ਯਾਦ ਆਇਆ। ਸਾਡੇ ਵੇਲੇ ਤਾਂ ਇਹਨਾਂ ਜਮਾਤਾਂ ਵਿਚ ਬਸ ਬਹੁਤ ਥੋੜ ੀਆਂ ਕਿਤਾਬਾਂ ਕਾਪੀਆਂ ਹੁੰਦੀਆਂ ਸਨ। ਉਹ ਵੀ ਖ੍ਰੀਦ ਕੇ ਦੇਣ ਸਮੇਂ ਮਾਂ ਬੁੜਬੁੜ ਕਰਦੀ ਸੀ।

“ਅੱਛਾ ਰਚਨਾ, ਤੇਰਾ ਵੀਰ ਵੀ ਤਾਂ ਤੇਰੇ ਸਕੂਲ ‘ਚ ਹੀ ਪੜ ਦਾ ਹੈ?”

“ਨਹੀਂ ਆਂਟੀ ਉਹ ਹਾਈ ਸਕੂਲ ਪੜ੍ਹਦਾ। ਜਦੋਂ ਮੈਂ ਹਾਈ ਸਕੂਲ ਜਾਵਾਂਗੀ ਫੇਰ ਮੈਨੂੰ ਵੀ ਡੈਡੀ ਸਾਇਕਲ ਲੈ ਦੇਣਗੇ। ਮੈਂ ਆਪਣਾ ਬੈਗ ਸਾਈਕਲ ਦੇ ਕੈਰੀਅਰ ਤੇ ਰੱਖ ਕੇ ਸਕੂਲ ਜਾਵਾਂਗੀ।”

“ਅੱਛਾ ਇਹ ਦਸ, ਹਾਈ ਸਕੂਲ ਪਾਸ ਕਰਕੇ ਫੇਰ ਕੀ ਕਰੇਂਗੀ?”

“ਫੇਰ..ਫੇਰ ਮੈਂ ਰਿਤੂ ਭੂਆ ਵਾਂਗ ਇੱਕ ਕਾਪੀ ਲੈ ਕੇ ਕਾਲਜ ਜਾਵਾਂਗੀ।”

"ਕਾਲਜ ਤੋਂ ਬਾਅਦ ਕੀ ਕਰੇਂਗੀ?" ਮੇਰਾ ਖਿਆਲ ਸੀ, ਉਹ ਆਖੇਗੀ ਫੇਰ ਮੇਰੀ ਵੀ ਸ਼ਾਦੀ ਹੋ ਜਾਵੇਗੀ ਗੀਤਾ ਭੂਆ ਵਾਂਗ। ਇਸਦੇ ਉਲਟ ਉਸਦੇ ਅੰਦਰ ਦੱਬੀ ਹੋਈ ਖਾਹਿਸ਼ ਜੋ ਭਾਰੀ ਬਸਤੇ ਹੇਠ ਦੱਬੀ ਗਈ ਸੀ, ਸਹਿਜ ਸੁਭਾ ਪ੍ਰਗਟ ਹੋ ਗਈ।

"ਫੇਰ ਆਂਟੀ ਮੈਂ ਬਹੁਤ ਖੇਡਾਂਗੀ।"

ਉਹਦੀ ਮਾਸੂਮੀਅਤ ਅਤੇ ਭੋਲੇਪਣ ਨੇ ਮੈਨੂੰ ਇਕ ਪਲ ਲਈ ਉਦਾਸ ਕਰ ਦਿੱਤਾ।

—o—

## ਸਾਂਝ/ ਵਿਵੇਕ

"ਨਾ ਮੰਮੀ, ਨਾ ਮਾਰੀਂ!" ਦਸ ਕੁ ਸਾਲ ਦੇ ਭੋਲੂ ਨੇ ਆਪਣੀ ਮੰਮੀ ਅੱਗੇ ਹੱਥ ਜੋੜਦਿਆਂ ਕਿਹਾ।

"ਨਹੀਂ ਮੈਂ ਤੈਨੂੰ ਹੁਣੇ ਦੱਸਦੀ ਆਂ। ਹੁਣ ਖੇਡੇਂਗਾ ਉਹਦੇ ਨਾਲ?" ਕਹਿੰਦਿਆਂ ਊਸ਼ਾ ਦੇਵਾ ਨੇ ਸੋਟੀ ਮੁੰਡੇ ਦੇ ਗਿੱਟਿਆਂ ਉੱਤੇ ਦੇ ਮਾਰੀ।

ਸੋਟੀ ਵੱਜਦਿਆਂ ਹੀ ਭੋਲੂ ਦੀ ਚੀਕ ਨਿਕਲ ਗਈ। ਊਸ਼ਾ ਦੇਵੀ ਨੇ ਫਿਰ ਤੋਂ ਸੋਟੀ ਮਾਰਨ ਲਈ ਹੱਥ ਚੁੱਕਿਆ ਹੀ ਸੀ ਕਿ ਉਸਦੇ ਪਤੀ ਪੰਡਿਤ ਕ੍ਰਿਸ਼ਣਕਾਂਤ ਨੇ ਆ ਉਹਦਾ ਹੱਥ ਫੜ ਲਿਆ। ਪਿਤਾ ਨੂੰ ਆਇਆ ਦੇਖ, ਬਚਾਅ ਲਈ ਭੋਲੂ ਉਹਦੀਆਂ ਲੱਤਾਂ ਨਾਲ ਚਿੰਬੜ ਗਿਆ।

"ਹੁਣ ਕਿੱਧਰ ਜਾਨੈਂ? ਤੈਨੂੰ ਕਿੰਨੀ ਵਾਰ ਕਿਹੈ, ਪਰ ਤੇਰੇ 'ਤੇ ਕੋਈ ਅਸਰ ਨਹੀਂ।" ਊਸ਼ਾ ਦੇਵੀ ਫਿਰ ਭੋਲੂ ਵੱਲ ਹੋਈ।

"ਕੀ ਗੱਲ ਹੋਗੀ? ਕਿਉਂ ਮੁੰਡੇ ਨੂੰ ਮਾਰੀ ਜਾਨੀਂ ਐਂ?" ਸਹਿਮੇ ਮੁੰਡੇ ਦੀ ਪਿੱਠ ਉੱਤੇ ਹੱਥ ਰੱਖਦਿਆਂ ਕ੍ਰਿਸ਼ਣਕਾਂਤ ਨੇ ਆਪਣੀ ਘਰਵਾਲੀ ਨੂੰ ਪੁੱਛਿਆ।

"ਹੋਣਾ ਕੀ ਐ, ਜਦੋਂ ਵੇਖੋ ਵਿਹੜੇ ਵਾਲਿਆਂ ਦੇ ਮੁੰਡੇ ਨਾਲ ਖੇਡਦਾ ਰਹਿੰਦੈ। ਉਹਦੀ ਬਾਹ 'ਚ ਬਾਂਹ ਪਾ ਤੁਰਿਆ ਫਿਰਦੈ। ਕਦੇ ਉਹਦੇ ਘਰ ਆਪ ਜਾ ਵੜਦੈ, ਕਦੇ ਉਹਨੂੰ ਆਪਣੇ ਘਰ ਲੈ ਆਉਂਦੈ ..ਮੈਨੂੰ ਨਹੀਂ ਇਹ ਗੱਲਾਂ ਚੰਗੀਆਂ ਲਗਦੀਆਂ। ਇਹਨੂੰ ਕਈ ਵਾਰ ਸਮਝਾਇਐ, ਪਰ ਸੁਣਦਾ ਈ ਨਹੀਂ। ਅਖੇ, ਉਹ ਮੇਰਾ ਬੇਲੀ ਐ.. ਬੇਲੀ ਬਣਾਉਣੈ ਤਾਂ ਜਾਤ ਬਰਾਦਰੀ ਤਾਂ ਵੇਖ ਲੈ ।" ਊਸ਼ਾ ਦੇਵੀ ਨੇ ਮੁੰਡੇ ਨੂੰ ਘੂਰਦਿਆਂ ਕਿਹਾ।

"ਓਏ ਛੱਡ, ਇਹ ਕਿਹੜੀ ਗੱਲ ਹੋਈ। ਆਪਾਂ ਵੀ ਦਿਹਾੜੀ-ਦੱਪਾ ਕਰਕੇ ਖਾਣ ਵਾਲੇ ਆਂ ਤੇ ਉਹ ਵੀ ਮਿਹਨਤ-ਮਜ਼ਦੂਰੀ ਕਰਕੇ ਖਾਣ ਵਾਲੇ। ਦੱਸ ਫੇਰ ਫ਼ਰਕ ਕੀ ਹੋਇਆ? ਆਪਾਂ ਵੀ ਗਰੀਬ ਤੇ ਉਹ ਵੀ ਗਰੀਬ। ਸਾਡੀ ਤਾਂ ਸਾਂਝ ਐ। ਜਾਤ ਬਿਰਾਦਰੀ ਨੇ ਕਿਤੇ ਰੋਟੀ ਦੇਣੀ ਐ! ਮਿਹਨਤ-ਮਜ਼ਦੂਰੀ ਕਰਕੇ ਈ ਖਾਣੀ ਐ। ਐਵੇਂ ਨਾ ਮੁੰਡੇ ਨੂੰ ਮਾਰਿਆ ਕਰ, ਖੇਡਣ ਦੇ ਜੀਹਦੇ ਨਾਲ ਖੇਡਦੈ।" ਏਨਾ ਕਹਿ ਉਹਨੇ ਊਸ਼ਾ ਦੇਵੀ ਦੇ ਹੱਥੋਂ ਸੋਟੀ ਫੜ ਪਰੇ ਸਿੱਟ ਦਿੱਤੀ।

-o-

## ਮਸ਼ੀਨਾਂ / ਗੁਰਪ੍ਰੀਤ ਕੌਰ

"ਭੈਣੇ! ਠੀਕ ਐਂ ਤੂੰ? ਕੱਖ ਨਾ ਰਹੇ ਉਸ ਬੰਦੇ ਦਾ। ਮੈਂ ਤਾਂ ਓਹਨੂੰ ਐਵੇਂ ਆਪਣਾ ਰੱਬ ਸਮਝਦੀ ਰਹੀ। ਮੈਨੂੰ ਕੀ ਪਤਾ ਸੀ... ਨਸ਼ੇ 'ਚ ਧੁੱਤ, ਸ਼ੈਤਾਨ ਦਾ ਪੁੱਤ ਠਾਹ ਮੈਨੂੰ ਤੇਰੇ 'ਚ ਠੋਕ ਆਪ ਰਫੂਚੱਕਰ ਹੋਜੂ।" ਭਿਆਨਕ ਐਕਸੀਡੈਂਟ 'ਚ ਭੰਨੀ ਕਾਰ ਨੇ ਆਪਣੇ ਮਾਲਕ ਨੂੰ ਭੰਡਦਿਆਂ ਦੂਜੀ ਕਾਰ ਤੋਂ ਹਾਲ- ਚਾਲ ਪੁੱਛਦਿਆਂ ਕਿਹਾ।

"ਮੈਨੂੰ ਆਪਣੀ ਫ਼ਿਕਰ ਨੀ ਭੈਣੇ," ਦੂਜੀ ਕਾਰ ਬੋਲੀ। "ਨਾਲੇ ਓਹਨੇ ਤੈਨੂੰ ਕੀ ਪੁੱਛਣਾ ਸੀ? ਆਹ,ਦੇਖ! ਕਿਵੇਂ ਲਹੂ-ਲੁਹਾਨ ਪਿਆ ਮੇਰਾ ਮਾਲਕ। ਆਪਾਂ ਤਾਂ ਬੇਜਾਨ ਆਂ ਪਰ ...ਇਹ ਬੇਚਾਰਾ ਤਾਂ ਇਨਸਾਨ ਆ! ਉਹ ਤਾਂ ਇਹਨੂੰ ਵੀ ਤੜਫਦੇ ਨੂੰ ਛੱਡ ਗਿਆ। ਬੇਚਾਰੇ ਨੇ ਬਥੇਰੇ ਹੱਥ - ਪੈਰ ਮਾਰੇ ਮਦਦ ਲਈ ਪਰ ਲੋਕ ਅਣਦੇਖਿਆ ਕਰ ਲੰਘਦੇ ਰਹੇ। ਮੈਂ ਵੀ ਬਥੇਰੀ ਖੜ -ਖੜ ਕੀਤੀ ਪਰ ਕੋਈ ਬੰਦਾ ਨਾ ਰੁਕਿਆ ..ਇੱਥੇ ਕਿਸੇ ਨੂੰ ਕਿਸੇ ਦੀ ਕੋਈ ਪਰਵਾਹ ਈ ਨੀ। ਪਤਾ ਨੀ ਕਿਹੜੀ ਤ੍ਰਿਸ਼ਨਾ ਲਈ ਭਟਕਦੇ ਫਿਰਦੇ ਨੇ, ਜਿਵੇਂ ਤੁਰਦੀਆਂ- ਫਿਰਦੀਆਂ ਮਸ਼ੀਨਾਂ ਹੋਣ। ਇਹਨਾਂ 'ਚੋਂ ਇਨਸਾਨ ਦੀ ਸ਼ਨਾਖਤ ਕਰਨੀ ਸੌਖੀ ਨੀ।"

"ਸ਼ਅਅਅ! ਚੁੱਪ ਕਰੋ। ਉਹ ਦੇਖੋ ! ਕੋਈ ਭਲਾਮਾਣਸ ਏਧਰ ਆ ਰਿਹਾ, " ਜ਼ਖਮੀ ਬੰਦੇ ਦੀ ਜੇਬ 'ਚੋਂ ਆਪਣੀ ਲਟਕਦੀ ਧੌਣ ਸੰਭਾਲਦੇ ਮੋਬਾਈਲ ਨੇ ਦੋਹਾਂ ਕਾਰਾਂ ਨੂੰ ਵਰਜਿਆ।

"ਹੈਂਅ! ..ਆਹ ਕੀ? ਇਹ ਕਮੀਨਾ ਤਾਂ ਮੈਨੂੰ ਈ ਚੁੱਕ ਕੇ ਭੱਜਣ ਲੱਗਿਆ। ਓਏ,ਭਰਾਵਾਂ ! ਮੈਨੂੰ ਨੀ.. ਆਹ ਬੰਦੇ ਨੂੰ ਚੁੱਕ,ਇਹਦੀ ਜਾਨ ਬਚਾਉਣੀ ਜਰੂਰੀ ਆ।" ਮੋਬਾਈਲ ਹਾੜੇ ਕੱਢਦਾ ਰਿਹਾ..ਪਰ ਬੰਦਾ...ਬੰਦਾ ਕਿੱਥੇ ਸੁਣਦਾ ਕਿਸੇ ਦੀ। ਗਲੀ ਦੀ ਨੁੱਕਰੇ ਖੜ੍ਹਾ ਕੁੱਤਾ ਵੀ ਇਹ ਸਭ ਦੇਖ ਸੜਕ ਵੱਲ ਭੱਜਿਆ ਆਇਆ ਤੇ ਮਦਦ ਲਈ ਭੌਂਕਣ ਲੱਗਿਆ। ਆਪਣੇ ਸਾਥੀ ਦੀ ਆਵਾਜ ਸੁਣ ਨਾਲ ਦੀ ਗਲੀ 'ਚੋਂ ਹੋਰ ਕੁੱਤੇ ਝੱਟ ਭੱਜੇ ਆਏ..ਪਰ ਮਰਦੇ ਇਨਸਾਨ ਦੀ ਮਦਦ ਲਈ ਕੋਈ ਇਨਸਾਨ ਨਾ ਆਇਆ।

—o—

## ਬਾਬਾ ਬੁੱਲ੍ਹਿਆ

ਆ ਵੇ ਬਾਬਾ ਬੁੱਲ੍ਹਿਆ, ਤੈਨੂੰ ਬੈਠ ਸੁਣਾਵਾਂ ਹਾਲ।
ਏਥੇ ਮੰਦਿਰ ਮਸਜਿਦ ਵਾਲੜੇ, ਨਿੱਤ ਲੜ ਲੜ ਹੋਣ ਬੇਹਾਲ।
ਮੁੜ ਫਿਰਕੂ ਵੰਡਾਂ ਪਾ ਕੇ, ਪਏ ਗੁਰਬਤ ਨੂੰ ਉਕਸਾਉਣ।
ਇਹ ਮਕਸਦ ਕੱਢਣ ਆਪਣਾ, ਪਰ ਭੋਲੇ ਲੋਕ ਲੜਾਉਣ।
ਇਹ ਚਾਹੁੰਦੇ ਸਾਡੇ ਸਾਹਮਣੇ, ਸਭ ਲੋਕੀਂ ਟੇਕਣ ਸੀਸ।
ਤਾਂ ਤੁਰਨਾ ਫੇਰ ਗੁਨਾਹ ਹੈ, ਅੱਜ ਕਰ ਉਹਨਾ ਦੀ ਰੀਸ।
ਤੱਕ ਮੁੱਲਾਂ, ਭਾਈ, ਪੁਜਾਰੀਆਂ, ਕਬਜਾਇਆ ਏਥੇ ਰੱਬ।
ਇਹ ਮਹਿੰਗਾ ਨਾਮ ਖੁਦਾ ਦਾ, ਪਏ ਵੇਚਣ ਕਰ ਕੇ ਲੱਬ।
ਹੁਣ ਅੰਨ੍ਹੇ ਲੱਭਣ ਬੁੱਲ੍ਹਿਆ, ਨਾ ਕਿਤੇ ਜਾਣ ਦੀ ਲੋੜ।
ਏਥੇ ਅਕਲੋਂ ਅੰਨ੍ਹੇ ਚੱਬਦੇ, ਪ੍ਰਸਾਦ ਸਮਝ ਕੇ ਰੋੜ।
ਪਏ ਰੋਜ ਹਨੇਰਾ ਬੀਜਦੇ, ਚਾਨਣ ਦੇ ਠੇਕੇਦਾਰ।
ਜੋ ਬਾਤ ਤਰਕ ਦੀ ਬੋਲਦਾ, ਉਹਨੂੰ ਦੇਣ ਐਲਾਨ ਗਵਾਰ।
ਹੁਣ ਰਾਈਂ ਫਿਰ ਅਖਵਾਵਣਾ, ਨਾ ਸਯਦਾਂ ਨੂੰ ਮਨਜ਼ੂਰ।
ਮੁੜ ਮੁੜ ਕੇ ਜਾਤੀਵਾਦ ਦਾ, ਹੈ ਪੁੰਗਰ ਰਿਹਾ ਨਾਸੂਰ।
ਇਹ ਲੋਕ ਤੇਰੀਆਂ ਕਾਫੀਆਂ, ਕਿੰਜ ਗਾਉਂਦੇ ਜਰਾ ਅਲੋਕ।
ਬੱਸ ਮਨੋਰੰਜਨ ਦੇ ਵਾਸਤੇ, ਨਿੱਤ ਸੁਣਦੇ ਨੇ ਇਹ ਥੋਕ।
ਉਹ ਤੇਰੇ ਸ਼ਬਦਾਂ ਵਾਲੜੇ, ਅਣੀਆਲੇ ਤਿੱਖੇ ਤੀਰ।
ਹੁਣ ਇਹਨਾ ਨੂੰ ਪੋਂਹਦੇ ਨਹੀ, ਹੋ ਮੁਰਦਾ ਗਈ ਜ਼ਮੀਰ।
ਅੱਜ ਕਲਮਾਂ ਪੂਛਾਂ ਹੋ ਗਈਆਂ, ਤੇ ਕਲਮਕਾਰ ਮੁਰਦਾਰ।
ਅੱਜ ਵੇਖੀ ਸ਼ਬਦ ਕਟਾਰ ਦੀ, ਮੈਂ ਖੁੰਡੀ ਹੋਈ ਧਾਰ।
ਅੱਜ ਹੋਏ ਤਜਾਰਤ ਸਾਹਿਤ ਦੀ, ਹੈ ਵਿਕਦਾ ਦੀਨ ਇਮਾਨ।
ਤੱਕ ਅੱਡ ਅੱਡ ਮੰਗਣ ਝੋਲੀਆਂ, ਇਹ ਸਾਹਿਤਕਾਰ ਸਨਮਾਨ।
ਅੱਜ ਤਿੱਖੇ ਫ਼?ਕਰੇ ਲਿਖਣ ਤੋਂ, ਸਭ ਕਰਦੇ ਪਏ ਗੁਰੇਜ਼।
ਇਹ ਲਿਖਣ ਕਸੀਦੇ ਝੂਠ ਦੇ, ਤੇ ਹੈ ਸੱਚੋਂ ਪ੍ਰਹੇਜ਼।
ਹੁਣ ਕਿਓ ਨਹੀ ਬੁੱਲ੍ਹਾ ਜੰਮਦੀ, ਕੋਈ ਹੋਰ ਪੰਜਾਬੀ ਮਾਂ।
ਹੁਣ ਹੰਸਾਂ ਦੇ ਘਰ ਬਾਜਵਾ, ਕਿਓਂ ਪੈਦਾ ਹੁੰਦੇ ਕਾਂ।
ਫਿਰ ਹੱਦਾਂ ਬੰਨੇ ਟੱਪਿਆ, ਆ ਵੇਖ ਭਰਿਸ਼ਟਾਚਾਰ,
ਮੁੜ ਠੱਗ, ਕੁਸੱਤੀ, ਧਾੜਵੀ ਕਹਿ, ਮੂੰਹ ਤੇ ਸੱਚੀਆਂ ਮਾਰ।

**ਲਖਵਿੰਦਰ ਸਿੰਘ ਬਾਜਵਾ**
9416734506, 9729608492

## ਗ਼ਜ਼ਲ

- ਜਗਦੀਸ਼ ਰਾਣਾ -



ਪੁੱਛੇ ਜੇ ਕੋਈ ਕਿੱਦਾਂ, ਜੀਵਨ ਬਿਤਾ ਰਿਹਾ ਹਾਂ।
ਮੈਂ ਸੀਤ ਸੂਰਜਾਂ ਨੂੰ, ਦੀਵੇ ਦਿਖਾ ਰਿਹਾ ਹਾਂ।

ਹਾਕਮ ਦੇ ਮਹਿਲ ਅੱਗੇ, ਡਮਰੂ ਵਜਾ ਵਜਾ ਕੇ,
ਕਿਰਤੀ ਤੇ ਬੇਬਸਾਂ ਦੇ, ਮਸਲੇ ਉਠਾ ਰਿਹਾ ਹਾਂ।

ਪਿੰਜਰੇ 'ਚ ਕੈਦ ਪੰਛੀ, ਚੂਰੀ ਤੇ ਗਿੱਝ ਨਾ ਜਾਵੇ,
ਅੰਬਰ ਦੀ ਫ਼ੋਟੋ ਉਸ ਨੂੰ, ਤਾਂਹੀ ਦਿਖਾ ਰਿਹਾ ਹਾਂ।

ਸਾਵਣ ਦੇ ਅੰਨ੍ਹਿਆਂ ਨੂੰ, ਹਰ ਥਾਂ ਹਰੀ-ਹਰੀ, ਮੈਂ
ਗ਼ੁਰਬਤ ਦੇ ਮਾਰਿਆਂ ਦੇ, ਕਿੱਸੇ ਸੁਣਾ ਰਿਹਾ ਹਾਂ।

'ਗੈਸੀ ਗੁਬਾਰੇ ਵਰਗੀ ਹਾਲਤ ਹੈ ਤੇਰੀ ਹਾਕਮ,'
ਦੀਵਾਰ ਤੇ ਹੈ ਲਿਖਿਆ, ਉਸ ਨੂੰ ਪੜ੍ਹਾ ਰਿਹਾ ਹਾਂ।

ਤੇਰੇ ਹੀ ਮੂਹਰੇ ਖੜ੍ਹ ਕੇ, ਤੈਨੂੰ ਕਹਾਂ ਮੈਂ ਜ਼ਾਲਮ,
ਤੇਰੀ ਕਰੂਰਤਾ ਮੈਂ ਤੈਨੂੰ ਸੁਣਾ ਰਿਹਾ ਹਾਂ।

ਲਿਖਦੇ ਨੂੰ ਹੋ ਗਏ ਨੇ, ਢਾਈ ਮਹੀਨੇ ਮੈਨੂੰ,
ਏਸੇ ਲਈ ਮੈਂ ਵੀ ਹੁਣ, ਪੁਸਤਕ ਛਪਾ ਰਿਹਾ ਹਾਂ।

ਪੌਣਾਂ ਚ ਗੂੰਜਦੇ ਨੇ, ਮਿਹਨਤਕਸ਼ਾਂ ਦੇ ਹਉਕੇ,
ਸੁੱਤੀ ਹੈ ਰਾਜ਼ ਗੱਦੀ, ਹਾਕਮ ਜਗਾ ਰਿਹਾ ਹਾਂ।

ਇਹ ਬਾਰਿਸ਼ਾਂ ਦਾ ਮੌਸਮ ਮੁੜ ਆ ਗਿਆ ਹੈ ਮਹਿਰਮ,
ਤੈਨੂੰ ਮਿਲੀ ਨਾ ਫੁਰਸਤ, ਮੁੜ ਆ, ਬੁਲਾ ਰਿਹਾ ਹਾਂ।

ਉੱਠੋ ਤੇ ਹੱਕ ਮੰਗੋ, ਹੱਕਾਂ ਲਈ ਲੜੋ ਹੁਣ,
ਸਦੀਆਂ ਦੇ ਸੁੱਤਿਆਂ ਨੂੰ, 'ਰਾਣੇ' ਉਠਾ ਰਿਹਾ ਹਾਂ।

# ਇਕ ਹੋਰ ਜ਼ਖ਼ਮ

ਗੁਰਨਾਮ ਬਾਵਾ
ਅੰਬਾਲਾ
83073 64301



ਮਾਲਕ ਮੇਰੀ ਉਂਗਲੀ ਦਾ ਜ਼ਖ਼ਮ ਦੇਖੋ ਪੱਕ ਗਿਆ ਹੈ।

ਇੱਕ 500 ਰੁਪਏ ਦਿਓ ਮੈਂ ਦਵਾਈ ਲੈ ਕੇ ਆਉਣੀ ਹੈ।

ਰੋਹਿਤ ਆਪਣੀ ਉਂਗਲ ਦਿਖਾਉਂਦਾ ਕਹਿ ਰਿਹਾ ਸੀ। ਉਸਦੀ ਉਂਗਲ ਵੱਲ ਦੇਖ ਕੇ ਮਾਲਕ ਕਹਿਣ ਲੱਗ ਪਿਆ 'ਕੁਝ ਨਹੀਂ ਹੋਇਆ, ਇਸ ਤਰ੍ਹਾਂ ਕਰ ਸਰੋਂ ਦੇ ਤੇਲ 'ਚ ਹਲਦੀ ਗਰਮ ਕਰਕੇ ਲਗਾ, ਠੀਕ ਹੋ ਜਾਣਾ,500 ਰੁਪਏ ਕੀ ਕਰਨੇ ਤੂੰ ?

ਮਾਲਕ ਇਹ ਸਭ ਮੈਂ ਕਰਕੇ ਦੇਖ ਲਿਆ ਹੈ ਤਾਂ ਹੀ ਆਪ ਕੋਲ? ਆਇਆ ਹਾਂ, ਨਾਲੇ ਉਂਗਲ 'ਤੇ ਛਾਲਾ ਵੀ ਤਾਂ ਭੱਠੀ 'ਚੋਂ ਗਰਮ ਸਰੀਆ ਕੱਢਦੇ ਹੋਇਆ ਜੀ।

ਮਾਲਕ ਉਸ ਵੱਲ ਦੇਖ ਕੇ ਮਸਕਰੀ ਹਾਸਾ ਹੱਸ ਰਿਹਾ ਸੀ। 'ਮੇਰੀ ਉਂਗਲ ਦਾ ਜ਼ਖ਼ਮ ਦੇਖੋ ਪੱਕ ਗਿਆ ਇੱਕ 500 ਦਿਓ ਮੈਂ ਦਵਾਈ ਲੈ ਕੇ ਆਉਣੀ ਹੈ।' ਰੋਹਿਤ ਆਪਣੀ ਉਂਗਲ ਫਿਰ ਮਾਲਕ ਨੂੰ ਦਿਖਾ ਕੇ ਕਹਿ ਰਿਹਾ ਸੀ। ਉਸ ਦੀ ਉਂਗਲ ਵੱਲ ਦੇਖਦਾ ਮਾਲਕ ਕਹਿਣ ਲੱਗ ਪਿਆ 'ਚੰਗਾ ਆ ਫੜ ਸੌ ਰੁਪਏ'। ਰੋਣ ਵਰਗੀ ਆਵਾਜ਼ ਕੱਢਦਾ ਰੋਹਿਤ ਬੋਲਿਆ 'ਮਾਲਕ ਕਿਉਂ ਮਜ਼ਾਕ ਕਰ ਰਹੇ ਹੋ, ਮੈਂ ਆਪਣੀ ਤਨਖਾਹ 'ਚੋਂ ਹੀ ਐਡਵਾਂਸ ਮੰਗ ਰਿਹਾਂ। ਮਾਲਕ ਫਿਰ ਉਸਦਾ ਮਜਾਕ ਬਣਾਉਂਦਾ ਬੋਲਿਆ 'ਹੋਰ ਮੇਰੇ ਕੋਲ ਵੀ ਪੈਸੇ ਨਹੀਂ '।

ਫਿਰ ਉਸਦੇ ਦਿਮਾਗ 'ਚ ਪਤਾ ਨਹੀਂ ਕੀ ਆਇਆ ਦੋ ਸੌ ਦਾ ਨੋਟ ਕੱਢ ਕੇ ਕਹਿੰਦਾ ਆਹ ਲੈ ! 300 ਹੋ ਗਿਆ, ਬਸ ਹੋਰ ਨਾ ਮੰਗੀਂ। ਚੱਲ ਜਾ ਭੱਜ ਜਾ ਹੁਣ ਇਥੋਂ '।

ਰੋਹਿਤ ਕਦੇ ਉਂਗਲ ਵੱਲ ਦੇਖਦਾ ਤੇ ਕਦੀ ਪੈਸਿਆਂ ਵੱਲ ਦੇਖਦਾ ਬਾਹਰ ਚਲਾ ਗਿਆ।

ਉਸਦੇ ਜਾਣ ਮਗਰੋਂ ਕੋਲ ਬੈਠੇ ਇੱਕ ਜਾਣਕਾਰ ਨੂੰ ਮਾਲਕ ਕਹਿ ਰਿਹਾ ਸੀ 'ਦਵਾਈ ਸਵਾਹ ਲੈਣੀ, ਕੁੱਤੀ ਲੇਬਰ, ਸ਼ਰਾਬ ਪੀਣੀ ਜਾ ਕੇ, ਇਹ ਬਹਾਨੇ ਸਭ ਇਹਨਾਂ ਦੇ'।

ਇਹ ਗੱਲ ਬਾਹਰ ਖੜ੍ਹੇ ਰੋਹਿਤ ਦੇ ਕੰਨਾਂ 'ਚ ਵੀ ਪੈ ਗਈ।

ਡਾਕਟਰ ਕੋਲ ਜਾਂਦਾ ਰੋਹਿਤ ਸੋਚ ਰਿਹਾ ਸੀ ਟੀਕਾ ਲਵਾਉਣ ਨੂੰ ਮਨਾ ਕਰ ਦਿਆਂਗਾ ਤੇ ਇਕੱਲੀ ਦਵਾਈ ਹੀ ਲੈ ਲੈਂਦਾ ਹਾਂ।

ਰੋਹਿਤ ਨੂੰ ਉਗਲ ਦਾ ਜ਼ਖ਼ਮ ਇੰਝ ਲੱਗ ਰਿਹਾ ਸੀ, ਜਿਵੇਂ ਮਾਲਕ ਨੇ ਇੱਕ ਹੋਰ ਜ਼ਖ਼ਮ, ਉਸ ਨੂੰ ਜਲਾਲਤ ਦਾ ਦੇ ਦਿੱਤਾ ਹੋਵੇ।

ਅੰਬਾਲਾ
83073 64301

**ਪਿਛਲੇ ਦਿਨੀ ਸੰਤ ਹੀਰਾਂ ਦਾਸ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਕਾਲਾ ਸੰਘਿਆਂ ਵਿਖੇ ਕਰਵਾਈ ਗਈ ਸਪੋਰਟਸ ਮੀਟ ਵੇਲੇ ਪੰਜਾਬੀ ਦੇ ਪ੍ਰਸਿੱਧ ਲੇਖਕ ਤੇ ਆਪਣੀ ਆਵਾਜ਼ ਤੇ ਮੁੱਖ ਸੰਪਾਦਕ ਸ. ਸੁਰਿੰਦਰ ਸਿੰਘ ਸੁੰਨੜ ਮੁੱਖ ਮਹਿਮਾਨ ਵਜੋਂ ਸ਼ਾਮਿਲ ਹੋਏ। ਉਹਨਾਂ ਨੂੰ ਸਨਮਾਨ ਦਿੱਤੇ ਜਾਣ ਦਾ ਦ੍ਰਿਸ਼ :**



# ਜੋਰਜ਼ ਸਟੀਫਨਸਨ - ਰੇਲਵੇ ਦਾ ਮੋਢੀ

-ਡਾ. ਹਰੀਸ਼ ਮਲਹੋਤਰਾ

ਜ਼ੋਰਜ਼ ਸਟੀਫਨਸਨ (GEORGE STEPHENSON) ਦਾ ਜਨਮ 9 ਜੂਨ 1781 ਨੂੰ ਵਈਲਮ (WYLAM) ਨੋਰਥਮੋਬਰਲੈਂਡ (NORTH UMBERLAND) ਵਿਖੇ ਹੋਇਆ ਜੋ ਨਿਉਕੇਸਲ ਅਪਓਨ ਟਾਈਨ ਤੋਂ 9 ਮੀਲ ਯਾਨਿ 15 ਕਿਲੋਮੀਟਰ ਦੂਰ ਹੈ।ਆਪਣੇ ਬਾਪ ਰੋਬਰਟ ਅਤੇ ਮਾਂ ਮੇਬਲ ਦਾ ਉਹ ਦੂਜਾ ਬੱਚਾ ਸੀ।ਉਹਦੇ ਮਾਂ ਬਾਪ ਕੋਰੇ ਅਣਪੜ ਸਨ ਜੋ ਨਾ ਤਾਂ ਲਿਖ ਸਕਦੇ ਸਨ ਅਤੇ ਨਾ ਹੀ ਪੜ੍ਹ ਸਕਦੇ ਸਨ। ਜੋਰਜ਼ ਦਾ ਬਾਪ ਰੋਬਰਟ ਵਈਲਮ ਕੋਲਰੀ (WYLAM COLLIERY) ਵਿਚ ਇਕ ਅੱਗ ਬੁਝਾਉਣ ਵਾਲੇ (FIRE MAN) ਦੀ ਨੌਕਰੀ ਕਰਦਾ ਸੀ । ਉਹਦੀ ਤਨਖ਼ਾਹ ਬਹੁਤ ਹੀ ਥੋੜ੍ਹੀ ਸੀ ਜਿਹਦੇ ਨਾਲ ਘਰ ਦਾ ਗੁਜ਼ਾਰਾ ਬੜੀ ਮੁਸ਼ਕਲ ਨਾਲ ਹੁੰਦਾ ਸੀ।

ਜੋਰਜ਼ ਸਟੀਫਨਸਨ ਜਦ 17 ਵਰ੍ਹਿਆਂ ਦਾ ਹੋਇਆ ਤਾਂ ਉਹਨੂੰ ਵਾਟਰਰੋਅ ਪਿਟ ਨਿਊਬਰਨ ਵਿਖੇ ਇੰਜਣ ਮੈਨ ਦੀ ਨੌਕਰੀ ਮਿਲ ਗਈ।ਉਸ ਵਕਤ ਉਹਨੂੰ ਪੜ੍ਹਾਈ ਦੀ ਅਹਿਮੀਅਤ ਸਮਝ ਆਈ ਤਾਂ ਉਹਨੇ ਆਪਣੀ ਕਮਾਈ ਤੋਂ ਮਿਲਦੇ ਪੈਸਿਆਂ ਵਿਚੋਂ ਫੀਸ ਦੇ ਕੇ ਰਾਤ ਦੇ ਸਕੂਲਾਂ ਵਿਚ ਪੜ੍ਹਨਾ, ਲਿਖਣਾ ਅਤੇ ਹਿਸਾਬ ਸਿੱਖਣਾ ਸ਼ੁਰੂ ਕੀਤਾ। ਉਹ 18 ਸਾਲ ਦੀ ਉਮਰ ਤਕ ਸ਼ਾਹੀ ਅਣਪੜ ਸੀ।

1801 ਵਿਚ ਉਹਨੇ ਬਲੈਕ ਕਾਲਿਰਟਨ ਕੋਲਰੀ ਜੋ ਕਿ ਪੌਂਟਲੈਂਡ ਦੇ ਦੱਖਣ ਵਿਚ ਬਰੇਕਸਮੇਨ (BREAKSMAN) ਦੀ ਨੌਕਰੀ ਕਰ ਲਈ। 1802 ਵਿਚ ਉਹਨੇ ਫਰਾਂਸਿਸ ਹੈਂਡਰਸਨ ਨਾਲ ਵਿਆਹ ਕਰਾ ਲਿਆ ਅਤੇ ਨਿਊਕਾਸਲ ਦੇ ਪੂਰਬ ਵੱਲ ਵਾਲਿੰਗਟਨ ਕੋਏ (Willington Quay) ਵਿਖੇ ਰਹਿਣ ਲੱਗ ਪਿਆ। ਉਹ ਉਥੇ ਇਕ ਕੋਟਿਜ਼ ਦੇ ਇਕ ਕਮਰੇ ਵਿਚ ਤੀਵੀ ਆਦਮੀ ਰਹਿੰਦੇ ਸਨ।ਉਹਨੂੰ ਮਿਲਦੀ ਤਨਖਾਹ ਇੰਨੀ ਘੱਟ ਸੀ ਕਿ ਗੁਜ਼ਾਰਾ ਕਰਨ ਲਈ ਉਹਨੂੰ ਜੁੱਤੀਆਂ ਗੰਢਣ ਅਤੇ ਘੜੀਆਂ ਠੀਕ ਕਰਨ ਦਾ ਕੰਮ ਕਰਨਾ ਪੈਂਦਾ ਸੀ।ਉਨ੍ਹਾਂ ਦਾ ਪਹਿਲਾ ਬੱਚਾ ਰੋਬਰਟ 1803 ਵਿੱਚ ਪੈਦਾ ਹੋਇਆ ਅਤੇ ਹੁਣ ਤੀਵੀਂ ਆਦਮੀ 1804 ਵਿਚ ਵੈਸਟ ਮੂਰ (West Moore) ਦੀ ਡਾਇਲ ਕੋਟਿਜ਼ ਵਿਚ ਰਹਿਣ ਲੱਗ ਪਏ ਜੋ ਕਿਲਿੰਗ ਵਰਥ ਦੇ ਨਜ਼ਦੀਕ ਸੀ। ਜੋਰਜ਼ ਹੁਣ ਕਿਲਿੰਗਵਰਥ ਪਿਟ ਵਿਖੇ ਬਰੇਕਮੈਨ ਦੀ ਨੌਕਰੀ ਕਰਨ ਲੱਗ ਪਿਆ।ਉਹਨਾਂ ਦੇ ਦੂਜਾ ਬੱਚਾ ਬੇਟੀ ਜੁਲਾਈ 1805 ਵਿਚ ਪੈਦਾ ਹੋਈ ਅਤੇ ਉਹਦਾ ਨਾਮ ਉਹਦੇ ਮਾਂ ਦੇ ਨਾਮ ਤੇ ਫਰਾਂਸਿਸ ਰੱਖਿਆ ਗਿਆ। ਬੇਟੀ ਫਰਾਂਸਿਸ ਸਿਰਫ ਤਿੰਨ ਹਫ਼ਤੇ ਜੀਉਂਦੀ ਰਹਿ ਸਕੀ ਅਤੇ ਉਹਨੂੰ ਸੇਂਟ ਬਾਰ ਥੋਲੋਮਿਉਜ਼ ਚਰਚ ਲੌਂਗ ਬਿਨਟਨ ਜੋ ਕਿ ਨਿਉਕੇਸਲ ਦੇ ਉਤਰ ਵਲ ਹੈ ਦਫਨਾ ਦਿਤਾ ਗਿਆ। 1806 ਵਿਚ ਜੋਰਜ਼ ਦੀ ਪਤਨੀ ਫਰਾਂਸਿਸ ਵੀ ਤਪਦਿਕ (TUBERCULOSIS) ਨਾਲ ਮਰ ਗਈ ਅਤੇ ਉਹਨੂੰ ਵੀ ਆਪਣੀ ਬੇਟੀ ਦੇ ਨਾਲ ਹੀ ਕਬਰ ਵਿਚ 16 ਮਈ 1806 ਨੂੰ ਦਫ਼ਨਾ ਦਿੱਤਾ ਗਿਆ। ਦੁੱਖ ਵਾਲੀ ਗੱਲ ਇਹ ਹੈ ਕਿ ਉਸ ਕਬਰ ਦਾ ਹੁਣ ਉਥੇ ਨਾਮੋ ਨਿਸ਼ਾਨ ਨਹੀਂ ਹੈ।

ਜੋਰਜ਼ ਸਟੀਫਨਸਨ ਨੇ ਹੁਣ ਫੈਸਲਾ ਕੀਤਾ ਕਿ ਸਕੌਟਲੈਂਡ ਜਾ ਕੇ ਕੰਮ ਦੀ ਭਾਲ ਕੀਤੀ ਜਾਵੇ ਅਤੇ ਜਦ ਉਹਨੂੰ ਮੋਂਟਰੋਜ਼ (MONTROSE) ਵਿਖੇ ਕੰਮ ਮਿਲ ਗਿਆ ਤਾਂ ਉਹਨੇ ਆਪਣੇ ਬੇਟੇ ਰੋਬਰਟ ਨੂੰ ਇਕ ਸਥਾਨਕ ਔਰਤ ਨੂੰ ਦੇਖਭਾਲ ਕਰਨ ਲਈ ਦੇ ਦਿੱਤਾ। ਕੁੱਝ ਮਹੀਨਿਆਂ ਬਾਦ ਉਹ ਵਾਪਿਸ ਆ ਗਿਆ ਕਿਉਂਕਿ ਉਹਦੇ ਬਾਪ ਦਾ ਐਕਸੀਡੈਂਟ ਹੋ ਗਿਆ ਸੀ ਅਤੇ ਉਹ ਆਪਣੀਆਂ ਅੱਖਾਂ ਦੀ ਜੋਤ ਗੁਆ ਬੈਠਾ ਸੀ।ਜੋਰਜ਼ ਦੁਆਰਾ ਫਿਰ ਵੈਸਟਮੂਰ ਵਾਲੀ ਕੋਟਿਜ਼ ਵਿਚ ਚਲਾ ਗਿਆ ਅਤੇ ਉਹਦੀ ਅਣਵਿਆਹੀ ਭੈਣ ਇਲਾਨਰ (Eleanor) ਵੀ ਜੋਰਜ਼ ਦੇ ਬੇਟੇ ਰੌਬਰਟ ਦੀ ਦੇਖਭਾਲ ਕਰਨ ਲਈ, ਉਹਦੇ ਨਾਲ ਰਹਿਣ ਲੱਗ ਪਈ। 1811 ਵਿਚ ਕਿਲਿੰਗਵਰਥ ਹਾਈ ਪਿੱਟ ਵਿਚ ਪੰਪਿੰਗ ਇੰਜਣ ਠੀਕ ਤਰ੍ਹਾਂ ਕੰਮ ਨਹੀਂ ਸੀ ਕਰ ਰਿਹਾ ਤਾਂ ਜੋਰਜ਼ ਸਟੀਫਨਸਨ ਨੇ ਉਹਨੂੰ ਠੀਕ ਕਰਨ ਦਾ ਜੁੰਮਾ ਲੈ ਲਿਆ। ਜੋਰਜ਼ ਨੇ ਉਹਨੂੰ ਇੰਨੀ ਚੰਗੀ ਤਰ੍ਹਾਂ ਮੁਰੰਮਤ ਕੀਤਾ ਕਿ ਉਹ ਬਿਲਕੁਲ ਠੀਕ ਠਾਕ ਕੰਮ ਕਰਨ ਲੱਗ ਪਿਆ। ਇਸ ਤੇ ਉਹਨੂੰ ਕੰਮ ਤੇ ਤਰੱਕੀ ਦੇ ਦਿੱਤੀ ਗਈ ਕਿ ਕੋਲਰੀ ਦੇ ਸਾਰੇ ਇੰਜਣਾਂ ਦੀ ਦੇਖਭਾਲ

ਅਤੇ ਮੁਰੰਮਤ ਉਹ ਹੀ ਕਰਿਆ ਕਰੇਗਾ। ਇਥੇ ਹੀ ਉਹ ਭਾਫ਼ ਨਾਲ ਚੱਲਣ ਵਾਲੀ ਮਸ਼ੀਨਰੀ ਦਾ ਮਾਹਰ ਬਣ ਗਿਆ।

1815 ਵਿਚ ਜੋਰਜ ਸਟੀਫਨਸਨ ਨੇ ਕੋਇਲੇ ਦੀਆਂ ਖਾਣਾਂ ਵਿਚ ਸੇਫਟੀ ਲੈਂਪ ਬਾਰੇ ਤਜ਼ਰਬੇ ਕਰਨੇ ਸ਼ੁਰੂ ਕਰ ਦਿੱਤੇ ਕਿਉਂਕਿ ਖੁੱਲ੍ਹੀ ਅੱਗ ਨਾਲ ਖਾਣਾਂ ਵਿਚ ਧਮਾਕੇ ਹੋ ਜਾਇਆ ਕਰਦੇ ਸਨ। ਉਸੇ ਵਕਤ ਹੀ ਪ੍ਰਸਿੱਧ ਵਿਗਿਆਨੀ ਅਤੇ ਕੋਰਨਿਸ਼ਮੈਨ ਹਫਰੀ ਡੇਵੀ ਵੀ ਇਸ ਸੇਫਟੀਲੈਂਪ ਦੀ ਖੋਜ ਕਰ ਰਿਹਾ ਸੀ। ਆਪਣੇ ਵਿਗਿਆਨਕ ਗਿਆਨ ਦੀ ਘਾਟ ਦੇ ਬਾਵਜੂਦ ਜੋਰਜ਼ ਸਟੀਫਨਸਨ ਨੇ ਸੇਫਟੀਲੈਂਪ ਤਿਆਰ ਕਰ ਲਿਆ। ਹੰਫਰੀ ਡੇਵੀ ਦੇ ਰੋਆਇਲ ਸੋਸਾਇਟੀ ਨੂੰ ਸੇਫਟੀਲੈਂਪ ਬਾਰੇ ਦੱਸਣ ਤੋਂ ਇਕ ਮਹੀਨਾ ਪਹਿਲਾਂ ਜੋਰਜ਼ ਸਟੀਫਨਸਨ ਨੇ ਕਿਲਿੰਗਵਰਥ ਕੌਲਰੀ ਵਿਖੇ ਆਪਣੇ ਖੋਜੇ ਸੇਫਟੀ ਲੈਂਪ ਨੂੰ ਦੋ ਜਣਿਆਂ ਨੂੰ ਦਿਖਾਇਆ।

ਹੰਫਰੀ ਡੇਵੀ ਅਤੇ ਜੋਰਜ਼ ਸਟੀਫਨਸਨ ਦੇ ਸੇਫਟੀਲੈਂਪ ਬਣਤਰ ਵਿਚ ਇਕ ਦੂਜੇ ਨਾਲੋਂ ਵੱਖਰੇ ਸਨ। ਹੰਫਰੀ ਡੇਵੀ ਨੂੰ ਉਹਦੀ ਇਸ ਖੋਜ ਬਦਲੇ 2000 ਪੌਂਡ ਇਨਾਮ ਦਿੱਤਾ ਗਿਆ ਅਤੇ ਗ਼ਰੀਬ, ਘੱਟ ਪੜੇ ਲਿਖੇ ਜੋਰਜ਼ ਸਟੀਫਨਸਨ ਸਿਰ ਦੋਸ਼ ਮੜ੍ਹ ਦਿੱਤਾ ਗਿਆ ਕਿ ਉਹਨੇ ਸੇਫਟੀਲੈਂਪ ਦਾ ਵਿਚਾਰ ਹੰਫਰੀ ਡੇਵੀ ਤੋਂ ਚੋਰੀ ਕੀਤਾ ਹੈ। ਇਹ ਵੀ ਕਿ ਜੋਰਜ਼ ਦੀ ਘੱਟ ਪੜ੍ਹਾਈ ਲਿਖਾਈ ਹੋਣ ਕਰਕੇ ਉਹਨੂੰ ਵਿਗਿਆਨਕ ਢੰਗ ਤਰੀਕਿਆਂ ਦੀ ਕੀ ਜਾਣਕਾਰੀ ਹੋ ਸਕਦੀ ਹੈ।

ਜੋਰਜ਼ ਸਟੀਫਨਸਨ ਉੱਤਰ ਪੂਰਬ ਦੇ ਇਲਾਕੇ ਦਾ ਰਹਿਣ ਵਾਲਾ ਅਤੇ ਉਹਦਾ ਬੋਲਣ ਦਾ ਲਹਿਜ਼ਾ ਵੀ ਵੱਖਰਾ ਸੀ। ਉਹ ਐਹੋ ਜੇਹੀ ਲਹਿਜੇ ਵਾਲੀ ਅੰਗਰੇਜ਼ੀ ਨਹੀਂ ਸੀਬੋਲਦਾ ਜੋ ਬਰਤਾਨੀਆਂ ਦੀ ਪਾਰਲੀਮੈਂਟ ਵਿਚ ਬੋਲੀ ਜਾਂਦੀ ਸੀ, ਇਸ ਸਾਰੇ ਨੇ ਉਹਨੇ ਬੜਾ ਹੀਣਾ ਮਹਿਸਸ ਕਰਾਇਆ। ਇਸੇ ਗਲ ਨੇ ਜੋਰਜ ਨੂੰ ਮਹਿਸੂਸ ਕਰਾ ਦਿੱਤਾ ਕਿ ਉਹ ਆਪਣੇ ਬੇਟੇ ਰੋਬਰਟ ਨੂੰ ਪ੍ਰਾਈਵੇਟ ਸਕੂਲੇ ਪੜ੍ਹਾਵੇਗਾ ਜਿਥੇ ਉਹ ਪੜ੍ਹੇ ਲਿਖੇ ਲੋਕਾਂ ਵਾਂਗ ਅੰਗਰੇਜ਼ੀ ਲਿਖ ਅਤੇ ਬੋਲ ਸਕੇ। ਇਹ ਹੀ ਕਾਰਨ ਸੀ ਕਿ ਭਵਿੱਖ ਵਿੱਚਲੀਆਂ ਖੋਜਾਂ ਦੀ ਪੇਸ਼ਕਸ਼ ਲਈ ਪਾਰਲੀਮੈਂਟ, ਜੋਰਜ਼ ਦੀ ਬਜਾਏ ਰੋਬਰਟ ਦੀ ਗੱਲ ਨੂੰ ਤਰਜੀਹ ਦਿੱਤੀ ਸੀ।

'ਸੇਫਟੀਲੈਂਪ ਦੇ ਝਮੇਲੇ ਨੂੰ ਲੈ ਕੇ ਇਕ ਸਥਾਨਕ ਤਫ਼ਤੀਸ਼ ਕਮੇਟੀ ਜੋਰਜ਼ ਸਟੀਫਨਸਨ ਦੇ ਹੱਕ ਵਿਚ ਬਣਾਈ ਗਈ ਤਾਂ ਕਿ ਸਿੱਧ ਕੀਤਾ ਜਾ ਸਕੇ ਕਿ ਉਹਨੇ ਹੰਫਰੀ ਡੇਵੀ ਦੇ ਸੇਫਟੀਲੈਂਪ ਦੀ ਕੋਈ ਨਕਲ ਨਹੀਂ ਕੀਤੀ ਸਗੋਂ ਉਹਦੀ ਆਪਣੀ ਖੋਜ ਸੀ। ਇਸ ਕਮੇਟੀ ਨੇ ਉਹਨੂੰ 1000 ਪੌਂਡ ਇਨਾਮ ਦੇ ਦਿੱਤਾ ਪਰ ਹੰਫਰੀ ਡੇਵੀ ਅਤੇ ਉਹਦੇ ਹਿਮਾਇਤੀਆਂ ਕਮੇਟੀ ਦੀ ਕੀਤੀ ਤਫ਼ਤੀਸ਼ ਵਾਲੀ ਰੀਪੋਰਟ ਨੂੰ ਸਵੀਕਾਰਿਆ ਨਾ ਕਿ ਕਿਵੇਂ ਇਕ ਅਣਪੜ੍ਹ ਇਨਸਾਨ ਐਹੋ ਜੇਹੀ ਆਪਣੇ ਆਪ ਹੀ ਆਪਣੇ ਬਲਬੂਤੇ ਉਤੇ ਖੋਜ ਕਰ ਸਕਦਾ ਸੀ। 1833 ਵਿਚ ਹਾਊਸ ਔਫ ਕੋਮਨਜ਼ ਕਮੇਟੀ ਨੇ ਜੋਰਜ਼ ਸਟੀਫਨਸਨ ਦੀ ਖੋਜ ਨੂੰ ਸਵੀਕਾਰ ਕਰ ਲਿਆ। ਪਰ ਹੰਫਰੀ ਡੇਵੀ ਨੇ ਮਰਨ ਤਕ ਇਸ ਗਲ ਨੂੰ ਨਹੀਂ ਸੀ ਸਵੀਕਾਰਿਆ ਅਤੇ ਇਹ ਗਲ ਹੀ ਦੁਹਰਾਉਂਦਾ ਰਿਹਾ ਕਿ ਸਟੀਫਨਸਨ ਨੇ ਸੇਫਟੀ ਲੈਂਪ ਵਾਲੀ ਖੋਜ, ਉਹਦੀ ਖੋਜ ਤੋਂ ਚੋਰੀ ਕਰਕੇ ਕੀਤੀ ਸੀ। ਨੌਰਥ ਈਸਟ ਇੰਗਲੈਂਡ ਵਿਚ ਸਿਰਫ਼ ਜੋਰਜ਼ ਸਟੀਫਨਸਨ ਵਾਲੀ ਹੀ ਲੈਂਪ ਵਰਤ ਹੁੰਦੀ ਰਹੀ ਜਦੋਂ ਕਿ ਹਫਰੀ ਡੇਵੀ ਦੀ ਸੇਫਟੀ ਲੈਂਪ ਬਰਤਾਨੀਆਂ ਦੇ ਬਾਕੀ ਹਿੱਸਿਆਂ ਵਿਚ ਵਰਤੀ ਜਾਂਦੀ ਸੀ। ਇਸ ਸਾਰੀ ਖੱਜਲਖੁਆਰੀ ਨੇ ਜੋਰਜ਼ ਸਟੀਫਨਸਨ ਦਾ ਲੰਡਨ ਬੈਠੇ ਆਪਣੇ ਆਪ ਨੂੰ ਵਿਗਿਆਨ ਦੇ ਮਾਹਰਾਂ ਤੋਂ ਯਕੀਨ ਸਾਰੀ ਉਮਰ ਲਈ ਗੁਆ ਲਿਆ।

ਐਲ. ਟੀ. ਸੀ. ਰੋਲਟ (L.T.C. ROLT) ਨੇ ਆਪਣੀ ਕਿਤਾਬ 'ਜ਼ੋਰਜ਼ ਅਤੇ ਰੋਬਰਟ ਸਟੀਫਨਸਨ' ਵਿਚ ਲਿਖਿਆ ਹੈ ਕਿ ਹਫਰੀ ਡੇਵੀ ਦਾ ਲੈਂਪ ਜ਼ਿਆਦਾ ਰੋਸ਼ਨੀ ਦਿੰਦਾ ਸੀ। ਪਰ ਜੋਰਡੀਲੈਂਪ (GEORIDE LAMP) ਗੈਸਾਂ ਦੇ ਝੁਰਮਟ ਵਿਚ ਜ਼ਿਆਦਾ ਸੁਰੱਖਿਅਤ ਸੀ।

ਇਹ ਵੀ ਮੰਨਿਆ ਜਾਂਦਾ ਹੈ ਕਿ ਨੌਰਥ ਈਸਟ ਇੰਗਲੈਂਡ ਦੇ ਲੋਕਾਂ ਨੂੰ ਅਸਿੱਧੇ ਤੋਰ ਤੇ ਜੋਰਡੀਜ਼ (GEORDIES) ਨਾਮ ਜੋਰਜ਼ ਸਟੀਵਨਸਨ ਨੇ ਹੀ ਦਿੱਤਾ ਸੀ, ਇਸੇ ਕਰਕੇ ਉਹਦੇ ਸੇਫਟੀਲੈਂਪ ਨੂੰ ਜੋਰਡੀਲੈਂਪ (GEORDIE LAMP) ਕਿਹਾ ਜਾਂਦਾ ਸੀ। 1866 ਤਕ ਤਾਂ ਹਰ ਨਿਊਕੈਂਸਲ ਅਪਨ ਟਾਈਨ (NEW CASTLE UPON TYNE) ਦੇ ਵਸਨੀਕ ਨੂੰ ਜੋਰਡੀ (Geordie) ਕਿਹਾ ਜਾਣ ਲੱਗਾ।

ਭਾਪ ਵਾਲੇ ਇੰਜਣ ਦੀ ਅਸਲੀ ਖੋਜ 1802 ਵਿਚ ਕੌਰ ਨਿਸ਼ਮੇਨ ਰਿਚਰਡ ਟਰੀਵੀਥਿਕ (RICHARD

TREVITHICK) ਦੁਆਰਾ ਕੀਤੀ ਮੰਨੀ ਜਾਂਦੀ ਹੈ। 1802 ਵਿਚ ਜਦ ਉਹ ਟਾਈਨਸਾਈਟ ਗਿਆ ਤਾਂ ਕੋਇਲੇ ਦੀ ਖਾਣ ਦੇ ਮਾਲਕਾਂ ਲਈ ਇਕ ਇੰਜਣ ਤਿਆਰਕੀਤਾ। ਇਸ ਤੋਂ ਕਈ ਸਥਾਨਕ ਲੋਕਾਂ ਨੇ ਉਤਸ਼ਾਹ ਲੈ ਕੇ ਆਪਣੇ-ਆਪਣੇ ਇੰਜਣ ਤਿਆਰ ਕਰ ਲਏ।

ਜੌਰਜ਼ ਸਟੀਫਨਸਨ ਨੇ ਆਪਣਾ ਪਹਿਲਾ ਭਾਪ ਵਾਲਾ ਅਤੇ ਚੱਲਣ ਵਾਲਾ ਇੰਜਣ 1814 ਵਿਚ ਤਿਆਰ ਕੀਤਾ ਜੋ ਕਿਲਿੰਗਵਰਥ ਵੇਗਨਵੇਅ (KILLING WORTH WAGONWAY) ਵਿਖੇ ਕੋਇਲੇ ਨੂੰ ਇਕ ਥਾਂ ਤੋਂ ਦੂਜੀ ਥਾਂ ਲਿਜਾਣ ਲਈ ਵਰਤਿਆ ਜਾਂਦਾ ਸੀ। ਇਹ ਵੀ ਮੰਨਿਆ ਜਾਂਦਾ ਹੈ ਕਿ ਜੋਰਜ਼ ਸਟੀਫਨਸਨ ਦਾ ਇੰਜਣ 30 ਟਨ ਕੋਲਾ ਚਾਰ ਮੀਲ ਦੀ ਰਫ਼ਤਾਰ ਉਪਰ ਵੱਲ ਚੜ੍ਹਾਈ ਚੜ੍ਹ ਜਾਂਦਾ ਸੀ ਅਤੇ ਉਹਨੇ ਕਿਲਿੰਗਵਰਥ ਵਿਖੇ ਕੁੱਲ 16 ਇੰਜਣ ਤਿਆਰ ਕੀਤੇ ਸਨ। ਜਿਹਨਾਂ ਨੂੰ ਹੇਟਨ ਕੋਲਰੀ ਰੇਲਵੇ (HETTON COLLIERY RAILWAY) ਲਈ ਵਰਤਿਆ ਜਾਂਦਾ ਸੀ।

ਪਹਿਲਾ ਰੇਲਵੇ ਲਾਇਨ ਵਾਲਾ ਇੰਜਣ ਜਿਹਦੇ ਛੇ ਪਹੀਏ ਸਨ, 1817 ਵਿਚ ਤਿਆਰ ਕੀਤਾ, ਫਿਰ 1819 ਵਿਚ ਤਿਆਰ ਕੀਤਾ ਪਰ ਇਹ ਇੰਜਣ ਕਾਮਯਾਬ ਨਾ ਹੋਏ। ਉਸਨੂੰ ਆਰਥਿਕ ਤੌਰ ਤੇ ਇਸ ਕਰਕੇ ਵੀ ਕਾਫੀ ਘਾਟਾ ਪਿਆ ਕਿ ਉਹਨੇ ਆਪਣੇ ਇੰਜਣ ਦਾ ਪੇਟੈਂਟ ਨਹੀਂ ਸੀ ਕਰਾਇਆ। ਇਸ ਤੋਂ ਬਾਦ 1820 ਵਿਚ ਇੰਜਣ ਤਿਆਰ ਕੀਤਾ ਗਿਆ ਅਤੇ 1822 ਵਿਚ ਉਹਨੇ ਉਹ ਭਾਵ ਵਾਲਾ ਇੰਜਣ ਤਿਆਰ ਕੀਤਾ ਜਿਹਨੂੰ ਖਿੱਚਣ ਲਈ ਕਿਸੇ ਪਸ਼ੂ ਦੀ ਲੋੜ ਨਹੀਂ ਸੀ ਪੈਂਦੀ। 1821 ਵਿਚ ਪਾਰਲੀਮੈਂਟ ਨੇ ਬਿੱਲ ਪਾਸ ਕਰ ਦਿੱਤਾ ਕਿ ਸਟੋਕਟਨ ਅਤੇ ਡਾਰਲਿੰਗਨ 25 ਮੀਲ ਦੀ ਰੇਲਵੇ ਲਾਈਨ ਬਣਾ ਦਿੱਤੀ ਜਾਵੇ। ਜੋਰਜ਼ ਸਟੀਫਨਸਨ ਦੀ ਉਸ ਵੇਲੇ ਉਮਰ 18 ਸਾਲ ਸੀ। ਹੁਣ ਐਡਵਰਡਪੀਜ਼ (EDWARD PEASE) ਅਤੇ ਜੋਰਜ਼ ਸਟੀਫਨਸਨ ਨੇ ਇੰਜਣ ਬਣਾਉਣ ਵਾਲੀ ਕੰਪਨੀ ਨਿਊਕੈਸਲ ਵਿਖੇ ਖੋਲ੍ਹ ਲਈ ਅਤੇ ਉਹਦਾ ਨਾਮ "ਰੋਬਰਟ ਸਟੀਫਨਸਨ ਐਂਡ ਕੰਪਨੀ" ਰੱਖਿਆ ਗਿਆ।

ਜ਼ੋਰਜ਼ ਸਟੀਫਨਸਨ ਦੇ ਬੇਟੇ ਰੋਬਰਟ ਨੂੰ ਉਹਦਾ ਮੈਨੇਜਿੰਗ ਡਾਇਰੈਕਟਰ ਥਾਪ ਦਿੱਤਾ ਗਿਆ।

ਸਟੋਕਟਨ ਅਤੇ ਡਾਰਲਿੰਗਟਨ ਰੇਲਵੇ ਨੂੰ 27 ਸਤੰਬਰ 1825 ਨੂੰ ਚਾਲੂ ਕੀਤਾ ਗਿਆ ਜੋ 80 ਟਨ ਕੋਲੇ ਅਤੇ ਆਟੇ ਦੇ ਭਾਰ ਨੂੰ 9 ਮੀਲ ਦੇ ਫਾਸਲੇ ਨੂੰ 24 ਮੀਲ ਪ੍ਰਤੀ ਘੰਟੇ ਦੀ ਰਫ਼ਤਾਰ ਨਾਲ 2 ਘੰਟਿਆਂ ਵਿਚ ਬਿਨਾਂ ਰੁਕਾਵਟ ਦੇ ਤਹਿ ਕਰ ਸਕੀ। ਇਹ ਪਹਿਲੀ ਵਾਰ ਸੀ ਕਿ ਐਕਸਪੈਰੀਮੈਂਟ (EXPERIMENT) ਨਾਮ ਦੀ ਰੇਲਗੱਡੀ ਬਣਾਈ ਗਈ ਜਿਹਦੇ ਵਿਚ ਉਸ ਵੇਲੇ ਦੀਆਂ ਮੰਨੀਆਂ ਪ੍ਰਮੰਨੀਆਂ ਹਸਤੀਆਂ ਨੂੰ ਬਿਠਾਇਆ ਗਿਆ ਸੀ ਅਤੇ ਇਸ ਤਰ੍ਹਾਂ ਭਾਫ ਵਾਲੀ ਰੇਲ ਗੱਡੀ ਦੀ ਸ਼ੁਰੂਆਤ ਕੀਤੀ ਗਈ ਸੀ।

ਰੇਲਵੇ ਲਾਈਨ ਦੀ ਚੌੜਾਈ ਚਾਰ ਫੁੱਟ ਅਤੇ ਸਾਢੇ ਅੱਠ ਇੰਚ ਜੋਰਜ਼ ਸਟੀਫਨਸਨ ਦੁਆਰਾ ਖੋਜੀ ਗਈ ਸੀ ਅਤੇ ਇਸੇ ਨੂੰ ਹੀ ਬਰਤਾਨੀਆਂ ਅਤੇ ਦੁਨੀਆਂ ਦੇ ਦੇਸ਼ਾਂ ਵਿਚ ਸਵੀਕਾਰ ਕਰ ਲਿਆ ਗਿਆ ਸੀ।

ਲਿਵਰਪੂਲ ਅਤੇ ਮਾਨਚੈਸਟਰ ਰੇਲਵੇ ਗੱਡੀ ਸ਼ੁਰੂ ਕਰਨ ਵਿਚ ਕਈ ਤਰ੍ਹਾਂ ਦੀਆਂਮਸ਼ਕਿਲਾਂ ਆਈਆਂ ਸਨ ਅਤੇ ਬਹੁਤ ਸਾਰੇ ਲੋਕਾਂ ਨੇ ਰੇਲਵੇ ਲਾਈਨ ਬਣਾਉਣ ਲਈ ਅਰਜੀਆਂ ਦਿੱਤੀਆਂ ਸਨ। ਪਰ ਜੋਰਜ਼ ਸਟੀਵਨਸਨ ਨੇ "ਰੈਕਟ" ਨਾਮ ਦੀ ਅਰਜੀ ਪਾਈ ਅਤੇ ਇਸ ਵਿਚ ਸਫ਼ਲ ਹੋ ਗਿਆ ਸੀ।

1824 ਤੋਂ 1827 ਤੱਕ ਰੋਬਰਟ ਸਟੀਫਨਸਨ ਦੱਖਣੀ ਅਮਰੀਕਾ ਵਿੱਚ ਕੰਮ ਕਰ ਰਿਹਾ ਸੀ। ਪਰ ਆਪਣੇ ਬਾਪ ਜੋਰਜ਼ ਸਟੀਫਨਸਨ ਨਾਲ ਲਗਾਤਾਰ ਚਿੱਠੀਪੱਤਰ ਕਰ ਰਿਹਾ ਸੀ ਅਤੇ ਇਸ ਰੈਕਟ ਨਾਮ ਦੀ ਰੇਲਵੇ ਲਾਈਨ ਦੀ ਸਾਰੀ ਕਾਰਗੁਜ਼ਾਰੀ ਉਹਦੀ ਹੀ ਸੀ। ਇਸ ਰੇਲਵੇ ਲਾਈਨ ਦਾ ਉਦਘਾਟਨ 15 ਸਤੰਬਰ 1830 ਨੂੰ ਕੀਤਾ ਗਿਆ ਜਿਹਦੇ ਵਿਚ ਵੱਡੇ-ਵੱਡੇ ਵਿਉਪਾਰੀ, ਮੰਨੇ ਪ੍ਰਮੰਨੇ ਲੋਕ, ਮਨਿਸਟਰ, ਪ੍ਰਧਾਨ ਮੰਤਰੀ ਅਤੇ ਡਿਊਕ ਔਫ ਵਾਲਿੰਗਟਨ ਵੀ ਸ਼ਾਮਲ ਸੀ। ਉਸ ਦਿਨ ਇਹ ਕਾਫ਼ਲਾ ਲਿਵਰਪੂਲ ਤੋਂ ਅੱਠ ਰੇਲ ਗੱਡੀਆਂ ਨਾਲ ਸ਼ੁਰੂ ਹੋਇਆ। ਜੋਰਜ਼ ਸਟੀਫਨਸਨ ਅਤੇ ਉਹਦਾ ਬੇਟਾ ਰੋਬਰਟ ਇਸ ਕਾਫ਼ਲੇ ਦੇ ਮੋਹਰੀ ਸਨ।

ਨੌਰਥਸਬਰੀਅਨ ਰੇਲ ਨੂੰ ਜੋਰਜ਼ ਸਟੀਫਨਸਨ ਚਲਾ ਰਿਹਾ ਸੀ। ਵੀਨੈਕਸ ਨੂੰ ਉਹਦਾ ਬੇਟਾ ਰੋਬਰਟ।

ਇਸ ਸਾਰੇ ਨੇ ਜੋਰਜ਼ ਸਟੀਫਨਸਨ ਨੂੰ ਸ਼ੋਹਰਤ ਦੀਆਂ ਬੁਲੰਦੀਆਂ ਉਪਰ ਪਹੁੰਚਾ ਦਿੱਤਾ। ਜੋਰਜ਼ ਸਟੀਫਨਸਨ ਨੂੰ ਚੀਫ਼

ਇੰਜੀਨੀਅਰ ਬਣਾ ਦਿੱਤਾ ਗਿਆ ਕਿ ਉਹ ਹੋਰ ਰੇਲਵੇ ਲਾਈਨਾਂ ਤਿਆਰ ਕਰੇ।

1830 ਵਿਚ ਸਕਿਊ ਬਰਿੱਜ ਨੂੰ ਰੇਨਹਿੱਲ (RAINHILL) ਵਿਖੇ ਖੋਹਲਿਆ ਗਿਆ ਜੋ ਕਿ ਇਕ ਕੂਹਣੀ ਮੋੜ ਵਾਲੀ ਰੇਲਵੇ ਲਾਈਨ ਸੀ, ਇਹਨੂੰ ਹੁਣ ਵੀ ਰੇਨਹਿੱਲ ਸਟੇਸ਼ਨ ਕਿਹਾ ਜਾਂਦਾ ਹੈ ਅਤੇ ਇਸ ਲਿਵਰਪੂਲ ਵਿਖੇ ਪੁੱਲ ਦੇ ਉਪਰੋਂ 157 (ਵਾਰਿੰਗਨ ਰੋਡ) ਦਾ ਇਸਤੇਮਾਲ ਕੀਤਾ ਜਾਂਦਾ ਹੈ।

1830 ਵਿਚ ਜੋਰਜ਼ ਸਟੀਫਨਸਨ ਅਲਟਨ ਗਰੇਂਜ਼ (ALTON GRANGE) ਚਲਾ ਗਿਆ ਜੋ ਕਿ ਹੁਣ ਰੇਵਨਸਟੋਨ ਦਾ ਇੱਕ ਹਿੱਸਾ ਹੈ ਜੋ ਕਿ ਲੈਸਟਰਸ਼ਾਇਰ ਵਿਚ ਪੈਂਦਾ ਹੈ। ਜੋਰਜ਼ ਨੂੰ ਰੇਲਵੇ ਲਿੰਕ ਜੋੜਨ ਲਈ ਆਰਥਿਕ ਤੌਰ ਤੇ ਕਾਫ਼ੀ ਮੁਸ਼ਕਲਾਂ ਆਈਆਂ। ਆਖਿਰ ਵਿਚ ਉਹਨੇ ਆਪਣੇ ਕੋਲੋਂ 2500 ਪੌਂਡ ਪਾਇਆ ਅਤੇ ਬਾਕੀ ਰਕਮ ਜਾਣਦੇ ਲੋਕਾਂ ਤੋਂ ਲੈ ਕੇ 1832 ਵਿਚ ਰੇਲਵੇ ਲਾਈਨ ਖੋਹਲ ਦਿੱਤੀ। ਇਸੇ ਵਕਤ ਸਨਿਬਸਟਨ ਇਸਟੇਟ ਦੀ ਬੋਲੀ ਲੱਗ ਗਈ ਤਾਂ ਉਹਨੇ ਇਹਨੂੰ ਖਰੀਦ ਲਿਆ ਅਤੇ ਬਾਅਦ ਵਿਚ ਇਥੇ ਵੀ ਰੇਲਵੇ ਲਾਈਨ ਬਣਾ ਕੇ ਲੈਸਟਰ ਨਾਲ ਜੋੜ ਦਿੱਤਾ। ਇਸ ਤਰ੍ਹਾਂ ਲੈਸਟਰ ਨੂੰ 40000 ਪੌਂਡਾਂ ਦਾ ਹਰ ਸਾਲ ਫਾਇਦਾ ਹੋਣ ਲੱਗ ਪਿਆ ਸੀ। ਜਦੋਂ ਕਿ ਪਹਿਲਾਂ ਨਹਿਰਾਂ ਰਾਹੀਂ ਕੋਲੇ ਨੂੰ ਲਿਆਂਦਾ ਜਾਂਦਾ ਸੀ। ਜੋਰਜ਼ ਸਟੀਫਨਸਨ ਦੀ ਕਾਮਯਾਬੀ ਦੇ ਥਾਂ-ਥਾਂ ਉੱਤੇ ਚਰਚੇ ਹੋਣ ਲੱਗੇ। ਇਹ ਅਲਟਨ ਗਰੇਂਜ 1838 ਤੱਕ ਰਿਹਾ। ਇਸ ਤੋਂ ਬਾਅਦ ਉਹ ਟੈਪਟਨ ਹਾਊਸ (TAPTON HOUSE) ਡਰਬੀ ਸ਼ਾਇਰ ਚਲਾ ਗਿਆ। ਅਗਲੇ 10 ਸਾਲ ਉਹ ਬਹੁਤ ਜ਼ਿਆਦਾ ਰੁੱਝਾ ਰਿਹਾ। ਅਮਰੀਕਨ ਕੰਪਨੀਆਂ ਅਤੇਬਰਤਾਨੀਆਂ ਵਿਚ ਵੀ ਉਹਦੀ ਮੰਗ ਵੱਧਣ ਲੱਗੀ। ਉਹਨੂੰ ਐਨਾ ਜ਼ਿਆਦਾ ਕੰਮ ਮਿਲਣ ਲੱਗ ਪਿਆ ਕਿ ਗਲ ਉਹਦੇ ਵੱਸੋਂ ਬਾਹਰੋਂ ਹੋਣ ਲੱਗ ਪਈ। ਇਸੇ ਕਰਕੇ ਉਹਨੇ ਕਈ ਕੰਪਨੀਆਂ ਨੂੰ ਤਾਂ ਜੁਆਬ ਦੇਣੇ ਸ਼ੁਰੂ ਕਰ ਦਿੱਤੇ। ਉਹਦਾ ਨਾਮ ਵਿੱਕਦਾ ਸੀ ਅਤੇ ਉਹਦੇ ਸ਼ਰੀਕਾਂ ਕੋਲ ਲੋਕ ਨਹੀਂ ਸਨ ਜਾਂਦੇ। ਉਹਨੂੰ 1847 ਵਿਚ ਇਨਸਟੀਟਿਊਸ਼ਨ ਔਫ ਮੈਕੇਨਿਕਲ ਇੰਜੀਨਿਅਰਜ਼ (INSITITUTION OF MECHANICAL ENGINEERS) ਦਾ ਪਹਿਲਾ ਪ੍ਰਧਾਨ ਬਣਾਇਆ ਗਿਆ। ਹੁਣ ਉਹ ਇਕ ਕਿਸਮ ਦਾ ਅੱਧ ਪਚੱਦਾ ਰੀਟਾਇਰ ਹੋ ਗਿਆ ਸੀ।

ਜੋਰਜ਼ ਸਟੀਫਨਸਨ ਦੀ ਜਾਤੀ ਜ਼ਿੰਦਗੀ ਵਿਚ ਕਈ ਘੋੜ-ਮੋੜ ਆਏ। ਪਹਿਲਾਂ ਉਹਨੇ ਇਕ ਕਿਸਾਨ ਦੀ ਕੁੜੀ ਉਤੇ ਡੋਰੇ ਪਾਏ ਪਰ ਉਹਦੇ ਬਾਪ ਨੇ ਇਸ ਕਰਕੇ ਆਪਣੀ ਬੇਟੀ ਦਾ ਵਿਆਹ ਜੋਰਜ਼ ਸਟੀਫਨਸਨ ਨਾਲ ਕਰਨ ਤੋਂ ਇਨਕਾਰ ਕਰ ਦਿੱਤਾ ਕਿ ਉਹ ਇਕ ਕੋਲੇ ਦੀ ਖਾਣ ਵਿਚ ਕੰਮ ਕਰਨ ਵਾਲੇ ਦਾ ਪੁੱਤਰ ਸੀ। ਇਸ ਤੋਂ ਬਾਦ ਜਿਥੇ ਉਹ ਕਿਰਾਏ ਉਪਰ ਰਹਿੰਦਾ ਸੀ ਤਾਂ ਮਕਾਨ ਮਾਲਕ ਦੀ ਲੜਕੀ ਨਾਲ ਪੇਚਾ ਪਾਉਣ ਦੀ ਕੋਸ਼ਿਸ਼ ਕੀਤੀ ਪਰ ਉਹਨੇ ਸਬੰਧ ਬਣਾਉਣ ਤੋਂ ਇਨਕਾਰ ਕਰ ਦਿੱਤਾ। ਹੁਣ ਜੋਰਜ ਨੇ ਉਹਦੀ ਵੱਡੀ ਭੈਣ ਤੋਂ 10 ਸਾਲ ਛੋਟੀ ਭੈਣ ਫਰਾਂਸਿਸ ਨਾਲ ਪੇਚਾ ਪਾ ਲਿਆ ਅਤੇ ਜੇਹਦੇ ਨਾਲ ਉਹਨੇ 28 ਨਵੰਬਰ 1802 ਵਿਚ ਨਿਊਬਰਕ ਚਰਚ ਵਿਖੇ ਵਿਆਹ ਕਰਵਾ ਲਿਆ। ਆਪਣੀ ਪਤਨੀ ਦੀ ਮੌਤ ਤੋਂ ਬਾਦ ਜੋਰਜ਼ ਨੇ 29 ਮਾਰਚ 1820 ਨੂੰ ਬੇਟੀ ਹਿੰਡਮਾਰਸ਼ (BETTY HINDMARSH) ਨਾਲ ਵਿਆਹ ਕਰਵਾ ਲਿਆ ਪਰ ਉਹਨਾਂ ਦੇ ਕੋਈ ਔਲਾਦ ਨਾ ਹੋਈ। ਬੈਟੀ ਦੀ 3 ਅਗਸਤ 1845 ਨੂੰ ਮੌਤ ਹੋ ਗਈ।

ਜਰਜ਼ ਨੇ ਤੀਸਰਾ ਵਿਆਹ ਕਿਸਾਨ ਦੀ ਬੇਟੀ ਐਲਨ ਗਰੇਗਾਰੀ (ELLEN GRE GORY) ਨਾਲ 11 ਜਨਵਰੀ 1848 ਨੂੰ ਸੈਂਟ ਜ਼ੋਹਨਜ਼ ਚਰਚ ਸਰਿਉਜ਼ਬਰੀ ਵਿਖੇ ਕਰਵਾਇਆ। ਬੇਟੀ ਉਹਦੇ ਘਰ ਦਾ ਕੰਮ ਕਰਿਆ ਕਰਦੀ ਸੀ। ਵਿਆਹ ਤੋਂ 7 ਮਹੀਨਿਆਂ ਬਾਦ ਹੀ ਉਹਨੂੰ (PLEURISY) ਪਲਿਊਰਿਸੀ ਦੀ ਬੀਮਾਰੀ ਆ ਚੰਬੜੀ ਅਤੇ ਉਹ 67 ਸਾਲ ਦੀ ਉਮਰ ਭੋਗ ਕੇ ਦੁਪਿਹਰ ਵੇਲੇ 12 ਅਗਸਤ 1848 ਨੂੰ ਟੇਪਟਨ ਹਾਊਸ ਚੈਸਟਰਫੀਲਡ ਡਰਬੀਸ਼ਾਇਰ ਵਿਖੇ ਸਾਨੂੰ ਸਦਾ ਲਈ ਛੱਡ ਕੇ ਚਲਾ ਗਿਆ। ਉਹਨੂੰ ਆਪਣੀ ਦੂਜੀ ਪਤਨੀ ਦੀ ਕਬਰ ਦੇ ਨਾਲ ਹੀ ਹੋਲੀ ਟਰਿਨਟੀ ਚਰਚ ਚੈਸਟਰਫੀਲਡ ਵਿਖੇ ਦਫਨਾ ਦਿੱਤਾ ਗਿਆ।

ਦੱਸਿਆ ਜਾਂਦਾ ਹੈ ਕਿ ਜੋਰਜ਼ ਸਟੀਫਨਸਨ ਬਹੁਤ ਜ਼ਿਆਦਾ ਦਿਆਲੂ ਸੀ। ਉਹਨੇ ਆਪਣੀਆਂ ਪਤਨੀਆਂ ਦੇ ਪਰਿਵਾਰਾਂ ਤੋਂ ਬਿਨਾਂ ਉਹਨਾਂ ਪਰਵਾਰਾਂ ਦੀ ਵੀ ਆਰਥਿਕ ਤੌਰ ਤੇ ਬਹੁਤ ਮੱਦਦ ਕੀਤੀ ਜੋ ਉਹਦੀ ਕੰਪਨੀ ਵਿਚ ਕੰਮ ਕਰਨ ਵਾਲੇ ਕਾਮੇ, ਦੁਰਘਟਨਾ ਵਸ ਮਰ ਜਾਂਦੇ ਸਨ ਜਾਂ ਉਹਨਾਂ ਦੇ ਹਾਲਾਤ

ਮਾੜੇ ਸਨ। ਉਹਨੂੰ ਸਾਰੀ ਜ਼ਿੰਦਗੀ ਫੁੱਲ ਬੂਟੇ ਅਤੇ ਫਲ ਉਗਾਉਣ ਦਾ ਬੜਾ ਸ਼ੌਕ ਸੀ ਅਤੇ ਇਸ ਵਿਚ ਉਹਨੇ ਪਹਿਲੇ ਇਨਾਮ ਵੀ ਜਿੱਤੇ ਸਨ। ਜੋਰਜ਼ ਸਟੀਫਨਸਨ ਦਾ ਬੇਟਾ ਰੋਬਰਟ 16 ਅਕਤੂਬਰ 1803 ਨੂੰ ਜੰਮਿਆ ਸੀ ਅਤੇ ਉਹਦਾ ਵਿਆਹ 17 ਜੂਨ 1829 ਨੂੰ ਸਿਟੀ ਔਫ ਲੰਡਨ ਪ੍ਰੋਫ਼ੈਸ਼ਨਲ ਜ਼ੋਹਨ ਸੈਂਡਰਸਨ ਦੀ ਬੇਟੀ ਫਰਾਂਸਿਸ ਸੈਂਡਰਸਨ ਨਾਲ ਹੋਇਆ ਸੀ। ਪਰ ਉਹਨਾਂ ਦੇ ਕੋਈ ਔਲਾਦ ਨਾ ਹੋਈ ਅਤੇ ਰੋਬਰਟ ਦੀ 1859 ਵਿਚ ਮੌਤ ਹੋ ਗਈ। ਰੋਬਰਟ ਸਟੀਫਨਸਨ ਨੇ ਆਪਣੇ ਬਾਪ ਦੇ ਕੰਮ ਨੂੰ ਕਾਫ਼ੀ ਜ਼ਿਆਦਾ ਵਧਾਇਆ ਸੀ ਅਤੇ ਬਰਤਾਨੀਆਂ ਤੋਂ ਬਾਹਰ ਐਲਗਜੈਂਡਰੀਆ-ਕਾਇਰੋ ਰੇਲਵੇ ਲਾਈਨ ਜੋ ਸ਼ੁਐਜ਼ ਕੈਨਾਲ (SUEZ CANAL) ਨਾਲ ਜਾ ਕੇ ਜੁੜਦੀ ਹੈ। ਉਹਦੇ ਬਣਾਉਣ ਵਿਚ ਰੋਬਰਟ ਦਾ ਹਿੱਸਾ ਸੀ।

ਜੋਰਜ਼ ਸਟੀਫਨਸਨ ਦੀ ਰੇਲਵੇ ਦੀ ਦੇਣ ਨੇ ਬਰਤਾਨੀਆਂ ਦਾ ਦੇਸ਼ ਵਿਦੇਸ਼ ਵਿਚ ਬਹੁਤ ਜ਼ਿਆਦਾ ਨਾਮ ਉੱਚਾ ਕੀਤਾ ਅਤੇ ਬਰਤਾਨੀਆਂ ਵਿਚ ਇੰਡਸਟਰੀਅਲ ਰੇਵੂਲੂਸ਼ਨ (INDUSTRIAL REVOLUTION) ਇਨਸਾਨਾਂ ਬਾਰੇ ਜਦ ਵੋਟਿੰਗ ਕਰਾਈ ਤਾਂ ਉਹਨੂੰ 65ਵਾਂ ਸਥਾਨ ਦਿੱਤਾ ਗਿਆ। ਇਹ ਵੀ ਸਲਾਹਾਂ ਦਿੱਤੀਆਂ ਗਈਆਂ ਸਨ ਕਿ ਸਤਿਕਾਰ ਵਜੋਂ ਉਹਦੇ ਮ੍ਰਿਤਕ ਸਰੀਰ ਨੂੰ ਵੈਸਟਮਿਨਸਟਰ ਐਬੀ ਵਿਖੇ ਲਿਜਾਇਆ ਜਾਵੇ ਪਰ ਉਹਦੇ ਜਨਮ ਦੀ 100 ਸਾਲਾ ਸ਼ਤਾਬਦੀ 1881 ਵਿਚ ਕ੍ਰਿਸਟਲ ਪੈਲੇਸ ਵਿਖੇ ਮਨਾਈ ਗਈ ਸੀ ਜਿਥੇ 15000 ਲੋਕਾਂ ਦਾ ਇਕੱਠ ਹੋਇਆ ਸੀ। 1990 ਤੋਂ 2003 ਤੱਕ ਪੰਜ ਪੌਂਡ ਦੇ ਨੋਟ ਉੱਪਰ ਜੋਰਜ਼ ਸਟੀਫਨਸਨ ਦੀ ਫੋਟੋ ਛਾਪੀ ਗਈ ਸੀ। ਨੌਰਥ ਸ਼ੀਲਡਜ਼ ਵਿਖੇ ਸਟੀਵਨਸਨ ਰੇਲਵੇ ਮਿਊਜ਼ਮ, ਜੋਰਜ਼ ਅਤੇ ਉਹਦੇ ਬੇਟੇ ਰੋਬਰਟ ਨੂੰ ਸਮਰਪਤ ਕੀਤਾ ਗਿਆ ਹੈ।

ਜੋਰਜ਼ ਸਟੀਫਨਸਨ ਦੇ ਜਨਮ ਵਾਲੇ ਪਿੰਡ ਦੇ ਘਰ ਨੂੰ ਅਠਾਰਵੀਂ ਸਦੀ ਦਾ ਹਿਸਟੋਰਿਕ ਹਾਊਸ ਮਿਊਜ਼ਮ (Historic House Museum) ਬਣਾ ਦਿੱਤਾ ਗਿਆ ਹੈ। ਉਹ ਪਿੰਡ ਵਈਲਮ (WYLAM) ਵਿਖੇ ਹੈ ਜੇਹਨੂੰ ਨੈਸ਼ਨਲ ਟਰੱਸਟ ਚਲਾ ਰਿਹਾ ਹੈ। ਇਹ ਪਿੰਡ ਵਾਲਾ ਉਹਦਾ ਘਰ ਉਸੇ ਤਰ੍ਹਾਂ ਸਾਂਭ ਕੇ ਰੱਖਿਆ ਗਿਆ ਹੈ ਪਰ ਅੱਜ ਕੱਲ ਮਿਊਜ਼ਮ ਬੰਦ ਹੈ। ਚੈਸਟਰਫੀਲਡ ਵਿਖੇ ਚੈਸਟਰਫੀਲਡ ਮਿਊਜ਼ਮ ਡਰਬੀਸ਼ਾਇਰ, ਵਿਖੇ ਗੈਲਰੀ ਵਿਚ ਸਟੀਫਨਸਨ ਦੀਆਂ ਯਾਦਾਂ ਸਾਂਭੀਆਂ ਪਈਆਂ ਹਨ ਜਿਹਦੇ ਵਿਚ ਸ਼ੀਸ਼ੇ ਦੀਆਂ ਮੋਟੀਆਂ ਟਿਊਬਾਂ ਵੀ ਹਨ ਜੋ ਉਹਨੇ ਖੋਜੀਆਂ ਸਨ ਜੇਹਨਾਂ ਨਾਲ ਸਿੱਧੇ ਕੂਕੰਮਬਰਜ਼ (Cucumbers) ਯਾਨਿ ਤਰਾਂ ਕਕੜੀ ਉਗਾਏ ਜਾਂਦੇ ਹਨ। ਲਿਵਰਪੂਲ ਵਿਖੇ ਜਿਥੇ ਉਹ 34 ਅੱਪਰ ਪਾਰਲੀਆਮੈਂਟ ਸਟਰੀਟ ਵਿਚ ਰਹਿੰਦਾ ਸੀ, ਦੇ ਦਰਵਾਜ਼ੇ ਦੇ ਬਾਹਰ ਸਿਟੀ ਔਰ ਲਿਵਰਪੂਲ ਹੈਰੀਟੇਜ਼ ਪਲੈਕ (Plaque) ਲਗਾਈ ਗਈ ਹੈ।

2001 ਵਿਚ ਯੂਨੀਵਰਸਿਟੀ ਔਫ ਡਰਹਮ ਨੇ ਉਹਦੇ ਨਾਮ ਨੂੰ ਜੋਰਜ਼ ਸਟੀਫਨਸਨ ਕਾਲਜ਼ ਸਮਰਪਤ ਕੀਤਾ ਹੈ। ਕਿਲਿੰਗਵਰਥ ਵਿਖੇ ਜੋਰਜ਼ ਸਟੀਫਨਸਨ ਹਾਈ ਸਕੂਲ ਉਹਨੂੰ ਅਤੇ ਉਹਦੇ ਬੇਟੇ ਰੋਬਰਟ ਨੂੰ ਸਮਰਪਤ ਕੀਤਾ ਗਿਆ ਹੈ। ਇਸ ਤੋਂ ਬਿਨਾ ਸਟੀਫਨਸਨ ਮੈਮੋਰੀਅਲ ਪ੍ਰਾਇਮਰੀ ਸਕੂਲ ਹੌਵਡਨ (HOWDON) ਵਿਚ, ਨੌਰਥ ਸ਼ੀਲਡਜ਼ ਵਿਚਸਟੀਫਨਸਨ ਰੇਲਵੇ ਮਿਊਜ਼ਮ ਅਤੇ ਸਟੀਫਨਸਨ ਲੋਕੋਮੋਟਿਵ ਸੋਸਾਇਟੀ ਉਹਨੂੰ ਸਮਰਪਤ ਕੀਤੀ ਗਈ ਹੈ। ਬਿਊਮੈਂਟ ਹਿੱਲ ਸਕੂਲ ਡਾਰਲਿੰਗਨ ਵਿਚ ਸਟੀਫਨਸਨ ਸੈਂਟਰ ਉਹਦੇ ਨਾਮ ਤੇ ਖੋਹਲਿਆ ਗਿਆ ਹੈ। ਚੈਸਟਰਫੀਲਡ ਕਾਲਜ ਵਿਚ ਟੇਪਟਨ ਹਾਊਸ ਕੈਂਪਸ ਉਹਨੂੰ ਸਮਰਪਿਤ ਕੀਤਾ ਗਿਆ ਹੈ ਜੋ ਕਿ ਉਹਦੇ ਟੇਪਟਨ ਵਿਚਲੇ ਘਰ ਨਾਲ ਸਬੰਧਤ ਸੀ।

28 ਅਕਤੂਬਰ 2005 ਨੂੰ ਚੈਸਟਰਫੀਲਡ ਰੇਲਵੇ ਸਟੇਸ਼ਨ ਤੇ ਉਹਦਾ ਬਰੌਂਜ਼ (BRONZE) ਕਾਂਸੀ ਦਾ ਬੁੱਤ ਲਾਇਆ ਗਿਆ। ਨੇਵਿਲ ਸਟਰੀਟ ਨਿਊਕੇਸਲ ਵਿਖੇ ਵੀ ਉਹਦਾ ਬੁੱਤ ਲਾਇਆ ਗਿਆ ਹੈ। ਜੋਰਜ਼ ਸਟੀਫਨਸਨ ਨੂੰ ਟੀ.ਵੀ. ਸੀਰੀਜ਼ "DOCTOR WHO" 1985 ਦੇ' "HE MARK OF "HE RANI' GAWN GRAINGER। Harry TURTLEDOVEÓS ALTERNATE HISTORY ਦੀ ਕਹਾਣੀ THE IRON ELEMENT ਉਹਨੂੰ ਸਮਰਪਤ ਕੀਤੀ ਗਈ ਹੈ।

ਇਹ ਪਿਰਤਾਂ ਇਹਨਾਂ ਲੋਕਾਂ ਤੋਂ ਸਿੱਖਣ ਵਾਲੀਆਂ ਹਨ ਕਿ ਇਹ ਲੋਕ ਆਪਣੇ ਵਿਗਿਆਨੀਆਂ ਦਾ ਕਿਨਾਂ ਸਤਿਕਾਰ ਕਰਦੇ ਹਨ।

***

# ਪੈੜ ਜਗੀਰੋ ਦੀ



**ਸੰਤ ਸਿੰਘ ਸੰਧੂ**

| | | |
|---|---|---|
| ਪੰਜਾਬ | – | ਕਾਦਰਯਾਰ ਕਹਿੰਦਾ ਪੂਰਨ ਭਗਤ ਅੱਗੋਂ, ਰਾਜਾ ਮਾਂ ਝੂਠੀ ਪੁੱਤਰ ਦੋਸ਼ ਨਹੀਂ |
| ਪੁਤਿਨ | – | ਤੇਰੇ ਬੋਤੇ ਨੂੰ ਗੁਆਰੇ ਦੀਆਂ ਫਲੀਆਂ, ਤੈਨੂੰ ਵੀਰਾ ਦੁੱਧ ਦਾ ਛੰਨਾ। |
| ਬਾਬਾ ਨਜ਼ਮੀ | – | ਸੱਸ ਮੇਰੀ ਨਿੱਤ ਪੁੱਛਦੀ, ਤੇਰਾ ਬਾਪੂ ਕਦੇ ਨਹੀਂ ਆਇਆ। |
| ਨੀਲਾ ਤਾਰਾ | – | ਕਾਦਰਯਾਰ ਸਲਵਾਨ ਨੂੰ ਯਾਦ ਆਇਆ, ਕੀਤੇ ਆਪਣੇ ਦੇ ਉਤੇ ਰੋਣ ਲੱਗਾ। |
| ਪੰਜਾਬੀ ਸੱਥ ਵਾਲਸਲ | – | ਚਾਰ ਚਿਰਾਗ ਤੇਰੇ ਬਲਣ ਹਮੇਸ਼ਾ, ਪੰਜਵਾਂ ਜਗੌਣ ਮੈਂ ਆਈ ਹਾਂ। |
| ਟ੍ਰੰਪ | – | ਪੱਟੂ ਫਿਰਦਾ ਸ਼ਰਾਬ ਨਾਲ ਰੱਜਿਆ, ਕੱਲ੍ਹ ਝੁੱਗੀਆਂ ਦੇ ਵਿੱਚ ਆ ਗੱਜਿਆ ਨੀਂ |
| ਪੱਛਮੀ ਪੰਜਾਬ | – | ਸਤਲੁਜ ਜਦੋਂ ਦਾ ਵਿੱਛੜਿਆ, ਮੱਠੀ ਹੋਈ ਝਨਾਂ ਦੀ ਤੋਰ ਹੈ। |
| ਬੀਜ ਬਿੱਲ | – | ਤੇਰੀ ਤੋੜ ਕੇ ਛਡਣਗੇ ਗਾਨੀ, ਵੱਸ ਪੈ ਗਈ ਅੜਬਾਂ ਦੇ। |
| ਕੇਜਰੀਵਾਲ | – | ਨਾਲੇ ਸਾਡਾ ਦੁੱਧ ਪੀ ਗਿਆ, ਨਾਲੇ ਭੰਨਿਆ ਗਿਲਾਸ ਬਲੌਰੀ। |
| ਪ੍ਰਵਾਸ | – | ਦਿਨੇ ਸਾਹਮਣੇ ਪਿੰਡ ਦਾ ਰਾਹ ਤੱਕਦਾ, ਰਾਤੀਂ ਗਿਣੇ ਤਾਰੇ ਹੀਰ ਹੀਰ ਕਰਦਾ। |
| ਜਗੀਰ ਕੌਰ | – | ਕਿਕਰਾਂ ਨੂੰ ਪਾ ਲੈ ਜੱਫਾ, ਤੈਨੂੰ ਸਹੇਲੀਆਂ ਮਿਲਣ ਨਾ ਆਈਆਂ। |
| ਰਵਨੀਤ ਬਿੱਟੂ | – | ਪਹਾੜਾ ਸਿੰਘ ਸੀ ਯਾਰ ਫਰੰਗੀਆਂ ਦਾ, ਸਿੰਘਾਂ ਨਾਲ ਸੀ ਉਸਦੀ ਗੈਰਸਾਲੀ। |
| ਨਵਜੋਤ ਕੌਰ ਸਿੱਧੂ | – | ਜਿਵੇਂ ਹਰਨੀਆਂ ਡਰਦੀਆਂ ਫਾਹੀਆਂ ਤੋਂ, ਉਵੇਂ ਖੇੜੇ ਵੇਖ ਲੱਜਾਵਨੀ ਹਾਂ। |
| ਗਿਆਨੀ ਹਰਪ੍ਰੀਤ ਸਿੰਘ | – | ਕੱਲ੍ਹ ਦਾ ਰੁੱਸਿਆ ਫਿਰੇ, ਕੀ ਚੌਲ਼ਾਂ ਦੀ ਬੁਰਕੀ। |
| ਰਵਿੰਦਰ ਸਹਿਰਾਅ | – | ਉਹ ਮੇਰਾ ਵੀਰ ਕੁੜੀਓ, ਕੰਨੀਂ ਨੱਤੀਆਂ ਸੰਧੂਰੀ ਸਿਰ ਸਾਫ਼ਾ। |
| ਮੋਤਾ ਸਿੰਘ ਸਰਾਏ | – | ਰੂਹ ਦਾ ਖੂਹ ਭਰਿਆ, ਜਿੱਥੋਂ ਪਾਣੀ ਭਰਨ ਮੁਟਿਆਰਾਂ। |
| ਫੈਸ਼ਨ ਦੌੜ | – | ਟੇਡੇ ਚੀਰ ਕੱਢਦੀ, ਹੁਣ ਭਰ ਕੁੜੀਏ ਜ਼ੁਰਮਾਨਾ। |
| ਕਿਸਾਨ ਮੋਰਚੇ | – | ਜੀਊਣਾ ਮੌੜ ਵੱਢਿਆ ਨਾ ਜਾਵੇ, ਛਵੀਆਂ ਦੇ ਘੁੰਡ ਮੁੜ ਗਏ। |
| ਹਰਮੇਸ਼ ਕੌਰ ਜੋਧੇ | – | ਧਮਕ ਜਲੰਧਰ ਪੈਂਦੀ, ਨੱਚਦੀ ਲੁਧਿਆਣੇ। |
| ਸੰਤਾਲੀ ਵੰਡ | – | ਸੱਸੀਏ ਬੇਖ਼ਬਰੇ, ਤੇਰਾ ਲੁੱਟਿਆ ਸ਼ਹਿਰ ਭੰਬੋਰ। |
| ਬਿਆਸ | – | ਵਾਰਿਸ ਸ਼ਾਹ ਕ੍ਰਿਸਾਨ ਜਿਓਂ ਹੋਣ ਰਾਜ਼ੀ, ਮੀਂਹ ਔੜ ਦੇ ਦਿਨਾਂ ਵਿੱਚ ਵਸਿਆ ਈ। |
| ਅਕਾਲੀ ਦਲ | – | ਵਾਰਿਸ ਸ਼ਾਹ ਹੁਣ ਬਣੀ ਹੈ ਬਹੁਤ ਔਖੀ, ਅੱਗੇ ਦਿੱਸਦਾ ਕਹਿਰ ਕਲਹੂਰ ਹੈ ਜੀ। |
| ਤਾਨਾਸ਼ਾਹੀ | – | ਵਾਰਿਸ ਸ਼ਾਹ ਜੇ ਮੰਗ ਲੈ ਗਏ ਖੇੜੇ, ਦਾੜ੍ਹੀ ਪਰ੍ਹੇ ਦੇ ਵਿਚ ਮੁਨਾਵਣੀ ਜੀ। |

ਤਲਵੰਡੀ ਸਲੇਮ (ਜਲੰਧਰ)
97794-79169


ਨਾ ਕੋ ਬੈਰੀ ਨਹੀ ਬਿਗਾਨਾ
(ਜੀਵਨੀ ਅੰਸ਼ ਭਾਈ ਘਨੱਈਆ ਜੀ)
ਬੂਟਾ ਸਿੰਘ ਪੰਡੋਰੀ


ਸੁਲਤਾਨਪੁਰ ਲੋਧੀ
ਦੂਜਾ ਨਨਕਾਣਾ ਸਾਹਿਬ
ਡਾ: ਆਸਾ ਸਿੰਘ ਘੁੰਮਣ


ਮਾਨਵਤਾ ਦੇ ਹਮਾਇਤੀ
ਡਾ. ਬੀ. ਆਰ. ਅੰਬੇਡਕਰ
ਹਰਜਿੰਦਰ ਸਿੰਘ ਭੱਟੀ


ਡਾ. ਜਸਵੰਤ ਸਿੰਘ ਨੇਕੀ
ਕਾਵਿ
ਵਿਚਾਰਧਾਰਕ ਅਧਿਐਨ
ਡਾ. ਰਾਮ ਮੂਰਤੀ

| Apni Aawaaz | Volume 5 | Issue 1 | January 2026 | RNI : PUNPUN/2022/82997 |
|---|---|---|---|---|













Printer, Publisher & Owner Surinder Singh Sunner. Printed at Appu Art Press, Shahkot (Jalandhar) Punjab-144702 and Published at 693, G.T.B. Nagar, Jalandhar Punjab-144001
Editor - Dr. Ram Murti
*Publication Date : 01/01/2026*

*ਪ੍ਰਿੰਟਰ, ਪਬਲਿਸ਼ਰ ਅਤੇ ਮਾਲਕ ਸੁਰਿੰਦਰ ਸਿੰਘ ਸੁੰਨੜ ਨੇ ਅੱਪੂ ਆਰਟ ਪ੍ਰੈਸ ਸ਼ਾਹਕੋਟ (ਜਲੰਧਰ) ਪੰਜਾਬ -1447002 ਤੋਂ ਛਪਵਾ ਕੇ 693 ਜੀ.ਟੀ.ਬੀ. ਨਗਰ, ਜਲੰਧਰ ਪੰਜਾਬ-144001 ਤੋਂ ਪ੍ਰਕਾਸ਼ਿਤ ਕੀਤਾ।*
*ਸੰਪਾਦਕ - ਡਾ. ਰਾਮ ਮੂਰਤੀ*
*ਪ੍ਰਕਾਸ਼ਕ ਮਿਤੀ : 01/01/2026*